


WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo By: Mangat Media Group




Vol-1 Issue - 06 16 July to 21 July Email: bcpunjabinews@gmail.com Website: www.bcpunjabinews.ca Phone: +1 604 750 4259

# ਬੀ.ਸੀ. 'ਚ ਪਹਿਲੀ ਵਾਰ ਬਣੇਗਾ ਅਸਥੀਆਂ ਵਿਸਰਜਨ ਲਈ ਸਮਰਪਿਤ ਸਥਾਨ

## ਡੈਲਟਾ ਵਿੱਚ ਫਰੇਜ਼ਰ ਦਰਿਆ ਕੰਢੇ ਹੋਵੇਗੀ ਵਿਸ਼ੇਸ਼ ਸਹੂਲਤ; ਦੱਖਣੀ ਏਸ਼ੀਆਈ ਭਾਈਚਾਰੇ ਸਮੇਤ ਹਰ ਧਰਮ ਦੇ ਲੋਕ ਕਰ ਸਕਣਗੇ ਅੰਤਿਮ ਰਸਮਾਂ






**ਡੈਲਟਾ (ਮਹੇਸ਼ਇੰਦਰ ਸਿੰਘ ਮਾਂਗਟ) :** ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਡੈਲਟਾ ਵਿਖੇ ਅਸਥੀਆਂ ਵਿਸਰਜਨ (ਅਸਹ ਧਿਸਪਏਰਸਓਲ) ਲਈ ਸਮਰਪਿਤ ਸਥਾਨ ਬਣਾਉਣ ਦਾ ਐਲਾਨ ਕੀਤਾ ਹੈ। ਇਸ ਪਹਿਲ ਨਾਲ ਖ਼ਾਸ ਕਰਕੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਵੱਡੀ ਰਾਹਤ ਮਿਲੇਗੀ, ਕਿਉਂਕਿ ਹੁਣ ਆਪਣੇ ਪਿਆਰਿਆਂ ਦੀਆਂ ਅੰਤਿਮ ਧਾਰਮਿਕ ਰਸਮਾਂ ਨਿਭਾਉਣ ਲਈ ਵਿਦੇਸ਼ ਜਾਣ ਜਾਂ ਅਸਥੀਆਂ ਵਿਦੇਸ਼ ਭੇਜਣ ਦੀ ਲੋੜ ਨਹੀਂ ਰਹੇਗੀ।

ਬੀ.ਸੀ. ਦੀ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਕਿਹਾ ਕਿ ਲੰਬੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਸੂਬੇ ਵਿੱਚ ਅਜਿਹਾ ਸਥਾਨ ਹੋਵੇ, ਜਿੱਥੇ ਪਰਿਵਾਰ ਆਪਣੀਆਂ ਧਾਰਮਿਕ ਅਤੇ ਸਭਿਆਚਾਰਕ ਪਰੰਪਰਾਵਾਂ ਅਨੁਸਾਰ ਸਨਮਾਨ ਨਾਲ ਅਸਥੀਆਂ ਵਿਸਰਜਿਤ ਕਰ ਸਕਣ। ਉਨ੍ਹਾਂ ਕਿਹਾ ਕਿ ਡੈਲਟਾ ਵਿੱਚ ਬਣਨ ਵਾਲਾ ਇਹ ਸਥਾਨ ਪਰਿਵਾਰਾਂ ਨੂੰ ਆਪਣੇ ਹੀ ਘਰ ਦੇ ਨੇੜੇ ਆਪਣੇ ਪਿਆਰਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਮੌਕਾ ਦੇਵੇਗਾ।

ਇਹ ਸਥਾਨ ਟਿਲਬਰੀ ਆਈਲੈਂਡ ਸਥਿਤ ਫਰੇਜ਼ਰ ਵਿਊਪੁਆਇੰਟ ਪਾਰਕ ਵਿੱਚ ਵਿਕਸਿਤ ਕੀਤਾ ਜਾਵੇਗਾ। ਪਾਰਕ ਵਿੱਚ ਇਕੱਠੇ ਹੋਣ ਲਈ ਵਿਸ਼ੇਸ਼ ਜਗ੍ਹਾ, ਬੈਠਣ ਦੀ ਵਿਵਸਥਾ ਅਤੇ ਫਰੇਜ਼ਰ ਦਰਿਆ ਤੱਕ ਸੁਰੱਖਿਅਤ ਪਹੁੰਚ ਯਕੀਨੀ ਬਣਾਈ ਜਾਵੇਗੀ, ਤਾਂ ਜੋ ਲੋਕ ਸਨਮਾਨ ਨਾਲ ਅੰਤਿਮ ਰਸਮਾਂ ਨਿਭਾ ਸਕਣ।

ਡੈਲਟਾ ਦੇ ਮੇਅਰ ਜਾਰਜ ਹਰਵੀ ਨੇ ਕਿਹਾ ਕਿ ਇਹ ਪ੍ਰੋਜੈਕਟ ਸ਼ਹਿਰ ਦੀ ਸੱਭਿਆਚਾਰਕ ਵਿਭਿੰਨਤਾ ਅਤੇ ਧਾਰਮਿਕ ਵਿਸ਼ਵਾਸਾਂ ਦਾ ਸਨਮਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਇਸ ਪ੍ਰੋਜੈਕਟ ਲਈ 2 ਲੱਖ 25 ਹਜ਼ਾਰ ਡਾਲਰ ਤੱਕ ਦਾ ਯੋਗਦਾਨ ਦੇ ਰਿਹਾ ਹੈ, ਜਿਸ ਨਾਲ ਪਾਰਕ ਵਿੱਚ ਲੋੜੀਂਦੇ ਵਿਕਾਸ ਕਾਰਜ ਕੀਤੇ ਜਾਣਗੇ।

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਰਣਜੀਤ ਹੇਅਰ ਨੇ ਇਸ ਨੂੰ ਸਮੁੱਚੇ ਬ੍ਰਿਟਿਸ਼ ਕੋਲੰਬੀਆ ਅਤੇ ਵਿਸ਼ੇਸ਼ ਤੌਰ 'ਤੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਇਤਿਹਾਸਕ ਫ਼ੈਸਲਾ ਕਰਾਰ ਦਿੰਦਿਆਂ ਕਿਹਾ ਕਿ ਹੁਣ ਲੋਕ ਆਪਣੀਆਂ ਧਾਰਮਿਕ ਪਰੰਪਰਾਵਾਂ ਅਨੁਸਾਰ ਆਪਣੇ ਪਿਆਰਿਆਂ ਦੀਆਂ ਅੰਤਿਮ ਰਸਮਾਂ ਸੂਬੇ ਦੇ ਅੰਦਰ ਹੀ ਅਦਾ ਕਰ ਸਕਣਗੇ।

ਡੈਲਟਾ ਨਾਰਥ ਤੋਂ ਵਿਧਾਇਕ ਰਵੀ ਕਾਹਲੋਂ ਨੇ ਕਿਹਾ ਕਿ ਇਹ ਪਹਿਲ ਸਮਾਜਿਕ ਸਮਾਵੇਸ਼ ਅਤੇ ਸੱਭਿਆਚਾਰਕ ਸਨਮਾਨ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਹੁਣ ਪਰਿਵਾਰਾਂ ਨੂੰ ਆਪਣੇ ਧਾਰਮਿਕ ਫ਼ਰਜ਼ ਨਿਭਾਉਣ ਲਈ ਵਿਦੇਸ਼ਾਂ ਦਾ ਰੁਖ਼ ਨਹੀਂ ਕਰਨਾ ਪਵੇਗਾ।

ਇਸ ਦੇ ਨਾਲ ਹੀ ਬੀ.ਸੀ. ਸਰਕਾਰ ਨੇ ਸੂਬੇ ਦੀਆਂ ਹੋਰ ਨਗਰ ਪਾਲਿਕਾਵਾਂ ਲਈ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਤਾਂ ਜੋ ਉਹ ਕ੍ਰਾਊਨ ਲੈਂਡ 'ਤੇ ਇਸ ਤਰ੍ਹਾਂ ਦੇ ਅਸਥੀਆਂ ਵਿਸਰਜਨ ਸਥਾਨ ਸਥਾਪਤ ਕਰ ਸਕਣ। ਸਰਕਾਰ ਨੇ ਕਿਹਾ ਹੈ ਕਿ ਇੱਛੁਕ ਨਗਰ ਪਾਲਿਕਾਵਾਂ ਨੂੰ ਮਨਜ਼ੂਰੀ ਪ੍ਰਕਿਰਿਆ ਅਤੇ ਹੋਰ ਲੋੜੀਂਦੇ ਸਹਿਯੋਗ ਵਿੱਚ ਪੂਰੀ ਮਦਦ ਦਿੱਤੀ ਜਾਵੇਗੀ। ਇਸ ਪਹਿਲ ਨੂੰ ਬਹੁ-ਸੱਭਿਆਚਾਰਕ ਬ੍ਰਿਟਿਸ਼ ਕੋਲੰਬੀਆ ਵਿੱਚ ਵੱਖ-ਵੱਖ ਧਰਮਾਂ ਅਤੇ ਰਵਾਇਤਾਂ ਦਾ ਸਨਮਾਨ ਕਰਨ ਵੱਲ ਇੱਕ ਅਹਿਮ ਅਤੇ ਇਤਿਹਾਸਕ ਕਦਮ ਮੰਨਿਆ ਜਾ ਰਿਹਾ ਹੈ।




# ਅਮਰੀਕੀ ਹਵਾਈ ਫੌਜ ਦੀ ਅਕੈਡਮੀ ਵਿੱਚ ਇਤਿਹਾਸ ਰਚਿਆ ਚਿਰਾਗ ਵੀਰ ਸਿੰਘ ਸਰਾਓ ਨੇ; ਪਹਿਲੇ ਕੇਸਧਾਰੀ ਸਿੱਖ ਕੈਡੇਟ ਵਜੋਂ ਮਿਲੀ ਐਂਟਰੀ

ਅਮਰੀਕਾ ਵਿੱਚ ਵਸਦੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸਿੱਖ ਨੌਜਵਾਨ ਚਿਰਾਗ ਵੀਰ ਸਿੰਘ ਸਰਾਓ ਨੇ ਇਤਿਹਾਸ ਰਚਦਿਆਂ ਕੋਲੋਰੈਡੋ ਸਪ੍ਰਿੰਗਜ਼ ਸਥਿਤ ਵੱਕਾਰੀ ਯੂ.ਐੱਸ. ਏਅਰ ਫੋਰਸ ਅਕੈਡਮੀ ਵਿੱਚ ਦਾਖ਼ਲਾ ਲੈਣ ਵਾਲੇ ਪਹਿਲੇ ਕੇਸਧਾਰੀ ਸਿੱਖ ਅਮਰੀਕੀ ਬਣਨ ਦਾ ਮਾਣ ਹਾਸਲ ਕੀਤਾ ਹੈ। ਇਸ ਇਤਿਹਾਸਕ ਪ੍ਰਾਪਤੀ ਦੀ ਪੁਸ਼ਟੀ ਅਮਰੀਕਨ ਸਿੱਖ ਕੌਂਸਲ ਵੱਲੋਂ ਅਧਿਕਾਰਤ ਤੌਰ 'ਤੇ ਕੀਤੀ ਗਈ ਹੈ।

ਕੌਂਸਲ ਮੁਤਾਬਕ ਚਿਰਾਗ ਵੀਰ ਸਿੰਘ ਸਰਾਓ ਨੂੰ 4 ਅਪਰੈਲ ਨੂੰ ਅਕੈਡਮੀ ਲਈ ਨਿਯੁਕਤ ਕੀਤਾ ਗਿਆ ਸੀ। ਲੰਬੀ ਪ੍ਰਸ਼ਾਸਕੀ ਅਤੇ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ 20 ਜੂਨ ਨੂੰ ਉਨ੍ਹਾਂ ਨੂੰ ਵਿਸ਼ੇਸ਼ ਧਾਰਮਿਕ ਛੋਟਪ੍ਰਦਾਨ ਕੀਤੀ ਗਈ। ਇਸ ਇਜਾਜ਼ਤ ਤਹਿਤ ਉਹ ਆਪਣੇ ਕੇਸ, ਦਾੜ੍ਹੀ ਅਤੇ ਹੋਰ ਸਿੱਖ ਧਾਰਮਿਕ ਚਿੰਨ੍ਹਾਂ ਨੂੰ ਬਰਕਰਾਰ ਰੱਖਦੇ ਹੋਏ ਅਮਰੀਕੀ ਹਵਾਈ ਫੌਜ ਵਿੱਚ ਸੇਵਾ ਨਿਭਾ ਸਕਣਗੇ, ਜੋ ਧਾਰਮਿਕ ਆਜ਼ਾਦੀ ਅਤੇ ਸਮਾਨ ਮੌਕਿਆਂ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਚਿਰਾਗ ਵੀਰ ਸਿੰਘ ਸਰਾਓ ਨੇ 24 ਜੂਨ ਨੂੰ ਅਕੈਡਮੀ ਦੇ ਇਨ-ਪ੍ਰੋਸੈਸਿੰਗ ਡੇ ਮੌਕੇ ਅਧਿਕਾਰਤ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਵੇਲੇ ਉਹ ਛੇ ਹਫ਼ਤਿਆਂ ਦੀ ਸਖ਼ਤ ਮਿਲਟਰੀ ਸਿਖਲਾਈ ਵਿੱਚ ਹਿੱਸਾ ਲੈ ਰਹੇ ਹਨ, ਜੋ ਹਰ ਨਵੇਂ ਕੈਡੇਟ ਲਈ ਲਾਜ਼ਮੀ ਹੁੰਦੀ ਹੈ ਅਤੇ ਜਿਸ ਰਾਹੀਂ ਉਨ੍ਹਾਂ ਨੂੰ ਫੌਜੀ ਅਨੁਸ਼ਾਸਨ, ਲੀਡਰਸ਼ਿਪ ਅਤੇ ਸਰੀਰਕ ਤੰਦਰੁਸਤੀ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।



ਯੂ.ਐੱਸ. ਏਅਰ ਫੋਰਸ ਅਕੈਡਮੀ ਵਿੱਚ ਚੋਣ ਤੋਂ ਪਹਿਲਾਂ ਵੀ ਚਿਰਾਗ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਸੀ। ਉਨ੍ਹਾਂ ਨੂੰ ਏਅਰ ਫੋਰਸ ਰਿਜ਼ਰਵ ਅਫਸਰਸ ਟ੍ਰੇਨਿੰਗ ਕੋਰ ਅਤੇ ਨੇਵਲ ਦੋਵਾਂ ਵੱਲੋਂ ਪੂਰੀ ਸਕਾਲਰਸ਼ਿਪ ਦੀ ਪੇਸ਼ਕਸ਼ ਮਿਲੀ ਸੀ। ਇਸ ਤੋਂ ਇਲਾਵਾ ਅਮਰੀਕਾ ਦੀਆਂ ਨਾਮਵਰ ਸੰਸਥਾਵਾਂ ਯੂਨੀਵਰਸਿਟੀ ਆਫ਼ ਸਦਰਨ ਕੈਲੀਫੋਰਨੀਆ ਅਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵੱਲੋਂ ਵੀ ਉਨ੍ਹਾਂ ਨੂੰ ਦਾਖ਼ਲੇ ਦੀ ਪੇਸ਼ਕਸ਼ ਕੀਤੀ ਗਈ ਸੀ। ਅਮਰੀਕਨ ਸਿੱਖ ਕੌਂਸਲ ਨੇ ਚਿਰਾਗ ਦੀਆਂ ਹੋਰ ਉਪਲਬਧੀਆਂ ਦਾ ਵੀ ਜ਼ਿਕਰ ਕੀਤਾ। ਉਹ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਖੇਡਾਂ ਅਤੇ ਲੀਡਰਸ਼ਿਪ ਗਤੀਵਿਧੀਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਰਹੇ ਹਨ। ਉਹ ਸਕਾਊਟਿੰਗ ਦੇ ਸਰਵਉੱਚ ਸਨਮਾਨ ਈਗਲ ਸਕਾਊਟ ਹਾਸਲ ਕਰ ਚੁੱਕੇ ਹਨ, ਤਾਇਕਵਾਂਡੋ ਵਿੱਚ ਸੈਕੰਡ-ਡਿਗਰੀ ਬਲੈਕ ਬੈਲਟ ਧਾਰਕ ਹਨ ਅਤੇ ਯੂਨੀਵਰਸਿਟੀ ਦੀ ਵਾਰਸਿਟੀ ਵਾਟਰ ਪੋਲੋ ਟੀਮ ਦੀ ਨੁਮਾਇੰਦਗੀ ਵੀ ਕਰਦੇ ਰਹੇ ਹਨ।

ਜ਼ਿਕਰਯੋਗ ਹੈ ਕਿ ਕੋਲੋਰੈਡੋ ਸਪ੍ਰਿੰਗਜ਼ ਵਿੱਚ ਸਥਿਤ ਯੂਨਾਈਟਿਡ ਸਟੇਟਸ ਏਅਰ ਫੋਰਸ ਅਕੈਡਮੀ ਅਮਰੀਕਾ ਦੀਆਂ ਪੰਜ ਪ੍ਰਮੁੱਖ ਸੰਘੀ ਸੇਵਾ ਅਕੈਡਮੀਆਂ ਵਿੱਚੋਂ ਇੱਕ ਹੈ। ਇੱਥੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇ ਨਾਲ ਮਿਲਟਰੀ ਅਨੁਸ਼ਾਸਨ, ਲੀਡਰਸ਼ਿਪ ਅਤੇ ਰਾਸ਼ਟਰੀ ਸੇਵਾ ਦੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾਂਦੀ ਹੈ। ਅਕੈਡਮੀ ਤੋਂ ਗ੍ਰੈਜੂਏਟ ਹੋਣ ਵਾਲੇ ਕੈਡੇਟਾਂ ਨੂੰ ਸਿੱਧੇ ਅਮਰੀਕੀ ਹਵਾਈ ਫੌਜ ਜਾਂ ਅਮਰੀਕੀ ਸਪੇਸ ਫੋਰਸ ਵਿੱਚ ਸੈਕੰਡ ਲੈਫਟੀਨੈਂਟ ਵਜੋਂ ਨਿਯੁਕਤ ਕੀਤਾ ਜਾਂਦਾ ਹੈ।


















# ਕੈਨੇਡਾ ਟੈਬਲਾਇਡ’ ਮੈਗਜ਼ੀਨ ਦਾ ਜੁਲਾਈ ਅੰਕ ਲੋਕ ਅਰਪਣ , ਸਰੀ ਵਿੱਚ ਪ੍ਰਭਾਵਸ਼ਾਲੀ ਸਮਾਗਮ

## ਸੰਸਦ ਮੈਂਬਰਾਂ, ਵਿਧਾਇਕਾਂ, ਮੇਅਰ, ਕੌਂਸਲਰਾਂ ਅਤੇ ਭਾਈਚਾਰੇ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

**ਸਰੀ (ਮਹੇਸ਼ਇੰਦਰ ਸਿੰਘ ਮਾਂਗਟ )** ਕੈਨੇਡਾ ਟੈਬਲਾਇਡ’ ਮੈਗਜ਼ੀਨ ਦੇ ਜੁਲਾਈ ਅੰਕ ਨੂੰ ਲੋਕ ਅਰਪਣ ਕਰਨ ਲਈ ਸਰੀ ਵਿੱਚ ਇੱਕ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਨਾਲ-ਨਾਲ ਵੱਖ-ਵੱਖ ਭਾਈਚਾਰਿਆਂ ਨਾਲ ਸੰਬੰਧਿਤ ਰਾਜਨੀਤਿਕ ਆਗੂਆਂ, ਸਮਾਜ ਸੇਵਕਾਂ, ਕਾਰੋਬਾਰੀ ਆਗੂਆਂ ਅਤੇ ਮੀਡੀਆ ਜਗਤ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

ਸਮਾਗਮ ਵਿੱਚ ਸੰਸਦ ਮੈਂਬਰ ਸੁਖ ਧਾਲੀਵਾਲ, ਗੁਰਬਖ਼ਸ ਸੈਣੀ ਅਤੇ ਰਣਦੀਪ ਸਿੰਘ ਸਰਾਏ, ਵਿਧਾਇਕ ਲਿੰਡਾ ਹੈਪਨਰ ਅਤੇ ਪੀਟਰ ਮਿਲੋਬਾਰ, ਸਰੀ ਦੀ ਮੇਅਰ ਬਰੈਂਡਾ ਲੋਕ, ਕੌਂਸਲਰ ਰੌਬ ਸਟੱਟ ਅਤੇ ਕੌਂਸਲਰ ਉਮੀਦਵਾਰ ਰੋਨਾ ਟੈੱਪਰ, ਨਿਓਮੀ, ਗਗਨ ਨਾਹਨ ਅਤੇ ਪਵਨ ਜੋਸ਼ੀ ਸਮੇਤ ਕਈ ਪ੍ਰਮੁੱਖ ਮਹਿਮਾਨਾਂ ਨੇ ਸ਼ਮੂਲੀਅਤ ਕਰਕੇ ਮੈਗਜ਼ੀਨ ਦੀ ਟੀਮ ਨੂੰ ਵਧਾਈ ਦਿੱਤੀ।




ਇਸ ਮੌਕੇ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ‘ਕੈਨੇਡਾ ਟੈਬਲਾਇਡ’ ਦੇ ਐਡੀਟਰ ਜਸਵਿੰਦਰ ਸਿੰਘ ਦਿਲਾਵਰੀ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਗਜ਼ੀਨ ਦਾ ਮਕਸਦ ਭਾਈਚਾਰੇ ਦੀਆਂ ਪ੍ਰਾਪਤੀਆਂ, ਸਮਾਜਿਕ ਸਰੋਕਾਰਾਂ ਅਤੇ ਮਹੱਤਵਪੂਰਨ ਮੁੱਦਿਆਂ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ।

ਸਮਾਗਮ ਦੌਰਾਨ ਹਰਪ੍ਰੀਤ ਸਿੰਘ ਮਨਕਟਾਲਾ, ਅਵਤਾਰ ਸਿੰਘ ਧਨੋਆ, ਐਡਵੋਕੇਟ ਗਗਨ ਨਾਹਲ, ਇੰਦਰਜੀਤ ਸਿੰਘ ਲੱਦੜ, ਸੰਦੀਪ ਸਿੰਘ ਧੰਜੂ, ਲਖਵੀਰ ਸਿੰਘ ਗਰੇਵਾਲ, ਜਗਪਾਲ ਸਿੰਘ ਲਿੱਟ, ਹਰਪ੍ਰੀਤ ਸਿੰਘ ਹੈਰੀ, ਜਸ਼ਨਜੀਤ ਸਿੰਘ ਥਿੰਦ, ਡਾ. ਅਸਲਾਜੂਰ ਰਹਮਾਨ, ਮਨਜੀਤ ਸਿੰਘ ਚੀਮਾ, ਅਮਰਤਪਾਲ ਸਿੰਘ ਤੋਠ, ਦਵਿੰਦਰ ਸਿੰਘ ਸ਼ੇਰਗਿਲ, ਗੌਰਵਦੀਪ ਵਾਲੀਆ, ਹਰਵਿੰਦਰ ਸਿੰਘ ਖਾਲਸਾ ਅਤੇ ਹੋਰ ਅਨੇਕਾਂ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਸਨ।

ਸਮਾਗਮ ਦੌਰਾਨ ਮਹਿਮਾਨਾਂ ਨੇ ‘ਕੈਨੇਡਾ ਟੈਬਲਾਇਡ’ ਵੱਲੋਂ ਭਾਈਚਾਰੇ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਭਾਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਮੈਗਜ਼ੀਨ ਦੀ ਟੀਮ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਚੋਥਾ ਦਸ਼ਮੇਸ਼ ਫੀਲਡ ਹਾਕੀ ਟੂਰਨਾਮੈਂਟ 17 ਤੋਂ 19 ਜੁਲਾਈ ਤੱਕ ਸਰੀ ਦੇ ਟਮਾਨਾਵਿਸ ਪਾਰਕ ਵਿੱਚ

## ਪ੍ਰੀਮੀਅਰ ਅਤੇ ਕੰਪੀਟੀਟਿਵ ਟੀਮਾਂ ਦਾ ਹੋਵੇਗਾ ਰੋਮਾਂਚਕ ਮੁਕਾਬਲਾ, ਰਜਿਸਟਰਡ ਟੀਮਾਂ ਦੀ ਗਿਣਤੀ ਅਨੁਸਾਰ ਦਿੱਤੇ ਜਾਣਗੇ ਨਕਦ ਇਨਾਮ




**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ).:** ਦਸ਼ਮੇਸ਼ ਫੀਲਡ ਹਾਕੀ ਕਲੱਬ ਵੱਲੋਂ ਚੋਥਾ ਦਸ਼ਮੇਸ਼ ਫੀਲਡ ਹਾਕੀ ਟੂਰਨਾਮੈਂਟ 17 ਤੋਂ 19 ਜੁਲਾਈ, 2026 ਤੱਕ ਸਰੀ ਦੇ ਤਮਾਨਾਵਿਸ ਪਾਰਕ ਵਿਖੇ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਵਿੱਚ ਪ੍ਰੀਮੀਅਰ ਅਤੇ ਕੰਪੀਟੀਟਿਵ ਵਰਗ ਦੀਆਂ ਟੀਮਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ।

ਟੂਰਨਾਮੈਂਟ ਦੌਰਾਨ ਖੇਡ ਭਾਵਨਾ, ਟੀਮ ਵਰਕ ਅਤੇ ਉੱਚ ਪੱਧਰੀ ਮੁਕਾਬਲੇ ਦੇਖਣ ਨੂੰ ਮਿਲਣਗੇ। ਪ੍ਰਬੰਧਕਾਂ ਅਨੁਸਾਰ ਰਜਿਸਟਰ ਹੋਣ ਵਾਲੀਆਂ ਟੀਮਾਂ ਦੀ ਗਿਣਤੀ ਦੇ ਆਧਾਰ ‘ਤੇ ਜੇਤੂ ਟੀਮਾਂ ਨੂੰ ਆਕਰਸ਼ਕ ਨਕਦ ਇਨਾਮ ਦਿੱਤੇ ਜਾਣਗੇ।

ਦਸ਼ਮੇਸ਼ ਫੀਲਡ ਹਾਕੀ ਕਲੱਬ ਦਾ ਮੰਤਵ ਖਿਡਾਰੀਆਂ ਵਿੱਚ ਜਿੱਤ ਦਾ ਜਜ਼ਬਾ, ਸਖ਼ਤ ਮੁਕਾਬਲੇ ਦੀ ਭਾਵਨਾ, ਟੀਮ ਸਪਿਰਟ ਅਤੇ ਖੇਡ ਪ੍ਰਤੀ ਜਨੂੰਨ ਨੂੰ ਉਤਸ਼ਾਹਿਤ ਕਰਨਾ ਹੈ। ਕਲੱਬ ਨੇ ਸਾਰੀਆਂ ਯੋਗ ਟੀਮਾਂ ਨੂੰ ਸਮੇਂ ਸਿਰ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ ਹੈ।

# ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ 2 ਅਗਸਤ ਨੂੰ ਸਰੀ ਦੇ ਬੇਅਰ ਕ੍ਰੀਕ ਪਾਰਕ ਵਿੱਚ ਲੱਗੇਗਾ,30ਵਾਂ ‘ਗ਼ਦਰੀ ਬਾਬਿਆਂ ਦਾ ਮੇਲਾ’

## ਗ਼ਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਨੂੰ ਕੀਤਾ ਜਾਵੇਗਾ ਸਮਰਪਿਤ, ਪਰਿਵਾਰਾਂ ਸਮੇਤ ਸ਼ਮੂਲੀਅਤ ਲਈ ਖੁੱਲ੍ਹਾ ਸੱਦਾ




**ਸਰੀ (ਮਹੇਸ਼ਇੰਦਰ ਸਿੰਘ ਮਾਂਗਟ):** ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 30ਵਾਂ ‘ਗ਼ਦਰੀ ਬਾਬਿਆਂ ਦਾ ਮੇਲਾ’ 2 ਅਗਸਤ 2026, ਦਿਨ ਐਤਵਾਰ ਨੂੰ ਸਰੀ ਦੇ ਬੇਅਰ ਕ੍ਰੀਕ ਪਾਰਕ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਾਲ ਦਾ ਮੇਲਾ ਗ਼ਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਦੇ ਮਹਾਨ ਸ਼ਹੀਦਾਂ ਅਤੇ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ।

ਮੇਲੇ ਦੇ ਪ੍ਰਬੰਧਕ ਸਾਹਿਬ ਸਿੰਘ ਥਿੰਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਇੱਕ ਵਿਸ਼ਾਲ ਸਭਿਆਚਾਰਕ ਅਤੇ ਪਰਿਵਾਰਕ ਮੇਲਾ ਹੈ, ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਅਤੇ ਉੱਚ ਕੋਟੀ ਦੇ ਕਲਾਕਾਰ ਆਪਣੀ ਗਾਇਕੀ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਉਨ੍ਹਾਂ ਕਿਹਾ ਕਿ ਮੇਲੇ ਦਾ ਮੁੱਖ ਉਦੇਸ਼ ਪੰਜਾਬ ਦੇ ਅਮੀਰ ਵਿਰਸੇ, ਇਤਿਹਾਸ ਅਤੇ ਸ਼ਹੀਦੀ ਪਰੰਪਰਾ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ।

ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਦਾਖਲਾ ਪੂਰੀ ਤਰ੍ਹਾਂ ਮੁਫ਼ਤ ਹੋਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਟਿਕਟ ਨਹੀਂ ਰੱਖੀ ਗਈ। ਇਸ ਲਈ ਸਮੂਹ ਭਾਈਚਾਰੇ ਨੂੰ ਆਪਣੇ ਪਰਿਵਾਰਾਂ ਅਤੇ ਦੋਸਤਾਂ ਸਮੇਤ ਮੇਲੇ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ।

ਪ੍ਰਬੰਧਕਾਂ ਨੇ ਸਮੂਹ ਮੇਲਾ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਉਹ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਇਤਿਹਾਸਕ ਅਤੇ ਸੱਭਿਆਚਾਰਕ ਸਮਾਗਮ ਦੀ ਰੌਣਕ ਵਿੱਚ ਵਾਧਾ ਕਰਨ ਅਤੇ ਗ਼ਦਰੀ ਬਾਬਿਆਂ ਦੇ ਸੰਘਰਸ਼ ਅਤੇ ਕੁਰਬਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਨ।






# ਸੰਪਾਦਕੀ

## ਭਾਰਤੀ ਸਮੁੰਦਰੀ ਕਾਮਿਆਂ ਦੀ ਸੁਰੱਖਿਆ

ਪੱਛਮੀ ਏਸ਼ੀਆ ਵਿੱਚ ਲਗਾਤਾਰ ਵਧ ਰਹੇ ਜੰਗੀ ਤਣਾਅ ਅਤੇ ਖ਼ਾਸ ਤੌਰ 'ਤੇ ਹੋਰਮੁਜ਼ ਜਲਡਮਰੂ ਵਿੱਚ ਵਪਾਰਕ ਜਹਾਜ਼ਾਂ ਉੱਤੇ ਹੋ ਰਹੇ ਹਮਲਿਆਂ ਨੇ ਸਮੁੰਦਰੀ ਆਵਾਜਾਈ ਨਾਲ ਜੁੜੇ ਸੁਰੱਖਿਆ ਮਾਮਲਿਆਂ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਇਸ ਸਥਿਤੀ ਨੂੰ ਦੇਖਦਿਆਂ ਭਾਰਤ ਸਰਕਾਰ ਨੇ ਵਿਦੇਸ਼ੀ ਝੰਡਿਆਂ ਹੇਠ ਚੱਲ ਰਹੇ ਜਹਾਜ਼ਾਂ 'ਤੇ ਤਾਇਨਾਤ ਭਾਰਤੀ ਸਮੁੰਦਰੀ ਕਾਮਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇੱਕ ਰੀਅਲ-ਟਾਈਮ ਆਪਰੇਸ਼ਨਲ ਡੈਸ਼ਬੋਰਡ ਤਿਆਰ ਕਰਨ ਦੀ ਯੋਜਨਾ ਬਣਾਈ ਹੈ। ਇਸ ਨਵੀਂ ਪ੍ਰਣਾਲੀ ਰਾਹੀਂ ਹਰ ਸਮੇਂ ਭਾਰਤੀ ਸਮੁੰਦਰੀ ਕਾਮਿਆਂ ਦੀ ਸਥਿਤੀ, ਉਨ੍ਹਾਂ ਦੇ ਜਹਾਜ਼ਾਂ ਦੀ ਲੋਕੇਸ਼ਨ ਅਤੇ ਸੰਭਾਵਿਤ ਖ਼ਤਰਿਆਂ ਉੱਤੇ ਨਜ਼ਰ ਰੱਖੀ ਜਾ ਸਕੇਗੀ।

ਭਾਰਤ ਦੁਨੀਆ ਦੇ ਸਭ ਤੋਂ ਵੱਡੇ ਸਮੁੰਦਰੀ ਕਾਮੇ ਮੁਹੱਈਆ ਕਰਵਾਉਣ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਹਜ਼ਾਰਾਂ ਭਾਰਤੀ ਸਮੁੰਦਰੀ ਕਾਮੇ ਅੰਤਰਰਾਸ਼ਟਰੀ ਸਮੁੰਦਰੀ ਰਸਤਿਆਂ 'ਤੇ ਵੱਖ-ਵੱਖ ਦੇਸ਼ਾਂ ਦੇ ਝੰਡਿਆਂ ਹੇਠ ਚੱਲ ਰਹੇ ਜਹਾਜ਼ਾਂ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਵਿਸ਼ਵ ਵਪਾਰ ਅਤੇ ਊਰਜਾ ਸਪਲਾਈ ਲੜੀ ਨੂੰ ਨਿਰੰਤਰ ਚਲਾਉਣ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ, ਪਰ ਜਦੋਂ ਜੰਗੀ ਟਕਰਾਅ ਜਾਂ ਸਮੁੰਦਰੀ ਹਮਲਿਆਂ ਵਰਗੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ ਤਾਂ ਉਹ ਅਕਸਰ ਸਭ ਤੋਂ ਵੱਧ ਖ਼ਤਰੇ ਦਾ ਸਾਹਮਣਾ ਕਰਦੇ ਹਨ।

ਇਸੇ ਚੁਣੌਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ "ਸੀਫੇਅਰਰ ਫਸਟ" (ਨਾਵਿਕ ਪਹਿਲਾਂ) ਨੀਤੀ ਨੂੰ ਅਪਣਾਉਂਦਿਆਂ ਸਿਰਫ਼ ਸੰਕਟ ਆਉਣ ਤੋਂ ਬਾਅਦ ਕਾਰਵਾਈ ਕਰਨ ਦੀ ਬਜਾਏ ਪਹਿਲਾਂ ਹੀ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਵੱਲ ਕਦਮ ਵਧਾਇਆ ਹੈ। ਪ੍ਰਸਤਾਵਿਤ ਰੀਅਲ-ਟਾਈਮ ਡੈਸ਼ਬੋਰਡ ਜਹਾਜ਼ ਦੀ ਮੌਜੂਦਾ ਸਥਿਤੀ, ਉਸ ਦੀ ਮਾਲਕੀ, ਯਾਤਰਾ ਦਾ ਰੂਟ, ਚਾਲਕ ਦਲ ਦੀ ਭਲਾਈ, ਲੱਦੇ ਹੋਏ ਮਾਲ ਦੀ ਜਾਣਕਾਰੀ ਅਤੇ ਸੰਭਾਵਿਤ ਸੁਰੱਖਿਆ ਖ਼ਤਰਿਆਂ ਦਾ ਲਗਾਤਾਰ ਮੁਲਾਂਕਣ ਕਰਨ ਵਿੱਚ ਮਦਦ ਕਰੇਗਾ। ਇਸ ਨਾਲ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਫ਼ੈਸਲੇ ਲੈਣ ਅਤੇ ਰਾਹਤ ਕਾਰਵਾਈਆਂ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਉਣਾ ਸੰਭਵ ਹੋਵੇਗਾ।

ਸਰਕਾਰ ਵੱਲੋਂ ਪ੍ਰਭਾਵਿਤ ਸਮੁੰਦਰੀ ਕਾਮਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਵਿਸ਼ੇਸ਼ ਸੰਪਰਕ ਅਧਿਕਾਰੀ ਨਿਯੁਕਤ ਕਰਨ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ। ਇਹ ਅਧਿਕਾਰੀ ਪਰਿਵਾਰਾਂ ਨੂੰ ਸਮੇਂ ਸਿਰ ਜਾਣਕਾਰੀ ਦੇਣ, ਡਾਕਟਰੀ ਸਹਾਇਤਾ, ਵਤਨ ਵਾਪਸੀ ਦੀ ਵਿਵਸਥਾ ਅਤੇ ਮੁਆਵਜ਼ੇ ਸਬੰਧੀ ਸਾਰੀ ਪ੍ਰਕਿਰਿਆ ਵਿੱਚ ਮਦਦ ਮੁਹੱਈਆ ਕਰਵਾਉਣਗੇ। ਇਸ ਤਰ੍ਹਾਂ ਦਾ ਸੰਗਠਿਤ ਪ੍ਰਬੰਧ ਕਿਸੇ ਵੀ ਸੰਕਟ ਦੀ ਘੜੀ ਵਿੱਚ ਪਰਿਵਾਰਾਂ ਦੀ ਚਿੰਤਾ ਘਟਾਉਣ ਅਤੇ ਸਰਕਾਰੀ ਸਹਾਇਤਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਮੌਜੂਦਾ ਹਾਲਾਤਾਂ ਵਿੱਚ ਭਾਰਤ ਲਈ ਸਿਰਫ਼ ਆਪਣੇ ਸਮੁੰਦਰੀ ਕਾਮਿਆਂ ਦੀ ਸੁਰੱਖਿਆ ਹੀ ਨਹੀਂ, ਸਗੋਂ ਸਮੁੰਦਰੀ ਆਵਾਜਾਈ ਦੀ ਸੁਤੰਤਰਤਾ ਅਤੇ ਅੰਤਰਰਾਸ਼ਟਰੀ ਜਲ ਮਾਰਗਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਵੀ ਇੱਕ ਮਹੱਤਵਪੂਰਨ ਰਣਨੀਤਕ ਜ਼ਿੰਮੇਵਾਰੀ ਬਣ ਚੁੱਕੀ ਹੈ। ਇਸ ਲਈ ਭਾਰਤ ਵੱਲੋਂ ਖੇਤਰੀ ਦੇਸ਼ਾਂ ਨਾਲ ਕੂਟਨੀਤਿਕ ਸੰਪਰਕ ਮਜ਼ਬੂਤ ਕਰਨ ਅਤੇ ਅੰਤਰਰਾਸ਼ਟਰੀ ਸਮੁੰਦਰੀ ਕਾਨੂੰਨਾਂ ਦੀ ਪਾਲਣਾ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਹਾਲ ਹੀ ਵਿੱਚ ਹੋਰਮੁਜ਼ ਜਲਡਮਰੂ ਖੇਤਰ ਵਿੱਚ ਹੋਏ ਹਮਲਿਆਂ ਦੌਰਾਨ ਭਾਰਤੀ ਸਮੁੰਦਰੀ ਕਾਮਿਆਂ ਦੀ ਮੌਤ ਤੋਂ ਬਾਅਦ ਕੇਂਦਰ ਸਰਕਾਰ ਨੇ ਸਖ਼ਤ ਰੁਖ਼ ਅਪਣਾਉਂਦਿਆਂ ਅਮਰੀਕਾ ਅਤੇ ਇਰਾਨ ਦੋਵਾਂ ਦੇ ਰਾਜਦੂਤਾਂ ਨੂੰ ਤਲਬ ਕਰਕੇ ਆਪਣਾ ਰੋਸ ਦਰਜ ਕਰਵਾਇਆ। ਸਰਕਾਰ ਨੇ ਸਪੱਸ਼ਟ ਕੀਤਾ ਕਿ ਅੰਤਰਰਾਸ਼ਟਰੀ ਜਲ ਮਾਰਗਾਂ ਵਿੱਚ ਹੋਣ ਵਾਲੀ ਕਿਸੇ ਵੀ ਹਿੰਸਕ ਘਟਨਾ ਦਾ ਸਿੱਧਾ ਅਸਰ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਅਤੇ ਵਿਸ਼ਵ ਵਪਾਰ ਉੱਤੇ ਪੈਂਦਾ ਹੈ।

ਹੋਰਮੁਜ਼ ਜਲਡਮਰੂ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਰਣਨੀਤਕ ਸਮੁੰਦਰੀ ਰਸਤਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿੱਥੋਂ ਵੱਡੀ ਮਾਤਰਾ ਵਿੱਚ ਕੱਚੇ ਤੇਲ ਅਤੇ ਹੋਰ ਵਪਾਰਕ ਸਮਾਨ ਦੀ ਆਵਾਜਾਈ ਹੁੰਦੀ ਹੈ। ਇਸ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਸਥਿਰਤਾ ਨਾ ਸਿਰਫ਼ ਵਿਸ਼ਵ ਊਰਜਾ ਸਪਲਾਈ ਅਤੇ ਵਪਾਰ ਲਈ ਚੁਣੌਤੀ ਬਣਦੀ ਹੈ, ਸਗੋਂ ਉੱਥੇ ਕੰਮ ਕਰ ਰਹੇ ਹਜ਼ਾਰਾਂ ਸਮੁੰਦਰੀ ਕਾਮਿਆਂ ਦੀ ਜਾਨ ਨੂੰ ਵੀ ਸਿੱਧਾ ਖ਼ਤਰਾ ਪੈਦਾ ਕਰਦੀ ਹੈ।

ਇਸ ਲਈ ਭਾਰਤੀ ਸਮੁੰਦਰੀ ਕਾਮਿਆਂ ਦੀ ਸੁਰੱਖਿਆ ਨੂੰ ਸਿਰਫ਼ ਇੱਕ ਮਾਨਵੀ ਮੁੱਦਾ ਨਹੀਂ, ਸਗੋਂ ਦੇਸ਼ ਦੀ ਸਮੁੰਦਰੀ ਨੀਤੀ, ਆਰਥਿਕ ਸੁਰੱਖਿਆ ਅਤੇ ਰਣਨੀਤਕ ਹਿਤਾਂ ਨਾਲ ਜੁੜੀ ਇੱਕ ਮਹੱਤਵਪੂਰਨ ਤਰਜੀਹ ਵਜੋਂ ਦੇਖਿਆ ਜਾ ਰਿਹਾ ਹੈ। ਸਰਕਾਰ ਦੀ ਨਵੀਂ ਨਿਗਰਾਨੀ ਪ੍ਰਣਾਲੀ ਅਤੇ ਤਾਲਮੇਲ ਵਾਲੇ ਉਪਰਾਲਿਆਂ ਨਾਲ ਭਵਿੱਖ ਵਿੱਚ ਸੰਕਟ ਦੀਆਂ ਸਥਿਤੀਆਂ ਦੌਰਾਨ ਭਾਰਤੀ ਸਮੁੰਦਰੀ ਕਾਮਿਆਂ ਨੂੰ ਹੋਰ ਪ੍ਰਭਾਵਸ਼ਾਲੀ ਸੁਰੱਖਿਆ ਅਤੇ ਮਦਦ ਮੁਹੱਈਆ ਕਰਵਾਉਣ ਦੀ ਉਮੀਦ ਜਤਾਈ ਜਾ ਰਹੀ ਹੈ।

# ਜਮਹੂਰੀਅਤ ਦੀ ਅਸਲ ਤਾਕਤ ਵੋਟ ਨਹੀਂ, ਸਗੋਂ ਲੋਕਾਂ ਦਾ ਵਿਸ਼ਵਾਸ

## ਵੋਟਰ ਸੂਚੀ ਸੁਧਾਈ 'ਤੇ ਉੱਠੇ ਸਵਾਲਾਂ ਨੇ ਵਧਾਈ ਚਿੰਤਾ



ਜਮਹੂਰੀ ਪ੍ਰਣਾਲੀ ਦੀ ਮਜ਼ਬੂਤੀ ਸਿਰਫ਼ ਚੋਣਾਂ ਕਰਵਾਉਣ ਜਾਂ ਬੈਲੇਟ ਬਾਕਸ ਤੱਕ ਸੀਮਿਤ ਨਹੀਂ ਹੁੰਦੀ, ਸਗੋਂ ਉਸ ਵਿਸ਼ਵਾਸ ਵਿੱਚ ਵੱਸਦੀ ਹੈ ਜੋ ਹਰ ਨਾਗਰਿਕ ਆਪਣੇ ਦੇਸ਼ ਦੀ ਪ੍ਰਣਾਲੀ ਉੱਤੇ ਰੱਖਦਾ ਹੈ। ਵੋਟ ਪੰਜ ਸਾਲਾਂ ਵਿੱਚ ਇੱਕ ਵਾਰ ਪੈਂਦੀ ਹੈ, ਪਰ ਲੋਕਤੰਤਰ ਉੱਤੇ ਭਰੋਸਾ ਹਰ ਰੋਜ਼ ਅਤੇ ਹਰ ਪਲ ਜਿਉਂਦਾ ਰਹਿੰਦਾ ਹੈ। ਜਦੋਂ ਨਾਗਰਿਕਾਂ ਦੇ ਮਨ ਵਿੱਚ ਇਹ ਸ਼ੱਕ ਪੈਦਾ ਹੋਣਾ ਸ਼ੁਰੂ ਹੋ ਜਾਵੇ ਕਿ ਉਨ੍ਹਾਂ ਦੀ ਪਛਾਣ, ਨਾਗਰਿਕਤਾ ਜਾਂ ਵੋਟ ਦਾ ਅਧਿਕਾਰ ਕਿਸੇ ਵੀ ਵੇਲੇ ਸਵਾਲਾਂ ਦੇ ਘੇਰੇ ਵਿੱਚ ਆ ਸਕਦਾ ਹੈ, ਤਾਂ ਇਹ ਸਿਰਫ਼ ਚੋਣੀ ਪ੍ਰਕਿਰਿਆ ਦਾ ਨਹੀਂ, ਸਗੋਂ ਪੂਰੇ ਜਮਹੂਰੀ ਢਾਂਚੇ ਦਾ ਮੁੱਦਾ ਬਣ ਜਾਂਦਾ ਹੈ।

ਇਸੇ ਪਿਛੋਕੜ ਵਿੱਚ ਸੰਯੁਕਤ ਰਾਸ਼ਟਰ ਦੇ ਤਿੰਨ ਵਿਸ਼ੇਸ਼ ਰਿਪੋਰਟੀਅਰਾਂ ਵੱਲੋਂ ਭਾਰਤ ਵਿੱਚ ਚੱਲ ਰਹੀ ਵਿਸ਼ੇਸ਼ ਵੋਟਰ ਸੂਚੀ ਸੁਧਾਈ (ਐੱਸ.ਆਈ.ਆਰ.) ਪ੍ਰਕਿਰਿਆ ਸਬੰਧੀ ਉਠਾਏ ਗਏ ਸਵਾਲਾਂ ਨੂੰ ਗੰਭੀਰਤਾ ਨਾਲ ਵੇਖਣ ਦੀ ਲੋੜ ਹੈ। ਇਹ ਕਿਸੇ ਰਾਜਨੀਤਿਕ ਪਾਰਟੀ ਦਾ ਬਿਆਨ ਨਹੀਂ, ਸਗੋਂ ਇੱਕ ਅਜਿਹਾ ਅੰਤਰਰਾਸ਼ਟਰੀ ਸੰਚਾਰ ਹੈ ਜਿਸ ਵਿੱਚ ਚੋਣੀ ਪ੍ਰਕਿਰਿਆ ਦੀ ਪਾਰਦਰਸ਼ਤਾ, ਨਾਗਰਿਕ ਅਧਿਕਾਰਾਂ ਦੀ ਸੁਰੱਖਿਆ, ਘੱਟ-ਗਿਣਤੀ ਭਾਈਚਾਰਿਆਂ ਉੱਤੇ ਪੈਣ ਵਾਲੇ ਪ੍ਰਭਾਵ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਵਰਗੇ ਮਹੱਤਵਪੂਰਨ ਮੁੱਦਿਆਂ ਵੱਲ ਧਿਆਨ ਦਿਵਾਇਆ ਗਿਆ ਹੈ।

ਇਹ ਵੀ ਉਨ੍ਹਾਂ ਹੀ ਸਪੱਸ਼ਟ ਹੈ ਕਿ ਹਰ ਦੇਸ਼ ਨੂੰ ਆਪਣੀਆਂ ਵੋਟਰ ਸੂਚੀਆਂ ਨੂੰ ਸਮੇਂ-ਸਮੇਂ 'ਤੇ ਦਰੁਸਤ ਕਰਨ ਦਾ ਪੂਰਾ ਹੱਕ ਹੈ। ਮਰ ਚੁੱਕੇ ਵਿਅਕਤੀਆਂ ਦੇ ਨਾਂ ਹਟਾਉਣਾ, ਪਤਾ ਬਦਲਣ ਵਾਲੇ ਵੋਟਰਾਂ ਦੇ ਵੇਰਵੇ ਠੀਕ ਕਰਨਾ ਜਾਂ ਗੈਰ-ਕਾਨੂੰਨੀ ਇੰਦਰਾਜਾਂ ਨੂੰ ਹਟਾਉਣਾ ਇੱਕ ਸਧਾਰਨ ਅਤੇ ਜ਼ਰੂਰੀ ਪ੍ਰਸ਼ਾਸਨਿਕ ਪ੍ਰਕਿਰਿਆ ਹੈ। ਪਰ ਅਸਲ ਸਵਾਲ ਇਸ ਅਧਿਕਾਰ 'ਤੇ ਨਹੀਂ, ਸਗੋਂ ਉਸ ਪ੍ਰਕਿਰਿਆ 'ਤੇ ਖੜ੍ਹਦਾ ਹੈ ਜਿਸ ਰਾਹੀਂ ਇਹ ਕੰਮ ਕੀਤਾ ਜਾਂਦਾ ਹੈ। ਜੇਕਰ ਪੂਰੀ ਕਾਰਵਾਈ ਪਾਰਦਰਸ਼ੀ ਨਾ ਹੋਵੇ ਤਾਂ ਚੰਗੀ ਨੀਅਤ ਵੀ ਸ਼ੱਕ ਦੇ ਘੇਰੇ ਵਿੱਚ ਆ ਸਕਦੀ ਹੈ।

ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਇਹ ਸਵਾਲ ਉਠਾਇਆ ਹੈ ਕਿ ਜੇ ਕਿਸੇ ਨਾਗਰਿਕ ਦਾ ਨਾਂ ਵੋਟਰ ਸੂਚੀ ਵਿੱਚੋਂ ਹਟਾਇਆ ਗਿਆ, ਤਾਂ ਕੀ ਉਸ ਨੂੰ ਪਹਿਲਾਂ ਸੂਚਨਾ ਦਿੱਤੀ ਗਈ ਸੀ? ਕੀ ਉਸ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਮਿਲਿਆ? ਕੀ ਉਸ ਲਈ ਪ੍ਰਭਾਵਸ਼ਾਲੀ ਅਪੀਲ ਪ੍ਰਣਾਲੀ ਉਪਲਬਧ ਸੀ? ਅਤੇ ਕੀ ਇਹ ਪੂਰੀ ਪ੍ਰਕਿਰਿਆ ਹਰ ਨਾਗਰਿਕ ਨਾਲ ਇੱਕੋ ਜਿਹਾ ਵਿਵਹਾਰ ਕਰ ਰਹੀ ਸੀ ਜਾਂ ਕਿਸੇ ਖ਼ਾਸ ਭਾਈਚਾਰੇ ਉੱਤੇ ਇਸ ਦਾ ਵੱਖਰਾ ਪ੍ਰਭਾਵ ਪਿਆ?

ਇਹ ਸਾਰੇ ਸਵਾਲ ਜਮਹੂਰੀਅਤ ਦੇ ਮੂਲ ਸਿਧਾਂਤਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਨੂੰ ਸਿਆਸੀ ਨਜ਼ਰੀਏ ਨਾਲ ਨਹੀਂ, ਸਗੋਂ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ ਸਮਝਣ ਦੀ ਲੋੜ ਹੈ। ਜਮਹੂਰੀ ਪ੍ਰਣਾਲੀ ਦੀ ਤਾਕਤ ਇਸ ਗੱਲ ਵਿੱਚ ਨਹੀਂ ਕਿ ਉਹ ਕਦੇ ਗਲਤੀ ਨਹੀਂ ਕਰਦੀ, ਸਗੋਂ ਇਸ ਵਿੱਚ ਹੈ ਕਿ ਉਹ ਆਪਣੀ ਹਰ ਕਾਰਵਾਈ ਨੂੰ ਜਨਤਕ ਪੜਤਾਲ ਅਤੇ ਜਵਾਬਦੇਹੀ ਲਈ ਖੁੱਲ੍ਹਾ ਰੱਖਦੀ ਹੈ।

ਵੋਟਰ ਸੂਚੀ ਸੁਧਾਈ ਦੇ ਮਾਮਲੇ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਵੀ ਇੱਕ ਮਹੱਤਵਪੂਰਨ ਚਰਚਾ ਬਣ ਕੇ ਸਾਹਮਣੇ ਆਈ ਹੈ। ਤਕਨਾਲੋਜੀ ਪ੍ਰਸ਼ਾਸਨ ਨੂੰ ਤੇਜ਼ ਅਤੇ ਪ੍ਰਭਾਵਸ਼ਾਲੀ ਬਣਾ ਸਕਦੀ ਹੈ, ਪਰ ਜੇਕਰ ਕਿਸੇ ਐਲਗੋਰਿਦਮ ਦੇ ਆਧਾਰ 'ਤੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰ ਪ੍ਰਭਾਵਿਤ ਹੋਣ, ਤਾਂ ਪਾਰਦਰਸ਼ਤਾ ਅਤੇ ਮਨੁੱਖੀ ਜਵਾਬਦੇਹੀ ਲਾਜ਼ਮੀ ਹੋ ਜਾਂਦੀ ਹੈ। ਜੇ ਕੋਈ ਡਿਜੀਟਲ ਪ੍ਰਣਾਲੀ ਕਿਸੇ ਵਿਅਕਤੀ ਨੂੰ ਸ਼ੱਕੀ ਮੰਨਦੀ ਹੈ, ਤਾਂ ਉਸ ਨੂੰ ਇਹ ਜਾਣਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਅਜਿਹਾ ਕਿਉਂ ਹੋਇਆ ਅਤੇ ਉਸ ਕੋਲ ਇਸ ਖ਼ਿਲਾਫ਼ ਅਪੀਲ ਕਰਨ ਦਾ ਪੂਰਾ ਮੌਕਾ ਹੋਣਾ ਚਾਹੀਦਾ ਹੈ।

ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਜੇਕਰ ਕਿਸੇ ਪ੍ਰਸ਼ਾਸਨਿਕ ਕਾਰਵਾਈ ਦਾ ਅਸਰ ਕਿਸੇ ਇੱਕ ਭਾਈਚਾਰੇ ਉੱਤੇ ਵੱਧ ਪੈਂਦਾ ਹੈ, ਤਾਂ ਉਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਇਹ ਮੁੱਦਾ ਕਿਸੇ ਇੱਕ ਧਰਮ ਜਾਂ ਵਰਗ ਤੱਕ ਸੀਮਿਤ ਨਹੀਂ, ਸਗੋਂ ਹਰ ਨਾਗਰਿਕ ਲਈ ਬਰਾਬਰੀ ਅਤੇ ਨਿਆਂ ਦੇ ਸੰਵਿਧਾਨਕ ਸਿਧਾਂਤ ਨਾਲ ਜੁੜਿਆ ਹੋਇਆ ਹੈ।

ਭਾਰਤ ਵਰਗੇ ਵਿਸ਼ਾਲ ਅਤੇ ਵਿਭਿੰਨਤਾ ਭਰੇ ਦੇਸ਼ ਵਿੱਚ ਕਰੋੜਾਂ ਵੋਟਰਾਂ ਦੀਆਂ ਸੂਚੀਆਂ ਨੂੰ ਅਪਡੇਟ ਕਰਨਾ ਨਿਸ਼ਚਿਤ ਤੌਰ 'ਤੇ ਇੱਕ ਵੱਡੀ ਪ੍ਰਸ਼ਾਸਨਿਕ ਚੁਣੌਤੀ ਹੈ। ਲਗਾਤਾਰ ਬਦਲਦੇ ਪਤੇ, ਪਰਵਾਸ, ਮੌਤਾਂ ਅਤੇ ਨਵੇਂ ਵੋਟਰਾਂ ਦੇ ਸ਼ਾਮਲ ਹੋਣ ਕਾਰਨ ਵੋਟਰ ਸੂਚੀਆਂ ਦੀ ਸਮੇਂ-ਸਮੇਂ 'ਤੇ ਜਾਂਚ ਕਰਨੀ ਜ਼ਰੂਰੀ ਵੀ ਹੈ। ਪਰ ਇਸ ਪ੍ਰਕਿਰਿਆ ਦੀ ਕਾਮਯਾਬੀ ਦਾ ਅਸਲ ਮਾਪਦੰਡ ਇਹ ਨਹੀਂ ਕਿ ਕਿੰਨੇ ਨਾਂ ਜੋੜੇ ਜਾਂ ਹਟਾਏ ਗਏ, ਸਗੋਂ ਇਹ ਹੈ ਕਿ ਇਸ ਦੌਰਾਨ ਕਿੰਨੇ ਨਾਗਰਿਕਾਂ ਦਾ ਭਰੋਸਾ ਪ੍ਰਣਾਲੀ ਉੱਤੇ ਕਾਇਮ ਰਿਹਾ।

ਪੰਜਾਬ ਵਿੱਚ ਵੀ ਇਸ ਵੇਲੇ ਵਿਸ਼ੇਸ਼ ਵੋਟਰ ਸੂਚੀ ਸੁਧਾਈ ਦੀ ਪ੍ਰਕਿਰਿਆ ਜਾਰੀ ਹੈ। ਇਸ ਕਰਕੇ ਇਹ ਚਰਚਾ ਹੁਣ ਸਿਰਫ਼ ਕਿਸੇ ਇੱਕ ਸੂਬੇ ਜਾਂ ਖੇਤਰ ਤੱਕ ਸੀਮਿਤ ਨਹੀਂ ਰਹਿੰਦੀ। ਪੰਜਾਬ ਨੇ ਆਪਣੇ ਇਤਿਹਾਸ ਵਿੱਚ ਵਿਸ਼ਵਾਸ ਦੇ ਟੁੱਟਣ ਦੇ ਨਤੀਜੇ ਵੇਖੇ ਹਨ ਅਤੇ ਇਸ ਕਰਕੇ ਇੱਥੇ ਹਰ ਨਾਗਰਿਕ ਲਈ ਇਹ ਭਰੋਸਾ ਬਣਿਆ ਰਹਿਣਾ ਹੋਰ ਵੀ ਮਹੱਤਵਪੂਰਨ ਹੈ ਕਿ ਉਸ ਦੀ ਵੋਟ ਅਤੇ ਉਸ ਦੀ ਨਾਗਰਿਕਤਾ ਕਿਸੇ ਵੀ ਤਰ੍ਹਾਂ ਦੇ ਸ਼ੱਕ ਦੇ ਘੇਰੇ ਵਿੱਚ ਨਹੀਂ ਹੈ।

ਅੱਜ ਦੁਨੀਆ ਭਰ ਵਿੱਚ ਇਹ ਵਿਚਾਰ ਮਜ਼ਬੂਤ ਹੋ ਰਿਹਾ ਹੈ ਕਿ ਤਕਨਾਲੋਜੀ ਮਨੁੱਖ ਦੀ ਸਹਾਇਕ ਹੋ ਸਕਦੀ ਹੈ, ਪਰ ਬੁਨਿਆਦੀ ਅਧਿਕਾਰਾਂ ਨਾਲ ਜੁੜੇ ਫ਼ੈਸਲਿਆਂ ਵਿੱਚ ਆਖ਼ਰੀ ਜਵਾਬਦੇਹੀ ਮਨੁੱਖੀ ਅਧਿਕਾਰੀਆਂ ਦੀ ਹੀ ਹੋਣੀ ਚਾਹੀਦੀ ਹੈ।

ਜਮਹੂਰੀਅਤ ਦੀ ਅਸਲ ਕਸੌਟੀ ਚੋਣਾਂ ਵਾਲੇ ਦਿਨ ਨਹੀਂ, ਸਗੋਂ ਉਸ ਵਿਸ਼ਵਾਸ ਵਿੱਚ ਹੁੰਦੀ ਹੈ ਜਿਸ ਨਾਲ ਇੱਕ ਆਮ ਨਾਗਰਿਕ ਪੋਲਿੰਗ ਬੂਥ ਤੱਕ ਪਹੁੰਚਦਾ ਹੈ ਅਤੇ ਇਹ ਮਹਿਸੂਸ ਕਰਦਾ ਹੈ ਕਿ ਉਸ ਦੀ ਵੋਟ ਉਸ ਦਾ ਸੰਵਿਧਾਨਕ ਹੱਕ ਹੈ, ਕਿਸੇ ਦੀ ਮਿਹਰਬਾਨੀ ਨਹੀਂ।

ਅੰਤ ਵਿੱਚ ਸਵਾਲ ਸਿਰਫ਼ ਇਹ ਨਹੀਂ ਕਿ ਵੋਟਰ ਸੂਚੀ ਵਿੱਚ ਕਿੰਨੇ ਨਾਂ ਦਰਜ ਹਨ ਜਾਂ ਕਿੰਨੇ ਹਟਾਏ ਗਏ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੇਸ਼ ਦੇ ਨਾਗਰਿਕਾਂ ਦਾ ਆਪਣੀ ਜਮਹੂਰੀ ਪ੍ਰਣਾਲੀ ਉੱਤੇ ਕਿੰਨਾ ਵਿਸ਼ਵਾਸ ਬਾਕੀ ਹੈ। ਜਦੋਂ ਇਹ ਭਰੋਸਾ ਕਮਜ਼ੋਰ ਹੋਣਾ ਸ਼ੁਰੂ ਹੋ ਜਾਂਦਾ ਹੈ ਤਾਂ ਬੈਲੇਟ ਬਾਕਸ ਭਾਵੇਂ ਆਪਣੀ ਥਾਂ ਮੌਜੂਦ ਰਹਿੰਦੇ ਹਨ, ਪਰ ਜਮਹੂਰੀਅਤ ਦੀ ਰੂਹ ਅੰਦਰੋਂ ਕਮਜ਼ੋਰ ਪੈਣ ਲੱਗਦੀ ਹੈ। ਇਸ ਲਈ ਕਿਸੇ ਵੀ ਚੋਣੀ ਸੁਧਾਰ ਦੀ ਅਸਲ ਸਫ਼ਲਤਾ ਉਸ ਸਮੇਂ ਮੰਨੀ ਜਾਵੇਗੀ ਜਦੋਂ ਹਰ ਯੋਗ ਨਾਗਰਿਕ ਪੂਰੇ ਭਰੋਸੇ ਨਾਲ ਕਹਿ ਸਕੇ ਕਿ ਉਸ ਦੀ ਵੋਟ ਸੁਰੱਖਿਅਤ ਹੈ ਅਤੇ ਉਸ ਦੀ ਆਵਾਜ਼ ਨੂੰ ਬਰਾਬਰ ਦਾ ਸਨਮਾਨ ਮਿਲੇਗਾ।






## PM ਮੋਦੀ ਦੇ ਦੋਸ਼ਾਂ 'ਤੇ ਹਰਪਾਲ ਚੀਮਾ ਦਾ ਤਿੱਖਾ ਜਵਾਬ; ਕਿਹਾ- ਪੰਜਾਬ ਦੇ ਬਕਾਇਆ ਫੰਡਾਂ 'ਤੇ ਚੁੱਪ ਰਹੀ ਕੇਂਦਰ ਸਰਕਾਰ

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਲਗਾਏ ਗਏ "ਲੁੱਟ" ਅਤੇ ਕੇਂਦਰੀ ਫੰਡਾਂ ਦੀ ਦੁਰਵਰਤੋਂ ਦੇ ਦੋਸ਼ਾਂ ਦਾ ਤਿੱਖੇ ਸ਼ਬਦਾਂ ਵਿੱਚ ਜਵਾਬ ਦਿੱਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਚੀਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਲਗਾਏ ਗਏ ਇਲਜ਼ਾਮ ਬੇਬੁਨਿਆਦ ਹਨ ਅਤੇ ਇਹ ਕੇਂਦਰ ਸਰਕਾਰ 'ਤੇ ਲੱਗ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ।

ਚੀਮਾ ਨੇ ਕਿਹਾ ਕਿ ਜਿਹੜੇ ਲੋਕ ਮੰਦਰਾਂ ਦੇ ਫੰਡਾਂ ਵਿੱਚ ਕਥਿਤ ਗੜਬੜੀਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਉਹ ਹੁਣ ਪੰਜਾਬ ਸਰਕਾਰ 'ਤੇ ਉਂਗਲ ਚੁੱਕ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਆਪਣੇ ਉੱਤੇ ਉੱਠ ਰਹੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਪੰਜਾਬ ਨੂੰ ਨਿਸ਼ਾਨਾ ਬਣਾ ਰਹੀ ਹੈ।

ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਨੇ ਸਰਕਾਰ ਬਣਨ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਆਪਣੇ ਪੰਜ ਮੁੱਖ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਲੋਕ ਭਲਾਈ ਨੂੰ ਪਹਿਲ ਦਿੱਤੀ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਦੇ ਕੰਮ ਤੇਜ਼ੀ ਨਾਲ ਅੱਗੇ ਵਧਾਏ ਹਨ।

ਚੀਮਾ ਨੇ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ 'ਤੇ ਵੀ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੂਬੇ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਨਸ਼ਿਆਂ ਦੇ ਫੈਲਾਅ ਲਈ ਉਹ ਸਰਕਾਰਾਂ ਜ਼ਿੰਮੇਵਾਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਬੇਅਦਬੀ ਰੋਕਣ ਲਈ ਕਾਨੂੰਨ ਲਿਆਉਣ ਦੀ ਪਹਿਲ ਕੀਤੀ ਹੈ ਅਤੇ ਨਸ਼ਿਆਂ ਖ਼ਿਲਾਫ਼ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਚਲਾ ਕੇ ਕਾਰਵਾਈ ਨੂੰ ਹੋਰ ਤੇਜ਼ ਕੀਤਾ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਵੱਲੋਂ ਲਗਾਏ ਗਏ ਦੋਸ਼ ਇਸ ਗੱਲ ਦਾ ਸੰਕੇਤ ਹਨ ਕਿ ਭਾਜਪਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਸਰਕਾਰ ਦੇ ਵਿਕਾਸ ਕਾਰਜਾਂ ਅਤੇ ਲੋਕਪ੍ਰਿਯਤਾ ਤੋਂ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਸਰਕਾਰ ਦੇ ਕੰਮਾਂ ਨੂੰ ਦੇਖ ਰਹੇ ਹਨ ਅਤੇ ਉਹ ਸੱਚਾਈ ਨੂੰ ਚੰਗੀ ਤਰ੍ਹਾਂ ਸਮਝਦੇ ਹਨ।

ਹਰਪਾਲ ਸਿੰਘ ਚੀਮਾ ਨੇ ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਨੂੰ ਲੈ ਕੇ ਵੀ ਨਿਰਾਸ਼ਾ ਜਤਾਈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਉਮੀਦ ਸੀ ਕਿ ਇਸ ਦੌਰੇ ਦੌਰਾਨ ਪੰਜਾਬ ਦੇ ਬਕਾਇਆ ਕੇਂਦਰੀ ਫੰਡ ਜਾਰੀ ਕਰਨ ਸਬੰਧੀ ਕੋਈ ਵੱਡਾ ਐਲਾਨ ਕੀਤਾ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕਾਂ ਅਤੇ ਵਿੱਤੀ ਲੋੜਾਂ ਨੂੰ ਨਜ਼ਰਅੰਦਾਜ਼ ਕੀਤਾ ਹੈ, ਜਿਸ ਕਾਰਨ ਸੂਬੇ ਦੇ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ।

## ਕੌਮੀ ਘੱਟ ਗਿਣਤੀ ਕਮਿਸ਼ਨ ਦੀ ਕਮਾਨ ਹਰਜੀਤ ਸਿੰਘ ਗਰੇਵਾਲ ਦੇ ਹੱਥ, ਕੇਂਦਰ ਨੇ ਤਿੰਨ ਸਾਲ ਲਈ ਕੀਤੀ ਨਿਯੁਕਤੀ

**ਨਵੀਂ ਦਿੱਲੀ –** ਕੇਂਦਰ ਸਰਕਾਰ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਪੁਨਰਗਠਨ ਤਹਿਤ ਹਰਜੀਤ ਸਿੰਘ ਗਰੇਵਾਲ ਨੂੰ ਤਿੰਨ ਸਾਲਾਂ ਦੀ ਮਿਆਦ ਲਈ ਕਮਿਸ਼ਨ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਨਾਲ ਗਰੇਵਾਲ ਹੁਣ ਇਕਬਾਲ ਸਿੰਘ ਲਾਲਪੁਰਾ ਦੀ ਥਾਂ ਸੰਭਾਲਣਗੇ, ਜੋ ਇਸ ਤੋਂ ਪਹਿਲਾਂ ਕਮਿਸ਼ਨ ਦੇ ਚੇਅਰਪਰਸਨ ਵਜੋਂ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਇਸ ਫ਼ੈਸਲੇ ਨੂੰ ਕੇਂਦਰ ਸਰਕਾਰ ਵੱਲੋਂ ਘੱਟ ਗਿਣਤੀ ਭਾਈਚਾਰਿਆਂ ਨਾਲ ਜੁੜੀਆਂ ਸੰਸਥਾਵਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।



ਹਰਜੀਤ ਸਿੰਘ ਗਰੇਵਾਲ ਲੰਬੇ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਪੰਜਾਬ ਵਿੱਚ ਪਾਰਟੀ ਦੇ ਪ੍ਰਮੁੱਖ ਸਿੱਖ ਚਿਹਰਿਆਂ ਵਿੱਚ ਉਨ੍ਹਾਂ ਦੀ ਗਿਣਤੀ ਹੁੰਦੀ ਰਹੀ ਹੈ। ਖ਼ਾਸ ਤੌਰ 'ਤੇ ਭਾਜਪਾ ਦੇ ਕਿਸਾਨ ਵਿੰਗ ਨਾਲ ਜੁੜੇ ਮੁੱਦਿਆਂ 'ਤੇ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ। ਹਾਲਾਂਕਿ, ਬਾਅਦ ਦੇ ਸਾਲਾਂ ਵਿੱਚ ਪੰਜਾਬ ਦੀ ਸਿਆਸਤ ਵਿੱਚ ਹੋਰ ਦਲਾਂ ਦੇ ਕਈ ਵੱਡੇ ਆਗੂਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਗਰੇਵਾਲ ਦੀ ਸਿਆਸੀ ਸਰਗਰਮੀ ਪਹਿਲਾਂ ਦੇ ਮੁਕਾਬਲੇ ਘੱਟ ਨਜ਼ਰ ਆਈ।

ਸਿਆਸੀ ਹਲਕਿਆਂ ਵਿੱਚ ਇਸ ਨਿਯੁਕਤੀ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਹਨ। ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਗਰੇਵਾਲ ਨੂੰ ਇਹ ਅਹਿਮ ਜ਼ਿੰਮੇਵਾਰੀ ਦੇ ਕੇ ਪਾਰਟੀ ਨੇ ਉਨ੍ਹਾਂ ਨੂੰ ਇੱਕ ਵੱਡੇ ਸੰਵਿਧਾਨਕ ਅਹੁਦੇ ਰਾਹੀਂ ਨਵੀਂ ਭੂਮਿਕਾ ਸੌਂਪੀ ਹੈ।

ਇਸ ਦੇ ਨਾਲ ਹੀ ਕੇਂਦਰ ਸਰਕਾਰ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਵਿੱਚ ਹੋਰ ਮਹੱਤਵਪੂਰਨ ਨਿਯੁਕਤੀਆਂ ਵੀ ਕੀਤੀਆਂ ਹਨ। ਐੱਸ. ਮੁਨਵਰੀ ਬੇਗਮ ਨੂੰ ਮੁਸਲਿਮ ਭਾਈਚਾਰੇ ਦੀ ਨੁਮਾਇੰਦਗੀ ਕਰਦਿਆਂ ਕਮਿਸ਼ਨ ਦੀ ਉਪ-ਚੇਅਰਪਰਸਨ ਬਣਾਇਆ ਗਿਆ ਹੈ, ਜਦਕਿ ਗਲੇਨ ਈ. ਸੂਜ਼ਾ ਟਿੱਕਲੋ ਨੂੰ ਈਸਾਈ ਭਾਈਚਾਰੇ ਦੇ ਪ੍ਰਤੀਨਿਧੀ ਵਜੋਂ ਕਮਿਸ਼ਨ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ ਨਿਯੁਕਤੀਆਂ ਨਾਲ ਕਮਿਸ਼ਨ ਵਿੱਚ ਵੱਖ-ਵੱਖ ਘੱਟ ਗਿਣਤੀ ਭਾਈਚਾਰਿਆਂ ਦੀ ਨੁਮਾਇੰਦਗੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੇਸ਼ ਵਿੱਚ ਸੂਚਿਤ ਘੱਟ ਗਿਣਤੀ ਭਾਈਚਾਰਿਆਂ ਦੇ ਸੰਵਿਧਾਨਕ ਅਤੇ ਕਾਨੂੰਨੀ ਅਧਿਕਾਰਾਂ ਦੀ ਰਾਖੀ ਨਾਲ ਜੁੜੀ ਇੱਕ ਮਹੱਤਵਪੂਰਨ ਸੰਸਥਾ ਹੈ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕੰਮ ਕਰਦਾ ਹੈ ਕਿ ਘੱਟ ਗਿਣਤੀ ਭਾਈਚਾਰਿਆਂ ਨੂੰ ਮਿਲੀਆਂ ਸੁਰੱਖਿਆਵਾਂ ਅਤੇ ਅਧਿਕਾਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋਣ। ਇਸ ਦੇ ਨਾਲ-ਨਾਲ ਇਹ ਸੰਸਥਾ ਉਨ੍ਹਾਂ ਦੀ ਭਲਾਈ, ਵਿਕਾਸ ਅਤੇ ਸਮਾਜਿਕ-ਆਰਥਿਕ ਤਰੱਕੀ ਨਾਲ ਸਬੰਧਤ ਮੁੱਦਿਆਂ 'ਤੇ ਕੇਂਦਰ ਸਰਕਾਰ ਨੂੰ ਸਿਫ਼ਾਰਸ਼ਾਂ ਅਤੇ ਸਲਾਹ ਵੀ ਦਿੰਦੀ ਹੈ।

ਨਵੀਂ ਨਿਯੁਕਤੀ ਤੋਂ ਬਾਅਦ ਹੁਣ ਉਮੀਦ ਕੀਤੀ ਜਾ ਰਹੀ ਹੈ ਕਿ ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਵਿੱਚ ਕਮਿਸ਼ਨ ਘੱਟ ਗਿਣਤੀ ਭਾਈਚਾਰਿਆਂ ਨਾਲ ਜੁੜੇ ਮੁੱਦਿਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਉਠਾਏਗਾ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਆਪਣੀ ਭੂਮਿਕਾ ਹੋਰ ਮਜ਼ਬੂਤੀ ਨਾਲ ਨਿਭਾਏਗਾ।

## ਬਹਿਬਲ ਕਲਾਂ-ਕੋਟਕਪੂਰਾ ਗੋਲੀਕਾਂਡ ਜਾਂਚ 'ਚ ਨਵਾਂ ਮੋੜ, ਸ਼ੀਠ ਨੇ ਸੁਖਬੀਰ ਬਾਦਲ ਨੂੰ ਮੁੜ ਪੁੱਛਗਿੱਛ ਲਈ ਕੀਤਾ ਤਲਬ



ਸਾਲ 2015 ਦੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਨਾਲ ਸਬੰਧਿਤ ਜਾਂਚ ਇੱਕ ਵਾਰ ਫਿਰ ਤੇਜ਼ ਹੋ ਗਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸੋਮਵਾਰ ਨੂੰ ਪੁੱਛਗਿੱਛ ਲਈ ਪੇਸ਼ ਹੋਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਸ ਤਾਜ਼ਾ ਕਾਰਵਾਈ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

ਸਰਕਾਰੀ ਸੂਤਰਾਂ ਮੁਤਾਬਕ ਜਾਂਚ ਵਿੱਚ ਇਹ ਨਵਾਂ ਮੋੜ ਭਾਜਪਾ ਦੇ ਸੀਨੀਅਰ ਆਗੂ ਵਿਜੇ ਸਾਂਪਲਾ ਦੇ ਬਿਆਨ ਤੋਂ ਬਾਅਦ ਆਇਆ ਹੈ। ਐੱਸਆਈਟੀ ਅੱਗੇ ਦਿੱਤੇ ਆਪਣੇ ਬਿਆਨ ਵਿੱਚ ਵਿਜੇ ਸਾਂਪਲਾ ਨੇ ਕਿਹਾ ਕਿ ਉਨ੍ਹਾਂ ਨੇ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਪੰਜਾਬ ਦੇ ਰਾਜਪਾਲ ਨੂੰ ਦਿੱਤੇ ਗਏ ਮੰਗ ਪੱਤਰ 'ਤੇ ਆਪਣੇ ਦਸਤਖ਼ਤ ਨਹੀਂ ਕੀਤੇ ਸਨ। ਇਸ ਦਾਅਵੇ ਤੋਂ ਬਾਅਦ ਜਾਂਚ ਟੀਮ ਨੇ ਮੰਗ ਪੱਤਰ ਨਾਲ ਜੁੜੇ ਸਾਰੇ ਤੱਥਾਂ ਦੀ ਦੁਬਾਰਾ ਜਾਂਚ ਕਰਨ ਦਾ ਫ਼ੈਸਲਾ ਲਿਆ ਅਤੇ ਇਸੇ ਸਿਲਸਿਲੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਮੁੜ ਤਲਬ ਕੀਤਾ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਪਿਛਲੇ ਹਫ਼ਤੇ ਪੁੱਛਗਿੱਛ ਤੋਂ ਬਾਅਦ ਵਿਜੇ ਸਾਂਪਲਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਵੀ ਕਿਹਾ ਸੀ ਕਿ ਉਨ੍ਹਾਂ ਨੇ ਜਾਂਚ ਟੀਮ ਨੂੰ ਮੰਗ ਪੱਤਰ ਦੀ ਅਸਲ ਕਾਪੀ ਦਿਖਾਉਣ ਲਈ ਕਿਹਾ ਹੈ ਤਾਂ ਜੋ ਉਹ ਇਹ ਸਪੱਸ਼ਟ ਕਰ ਸਕਣ ਕਿ ਉਸ ਉੱਤੇ ਮੌਜੂਦ ਦਸਤਖ਼ਤ ਉਨ੍ਹਾਂ ਦੇ ਹਨ ਜਾਂ ਨਹੀਂ। ਐੱਸਆਈਟੀ ਹੁਣ ਇਸ ਮਾਮਲੇ ਦੇ ਹਰ ਪੱਖ ਨੂੰ ਧਿਆਨ ਨਾਲ ਪਰਖ ਰਹੀ ਹੈ।

ਜਾਂਚ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਐੱਸਆਈਟੀ ਅਕਤੂਬਰ 2015 ਵਿੱਚ ਹੋਈਆਂ ਘਟਨਾਵਾਂ ਤੋਂ ਪਹਿਲਾਂ ਦੇ ਸਾਰੇ ਘਟਨਾਕ੍ਰਮ ਨੂੰ ਜੋੜ ਕੇ ਦੇਖ ਰਹੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਮੰਤਾਰ ਸਿੰਘ ਬਰਾਰ ਨੇ ਆਪਣੇ ਬਿਆਨ ਵਿੱਚ ਦੱਸਿਆ ਸੀ ਕਿ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲੀਸ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਉਸ ਸਮੇਂ ਦੇ ਮੁੱਖ ਮੰਤਰੀ, ਗ੍ਰਹਿ ਮੰਤਰੀ ਅਤੇ ਡੀਜੀਪੀ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਸੀ।

ਇਸੇ ਦੌਰਾਨ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓਐੱਸਡੀ ਨੇ ਵੀ ਐੱਸਆਈਟੀ ਸਾਹਮਣੇ ਇਹ ਗੱਲ ਮੰਨੀ ਕਿ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਲਈ ਰਾਤ ਸਮੇਂ ਹੀ ਹੁਕਮ ਜਾਰੀ ਕਰ ਦਿੱਤੇ ਗਏ ਸਨ। ਜਾਂਚ ਟੀਮ ਲਈ ਇਹ ਜਾਣਕਾਰੀ ਕਾਫ਼ੀ ਅਹਿਮ ਮੰਨੀ ਜਾ ਰਹੀ ਹੈ ਕਿਉਂਕਿ ਇਸ ਨਾਲ ਇਹ ਪਤਾ ਲਗਾਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਪੁਲੀਸ ਕਾਰਵਾਈ ਦਾ ਅੰਤਿਮ ਫ਼ੈਸਲਾ ਕਿਸ ਪੱਧਰ 'ਤੇ ਅਤੇ ਕਦੋਂ ਲਿਆ ਗਿਆ ਸੀ।

ਵਰਨਣਯੋਗ ਹੈ ਕਿ ਅਕਤੂਬਰ 2015 ਵਿੱਚ ਫ਼ਰੀਦਕੋਟ ਜ਼ਿਲ੍ਹੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਵੱਡੇ ਪੱਧਰ 'ਤੇ ਸਿੱਖ ਸੰਗਤਾਂ ਵੱਲੋਂ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਇਸ ਦੌਰਾਨ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਲੀਸ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਦੋ ਸਿੱਖ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖ਼ਮੀ ਹੋਏ ਸਨ। ਇਹ ਮਾਮਲਾ ਲੰਬੇ ਸਮੇਂ ਤੋਂ ਪੰਜਾਬ ਦੀ ਸਿਆਸਤ ਅਤੇ ਨਿਆਂ ਪ੍ਰਣਾਲੀ ਲਈ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ।

ਹੁਣ ਐੱਸਆਈਟੀ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਮੁੜ ਤਲਬ ਕੀਤੇ ਜਾਣ ਨਾਲ ਜਾਂਚ ਇੱਕ ਨਵੇਂ ਪੜਾਅ ਵਿੱਚ ਦਾਖ਼ਲ ਹੋ ਗਈ ਹੈ। ਜਾਂਚ ਏਜੰਸੀ ਦਾ ਮਕਸਦ 2015 ਦੇ ਪੂਰੇ ਘਟਨਾਕ੍ਰਮ ਨਾਲ ਜੁੜੇ ਹਰ ਪੱਖ ਨੂੰ ਸਪੱਸ਼ਟ ਕਰਨਾ ਅਤੇ ਇਹ ਪਤਾ ਲਗਾਉਣਾ ਹੈ ਕਿ ਪੁਲੀਸ ਕਾਰਵਾਈ ਦੇ ਫ਼ੈਸਲੇ ਦੀ ਜ਼ਿੰਮੇਵਾਰੀ ਕਿਸ ਪੱਧਰ 'ਤੇ ਤੈਅ ਹੁੰਦੀ ਹੈ।

## ਪੰਜਾਬ ਕਾਂਗਰਸ ਦੀ ਅੰਦਰੂਨੀ ਖਿੱਚਤਾਣ ਜਾਰੀ, ਹਾਈਕਮਾਂਡ ਨੇ ਰਾਜਾ ਵੜਿੰਗ 'ਤੇ ਜਤਾਇਆ ਭਰੋਸਾ; ਚੰਨੀ ਧੜੇ ਦੀਆਂ ਅਪਤੀਆਂ ਬਰਕਰਾਰ



**ਚੰਡੀਗੜ੍ਹ –** ਪੰਜਾਬ ਕਾਂਗਰਸ ਵਿੱਚ ਚੱਲ ਰਹੀ ਅੰਦਰੂਨੀ ਗੁਟਬਾਜ਼ੀ ਦਰਮਿਆਨ ਪਾਰਟੀ ਹਾਈਕਮਾਂਡ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲਣ ਦਾ ਫ਼ਿਲਹਾਲ ਕੋਈ ਇਰਾਦਾ ਨਹੀਂ ਹੈ। ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਲੀਡਰਸ਼ਿਪ ਵਿੱਚ ਤਬਦੀਲੀ ਦੀ ਮੰਗ ਨੂੰ ਲੈ ਕੇ ਦਿੱਲੀ ਵਿੱਚ ਸਿਆਸੀ ਗਤੀਵਿਧੀਆਂ ਤੇਜ਼ ਹੋ ਗਈਆਂ ਹਨ।

ਸੂਤਰਾਂ ਮੁਤਾਬਕ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਚੰਨੀ ਵੱਲੋਂ ਮੰਗੇ ਗਏ ਮੁਲਾਕਾਤ ਦੇ ਸਮੇਂ ਨੂੰ ਅਜੇ ਤੱਕ ਮਨਜ਼ੂਰੀ ਨਹੀਂ ਦਿੱਤੀ। ਇਹ ਸਥਿਤੀ ਉਸ ਵੇਲੇ ਸਾਹਮਣੇ ਆਈ ਜਦੋਂ ਚੰਨੀ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਦਿੱਲੀ ਵਿੱਚ ਏਆਈਸੀਸੀ ਦੇ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨਾਲ ਪੰਜਾਬ ਕਾਂਗਰਸ ਦੇ ਮੌਜੂਦਾ ਹਾਲਾਤਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ।

ਇਸ ਤੋਂ ਬਾਅਦ ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇ. ਸੀ. ਵੇਣੂਗੋਪਾਲ ਦੀ ਅਗਵਾਈ ਹੇਠ ਪਾਰਟੀ ਮੁੱਖ ਦਫ਼ਤਰ ਇੰਦਰਾ ਭਵਨ ਵਿੱਚ ਪੰਜਾਬ ਦੇ ਸੀਨੀਅਰ ਆਗੂਆਂ ਦੀ ਬੈਠਕ ਹੋਈ। ਇਸ ਵਿੱਚ ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ, ਪਰਗਟ ਸਿੰਘ ਅਤੇ ਹੋਰ ਆਗੂਆਂ ਨੇ ਹਿੱਸਾ ਲਿਆ ਅਤੇ ਸੂਬਾ ਇਕਾਈ ਵਿੱਚ ਚੱਲ ਰਹੇ ਵਿਵਾਦ 'ਤੇ ਵਿਚਾਰ-ਵਟਾਂਦਰਾ ਕੀਤਾ।

ਬੈਠਕ ਦੌਰਾਨ ਚੰਨੀ ਨੇ ਵੇਣੂਗੋਪਾਲ ਅੱਗੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਾਰਟੀ ਨੂੰ ਇੱਕਜੁੱਟ ਰੱਖਣ ਵਿੱਚ ਕਾਮਯਾਬ ਨਹੀਂ ਰਹੇ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਇਹੀ ਲੀਡਰਸ਼ਿਪ ਜਾਰੀ ਰਹੀ ਤਾਂ ਅੰਦਰੂਨੀ ਮਤਭੇਦ ਹੋਰ ਗੰਭੀਰ ਹੋ ਸਕਦੇ ਹਨ।

ਹਾਲਾਂਕਿ ਪਾਰਟੀ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈਕਮਾਂਡ ਇਸ ਵੇਲੇ ਕਿਸੇ ਵੀ ਦਬਾਅ ਹੇਠ ਸੂਬਾ ਪ੍ਰਧਾਨ ਬਦਲਣ ਦੇ ਹੱਕ ਵਿੱਚ ਨਹੀਂ ਹੈ। ਹਾਈਕਮਾਂਡ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਗਲਤ ਸਿਆਸੀ ਸੰਦੇਸ਼ ਜਾਵੇਗਾ ਅਤੇ ਚੋਣਾਂ ਤੋਂ ਪਹਿਲਾਂ ਪਾਰਟੀ ਦੀ ਸਥਿਤੀ ਹੋਰ ਕਮਜ਼ੋਰ ਹੋ ਸਕਦੀ ਹੈ।

ਸੂਤਰਾਂ ਅਨੁਸਾਰ ਰਾਹੁਲ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੇ ਵੀ ਇਹ ਰੁਖ ਸਪੱਸ਼ਟ ਕੀਤਾ ਹੈ ਕਿ ਸੰਗਠਨਕ ਫ਼ੈਸਲੇ ਕਿਸੇ ਧੜੇ ਦੇ ਦਬਾਅ ਹੇਠ ਨਹੀਂ ਲਏ ਜਾਣਗੇ। ਲੀਡਰਸ਼ਿਪ ਇਹ ਵੀ ਮੰਨਦੀ ਹੈ ਕਿ ਪੰਜਾਬ ਵਿੱਚ ਜਾਤੀ ਅਤੇ ਸਮਾਜਿਕ ਸੰਤੁਲਨ ਨੂੰ ਧਿਆਨ ਵਿੱਚ ਰੱਖਦਿਆਂ ਮੌਜੂਦਾ ਢਾਂਚੇ ਨੂੰ ਬਰਕਰਾਰ ਰੱਖਣਾ ਪਾਰਟੀ ਲਈ ਵਧੇਰੇ ਉਚਿਤ ਰਹੇਗਾ, ਕਿਉਂਕਿ ਰਾਜਾ ਵੜਿੰਗ ਜੱਟ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹਨ, ਜਦਕਿ ਚਰਨਜੀਤ ਸਿੰਘ ਚੰਨੀ ਪਾਰਟੀ ਦਾ ਪ੍ਰਮੁੱਖ ਦਲਿਤ ਚਿਹਰਾ ਹਨ।

ਭਾਵੇਂ ਚੰਨੀ ਧੜਾ ਆਪਣੀਆਂ ਅਪਤੀਆਂ ਅਤੇ ਸੁਝਾਅ ਹਾਈਕਮਾਂਡ ਅੱਗੇ ਲਗਾਤਾਰ ਰੱਖ ਰਿਹਾ ਹੈ, ਪਰ ਮੌਜੂਦਾ ਸੰਕੇਤ ਇਹੀ ਹਨ ਕਿ ਪੰਜਾਬ ਕਾਂਗਰਸ ਦੀ ਕਮਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਕੋਲ ਹੀ ਰਹੇਗੀ। ਇਸ ਦੇ ਨਾਲ ਹੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਅੰਦਰੂਨੀ ਮਤਭੇਦਾਂ ਨੂੰ ਦੂਰ ਕਰਕੇ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਮੋਦੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਕਰਤਾਰਪੁਰ ਲਾਂਘੇ ਨੂੰ ਲੈ ਕੇ ਵਧੀਆਂ ਉਮੀਦਾਂ, ਅਹਿਮ ਐਲਾਨ ਦੀਆਂ ਅਟਕਲਾਂ ਤੇਜ਼



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਨੂੰ ਲੈ ਕੇ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਚਰਚਾਵਾਂ ਦਾ ਮਾਹੌਲ ਗਰਮ ਹੈ। ਸਭ ਤੋਂ ਵੱਧ ਧਿਆਨ ਇਸ ਗੱਲ ਵੱਲ ਹੈ ਕਿ ਕੀ ਜਲੰਧਰ ਵਿੱਚ ਹੋਣ ਵਾਲੇ ਸਮਾਗਮ ਦੌਰਾਨ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਸੰਬੰਧੀ ਕੋਈ ਵੱਡਾ ਐਲਾਨ ਕੀਤਾ ਜਾਵੇਗਾ। ਲੰਬੇ ਸਮੇਂ ਤੋਂ ਸਿੱਖ ਸੰਗਤਾਂ ਇਸ ਲਾਂਘੇ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ ਅਤੇ ਹੁਣ ਪ੍ਰਧਾਨ ਮੰਤਰੀ ਦੇ ਦੌਰੇ ਨੇ ਇਸ ਉਮੀਦ ਨੂੰ ਹੋਰ ਬਲ ਦਿੱਤਾ ਹੈ।

ਕਰਤਾਰਪੁਰ ਲਾਂਘਾ 9 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਰਧਾਲੂਆਂ ਲਈ ਖੋਲ੍ਹਿਆ ਗਿਆ ਸੀ। ਇਹ ਇਤਿਹਾਸਕ ਪਹਿਲਕਦਮੀ ਦੋਵਾਂ ਦੇਸ਼ਾਂ ਵਿਚਕਾਰ ਧਾਰਮਿਕ ਯਾਤਰਾ ਨੂੰ ਆਸਾਨ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨੀ ਗਈ ਸੀ। ਹਾਲਾਂਕਿ ਮਾਰਚ 2020 ਵਿੱਚ ਕੋਰੋਨਾ ਮਹਾਂਮਾਰੀ ਕਾਰਨ ਇਸ ਨੂੰ ਅਸਥਾਈ ਤੌਰ 'ਤੇ ਬੰਦ ਕਰਨਾ ਪਿਆ ਅਤੇ ਬਾਅਦ ਵਿੱਚ 17 ਨਵੰਬਰ 2021 ਨੂੰ ਸੰਗਤਾਂ ਲਈ ਮੁੜ ਖੋਲ੍ਹ ਦਿੱਤਾ ਗਿਆ।

ਇਸ ਸਾਲ 7 ਮਈ 2025 ਨੂੰ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਦਰਮਿਆਨ ਪੈਦਾ ਹੋਏ ਤਣਾਅ ਕਾਰਨ ਕਰਤਾਰਪੁਰ ਲਾਂਘਾ ਇੱਕ ਵਾਰ ਫਿਰ ਬੰਦ ਕਰ ਦਿੱਤਾ ਗਿਆ। ਉਸ ਤੋਂ ਬਾਅਦ ਤੋਂ ਹੀ ਪੰਜਾਬ ਅਤੇ ਵਿਦੇਸ਼ਾਂ ਵਿੱਚ ਵਸਦੇ ਸਿੱਖ ਭਾਈਚਾਰੇ ਵੱਲੋਂ ਇਸ ਨੂੰ ਦੁਬਾਰਾ ਖੋਲ੍ਹਣ ਦੀ ਮੰਗ ਲਗਾਤਾਰ ਉਠਾਈ ਜਾ ਰਹੀ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਕੇਂਦਰ ਸਰਕਾਰ ਸਿੱਖ ਭਾਈਚਾਰੇ ਨਾਲ ਜੁੜੇ ਇਸ ਮਹੱਤਵਪੂਰਨ ਮੁੱਦੇ 'ਤੇ ਕੋਈ ਸਕਾਰਾਤਮਕ ਐਲਾਨ ਕਰ ਸਕਦੀ ਹੈ। ਇਹ ਵੀ ਚਰਚਾ ਹੈ ਕਿ ਪੰਜਾਬ ਭਾਜਪਾ ਪਹਿਲਾਂ ਹੀ ਪਾਰਟੀ ਹਾਈਕਮਾਂਡ ਕੋਲ ਕਰਤਾਰਪੁਰ ਲਾਂਘਾ ਮੁੜ ਸ਼ੁਰੂ ਕਰਨ ਦੀ ਮੰਗ ਰੱਖ ਚੁੱਕੀ ਹੈ।

ਜਲੰਧਰ ਵਿੱਚ ਹੋਣ ਵਾਲਾ ਸਮਾਗਮ ਸਿਰਫ਼ ਵਿਕਾਸ ਪ੍ਰੋਜੈਕਟਾਂ ਤੱਕ ਸੀਮਿਤ ਨਹੀਂ ਰਹਿਣ ਦੀ ਸੰਭਾਵਨਾ ਹੈ। ਰਾਜਨੀਤਿਕ ਮਾਹਿਰਾਂ ਦੇ ਅਨੁਸਾਰ, ਪ੍ਰਧਾਨ ਮੰਤਰੀ ਆਪਣੇ ਸੰਬੋਧਨ ਵਿੱਚ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ, ਕਾਨੂੰਨ-ਵਿਵਸਥਾ, ਨਸ਼ਿਆਂ ਦੀ ਸਮੱਸਿਆ ਅਤੇ ਆਮ ਆਦਮੀ ਪਾਰਟੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਵੀ ਤਿੱਖੇ ਹਮਲੇ ਕਰ ਸਕਦੇ ਹਨ।

ਇਸ ਦੇ ਨਾਲ ਹੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵਿਤ ਸਿਆਸੀ ਸਮਝੌਤੇ ਜਾਂ ਭਵਿੱਖ ਦੇ ਗੱਠਜੋੜ ਨੂੰ ਲੈ ਕੇ ਵੀ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਹਾਲਾਂਕਿ ਇਸ ਬਾਰੇ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ, ਪਰ ਮੰਨਿਆ ਜਾ ਰਿਹਾ ਹੈ ਕਿ ਜਲੰਧਰ ਦਾ ਇਹ ਸਮਾਗਮ ਪੰਜਾਬ ਦੀ ਆਉਣ ਵਾਲੀ ਚੋਣੀ ਰਾਜਨੀਤੀ ਲਈ ਕਈ ਸੰਕੇਤ ਦੇ ਸਕਦਾ ਹੈ।

ਸਮੁੱਚੇ ਤੌਰ 'ਤੇ ਪ੍ਰਧਾਨ ਮੰਤਰੀ ਦਾ ਇਹ ਪੰਜਾਬ ਦੌਰਾ ਧਾਰਮਿਕ, ਸਿਆਸੀ ਅਤੇ ਚੋਣੀ ਪੱਖੋਂ ਕਾਫ਼ੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਕੀ ਕਰਤਾਰਪੁਰ ਲਾਂਘੇ ਨੂੰ ਲੈ ਕੇ ਸਿੱਖ ਸੰਗਤਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ 'ਤੇ ਕੋਈ ਠੋਸ ਐਲਾਨ ਹੁੰਦਾ ਹੈ ਜਾਂ ਨਹੀਂ।

# ਮੰਡੌਰ ਐਨਕਾਊਂਟਰ ਮਾਮਲੇ 'ਚ ਨਵਾਂ ਮੋੜ, ਜਸਪ੍ਰੀਤ ਦੇ ਪਰਿਵਾਰ ਨੇ ਹਾਈਕੋਰਟ ਤੋਂ ਵਾਪਸ ਲਈ ਸੀਬੀਆਈ ਜਾਂਚ ਦੀ ਮੰਗ



**ਚੰਡੀਗੜ੍ਹ –** ਨਾਭਾ ਦੇ ਪਿੰਡ ਮੰਡੌਰ ਵਿੱਚ ਮਾਰਚ 2025 ਦੌਰਾਨ ਹੋਏ ਬਹੁਚਰਚਿਤ ਪੁਲੀਸ ਐਨਕਾਊਂਟਰ ਮਾਮਲੇ ਵਿੱਚ ਇੱਕ ਅਹਿਮ ਕਾਨੂੰਨੀ ਮੋੜ ਸਾਹਮਣੇ ਆਇਆ ਹੈ। ਐਨਕਾਊਂਟਰ ਵਿੱਚ ਮਾਰੇ ਗਏ ਜਸਪ੍ਰੀਤ ਸਿੰਘ ਦੇ ਮਾਤਾ-ਪਿਤਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਕੀਤੀ ਸੀਬੀਆਈ ਜਾਂਚ ਦੀ ਮੰਗ ਵਾਲੀ ਪਟੀਸ਼ਨ ਵਾਪਸ ਲੈ ਲਈ ਹੈ। ਅਦਾਲਤ ਨੇ ਦੋਵਾਂ ਦੇ ਹਲਫ਼ੀਆ ਬਿਆਨਾਂ ਨੂੰ ਰਿਕਾਰਡ 'ਤੇ ਲੈਂਦਿਆਂ ਪਟੀਸ਼ਨ ਨੂੰ ਵਾਪਸ ਲੈਣ ਦੀ ਇਜਾਜ਼ਤ ਦੇ ਦਿੱਤੀ ਅਤੇ ਮਾਮਲੇ ਦਾ ਨਿਪਟਾਰਾ ਕਰ ਦਿੱਤਾ।

ਅਦਾਲਤੀ ਰਿਕਾਰਡ ਅਨੁਸਾਰ, ਜਸਪ੍ਰੀਤ ਸਿੰਘ ਦੀ ਮਾਤਾ ਬਲਜੀਤ ਕੌਰ ਅਤੇ ਪਿਤਾ ਲਖਵਿੰਦਰ ਸਿੰਘ ਵੱਲੋਂ ਦਿੱਤੇ ਹਲਫ਼ੀਆ ਬਿਆਨਾਂ ਵਿੱਚ ਸਪੱਸ਼ਟ ਕੀਤਾ ਗਿਆ ਕਿ ਉਹ ਹੁਣ ਇਸ ਪਟੀਸ਼ਨ ਨੂੰ ਅੱਗੇ ਨਹੀਂ ਚਲਾਉਣਾ ਚਾਹੁੰਦੇ। ਇਸ ਤੋਂ ਬਾਅਦ ਪਟੀਸ਼ਨਰ ਪੱਖ ਦੇ ਵਕੀਲ ਨੇ ਅਦਾਲਤ ਨੂੰ ਪਟੀਸ਼ਨ ਵਾਪਸ ਲੈਣ ਬਾਰੇ ਜਾਣੂ ਕਰਵਾਇਆ, ਜਿਸ 'ਤੇ ਹਾਈਕੋਰਟ ਨੇ ਕਾਨੂੰਨੀ ਕਾਰਵਾਈ ਪੂਰੀ ਕਰਦਿਆਂ ਪਟੀਸ਼ਨ ਖ਼ਾਰਜ ਕਰ ਦਿੱਤੀ।

ਇਹ ਮਾਮਲਾ 13 ਮਾਰਚ 2025 ਨੂੰ ਉਸ ਵੇਲੇ ਚਰਚਾ ਵਿੱਚ ਆਇਆ ਸੀ, ਜਦੋਂ ਖੰਨਾ ਤੋਂ ਕਥਿਤ ਤੌਰ 'ਤੇ ਇੱਕ ਬੱਚੇ ਨੂੰ ਅਗਵਾ ਕਰਕੇ ਭੱਜ ਰਹੇ 22 ਸਾਲਾ ਐਨ.ਆਰ.ਆਈ. ਜਸਪ੍ਰੀਤ ਸਿੰਘ ਦੀ ਨਾਭਾ ਦੇ ਪਿੰਡ ਮੰਡੌਰ ਨੇੜੇ ਪੁਲੀਸ ਨਾਲ ਹੋਏ ਮੁਕਾਬਲੇ ਦੌਰਾਨ ਮੌਤ ਹੋ ਗਈ ਸੀ। ਪੁਲੀਸ ਦੇ ਅਨੁਸਾਰ, ਜਸਪ੍ਰੀਤ ਆਪਣੀ ਫਾਰਚੂਨਰ ਗੱਡੀ ਵਿੱਚ ਸਵਾਰ ਸੀ ਅਤੇ ਪੁਲੀਸ ਵੱਲੋਂ ਪਿੱਛਾ ਕੀਤੇ ਜਾਣ ਦੌਰਾਨ ਉਸ ਨੇ ਪੁਲੀਸ ਟੀਮ 'ਤੇ ਗੋਲੀਬਾਰੀ ਕੀਤੀ। ਪੁਲੀਸ ਨੇ ਦਾਅਵਾ ਕੀਤਾ ਸੀ ਕਿ ਜਵਾਬੀ ਕਾਰਵਾਈ ਸਿਰਫ਼ ਸਵੈ-ਰੱਖਿਆ ਲਈ ਕੀਤੀ ਗਈ।

ਦੂਜੇ ਪਾਸੇ, ਜਸਪ੍ਰੀਤ ਦੇ ਪਰਿਵਾਰ ਨੇ ਸ਼ੁਰੂ ਤੋਂ ਹੀ ਪੁਲੀਸ ਦੇ ਇਸ ਦਾਅਵੇ ਨੂੰ ਸਵੀਕਾਰ ਨਹੀਂ ਕੀਤਾ। ਪੋਸਟਮਾਰਟਮ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਪਰਿਵਾਰ ਨੇ ਅਪਰੈਲ 2025 ਵਿੱਚ ਹਾਈਕੋਰਟ ਦਾ ਰੁਖ ਕਰਦਿਆਂ ਦੋਸ਼ ਲਗਾਇਆ ਸੀ ਕਿ ਇਹ ਇੱਕ ਯੋਜਨਾਬੱਧ ਝੂਠਾ ਐਨਕਾਊਂਟਰ ਸੀ। ਪਰਿਵਾਰ ਦਾ ਕਹਿਣਾ ਸੀ ਕਿ ਪੋਸਟਮਾਰਟਮ ਰਿਪੋਰਟ ਵਿੱਚ ਨਜ਼ਦੀਕ ਤੋਂ ਗੋਲੀਆਂ ਮਾਰੇ ਜਾਣ ਦੇ ਸੰਕੇਤ ਮਿਲਦੇ ਹਨ ਅਤੇ ਕੁਝ ਪ੍ਰਤੱਖਦਰਸ਼ੀਆਂ ਦੇ ਮੁਤਾਬਕ ਜਸਪ੍ਰੀਤ ਪਹਿਲਾਂ ਹੀ ਪੁਲੀਸ ਅੱਗੇ ਆਤਮ ਸਮਰਪਣ ਕਰ ਚੁੱਕਾ ਸੀ।

ਇਸ ਤਾਜ਼ਾ ਘਟਨਾਕ੍ਰਮ ਬਾਰੇ ਜਦੋਂ ਜਸਪ੍ਰੀਤ ਦੇ ਪਿਤਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਸਿਰਫ਼ ਇਹ ਕਿਹਾ ਕਿ ਉਹ ਡਾਕਟਰ ਕੋਲ ਹਨ ਅਤੇ ਇਸ ਵੇਲੇ ਮਾਮਲੇ ਬਾਰੇ ਗੱਲ ਨਹੀਂ ਕਰਨਾ ਚਾਹੁੰਦੇ।

ਇਸ ਦੌਰਾਨ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਰਿਸ਼ਤੇਦਾਰ ਅਤੇ ਭਾਜਪਾ ਆਗੂ ਗੁਰਤੇਜ ਸਿੰਘ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੇ ਵੀ ਪਹਿਲਾਂ ਇਸ ਮਾਮਲੇ ਵਿੱਚ ਸੀਬੀਆਈ ਜਾਂਚ ਦੀ ਮੰਗ ਕਰਦਿਆਂ ਪਟੀਸ਼ਨ ਦਾਇਰ ਕੀਤੀ ਸੀ, ਪਰ ਕਾਨੂੰਨੀ ਸਲਾਹ ਤੋਂ ਬਾਅਦ ਉਹ ਪਟੀਸ਼ਨ ਵਾਪਸ ਲੈ ਲਈ ਗਈ ਸੀ। ਉਨ੍ਹਾਂ ਐਲਾਨ ਕੀਤਾ ਕਿ ਹੁਣ ਜਦੋਂ ਜਸਪ੍ਰੀਤ ਦੇ ਮਾਪਿਆਂ ਨੇ ਵੀ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ, ਉਹ ਮੁੜ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਦਾ ਦਾਅਵਾ ਹੈ ਕਿ ਉਹ ਅਦਾਲਤ ਵਿੱਚ ਮਹੱਤਵਪੂਰਨ ਵੀਡੀਓ ਸਬੂਤ ਅਤੇ ਪ੍ਰਤੱਖਦਰਸ਼ੀ ਗਵਾਹ ਪੇਸ਼ ਕਰਕੇ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ ਕਰਨਗੇ।

ਇਸ ਤਰ੍ਹਾਂ ਮੰਡੌਰ ਐਨਕਾਊਂਟਰ ਮਾਮਲਾ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਕੇਸ ਦੀ ਕਾਨੂੰਨੀ ਦਿਸ਼ਾ 'ਤੇ ਸਭ ਦੀ ਨਜ਼ਰ ਟਿਕੀ ਰਹੇਗੀ।

# 'ਧਰਮ ਯੁੱਧ ਮੋਰਚਾ' ਵਿਵਾਦ 'ਤੇ 'ਆਪ' ਦਾ ਅਕਾਲੀ ਦਲ 'ਤੇ ਹਮਲਾ, ਸੁਖਬੀਰ ਬਾਦਲ ਤੋਂ ਮੰਗੇ ਜਵਾਬ



**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ "ਧਰਮ ਯੁੱਧ ਮੋਰਚੇ" ਨੂੰ ਲੈ ਕੇ ਬਿਆਨਬਾਜ਼ੀ ਤੇਜ਼ ਹੋ ਗਈ ਹੈ। ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਦੋਸ਼ ਲਗਾਇਆ ਹੈ ਕਿ 19 ਜੁਲਾਈ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ "ਧਰਮ ਯੁੱਧ ਮੋਰਚਾ" ਹੁਣ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ। ਪਾਰਟੀ ਦਾ ਕਹਿਣਾ ਹੈ ਕਿ ਲੋਕਾਂ ਸਾਹਮਣੇ ਵੱਡੇ-ਵੱਡੇ ਐਲਾਨ ਕਰਨ ਤੋਂ ਬਾਅਦ ਹੁਣ ਅਕਾਲੀ ਦਲ ਆਪਣੀ ਹੀ ਘੋਸ਼ਣਾ ਤੋਂ ਪਿੱਛੇ ਹਟਦਾ ਦਿਖਾਈ ਦੇ ਰਿਹਾ ਹੈ।

ਚੰਡੀਗੜ੍ਹ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ 'ਆਪ' ਦੇ ਪੰਜਾਬ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਕਰੀਬ ਇੱਕ ਮਹੀਨਾ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ 19 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਉਪਰੰਤ "ਧਰਮ ਯੁੱਧ ਮੋਰਚਾ" ਸ਼ੁਰੂ ਕੀਤਾ ਜਾਵੇਗਾ। ਪਰ ਹੁਣ, ਜਦੋਂ ਐਲਾਨੀ ਤਾਰੀਖ਼ ਬਿਲਕੁਲ ਨੇੜੇ ਹੈ, ਨਾ ਤਾਂ ਕਿਸੇ ਵਿਸਥਾਰਤ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਤਿਆਰੀ ਨਜ਼ਰ ਆ ਰਹੀ ਹੈ।

ਬਲਤੇਜ ਪੰਨੂ ਨੇ ਦੋਸ਼ ਲਗਾਇਆ ਕਿ ਅਕਾਲੀ ਦਲ ਦਾ ਮਕਸਦ ਕਿਸੇ ਜਨ ਅੰਦੋਲਨ ਦੀ ਅਗਵਾਈ ਕਰਨਾ ਨਹੀਂ ਸੀ, ਸਗੋਂ ਸਿਰਫ਼ ਭਗਵੰਤ ਮਾਨ ਸਰਕਾਰ ਨਾਲ ਬੇਲੋੜਾ ਸਿਆਸੀ ਟਕਰਾਅ ਪੈਦਾ ਕਰਨਾ ਸੀ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਹੋਈ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਵੀ ਇਸ ਮੋਰਚੇ ਬਾਰੇ ਕੋਈ ਚਰਚਾ ਨਹੀਂ ਹੋਈ, ਜਿਸ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਪਾਰਟੀ ਖੁਦ ਆਪਣੇ ਐਲਾਨ ਤੋਂ ਪਿੱਛੇ ਹਟ ਚੁੱਕੀ ਹੈ ਅਤੇ ਉਮੀਦ ਕਰ ਰਹੀ ਹੈ ਕਿ ਲੋਕ ਇਸ ਮੁੱਦੇ ਨੂੰ ਭੁੱਲ ਜਾਣਗੇ।

'ਆਪ' ਆਗੂ ਨੇ ਇਸ ਮੌਕੇ ਅਕਾਲੀ-ਭਾਜਪਾ ਸਰਕਾਰ ਦੇ 2007 ਤੋਂ 2017 ਤੱਕ ਦੇ ਕਾਰਜਕਾਲ ਨੂੰ ਵੀ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਉਸ ਸਮੇਂ ਪੰਜਾਬ ਵਿੱਚ ਨਸ਼ਿਆਂ ਦਾ ਵਿਆਪਕ ਫੈਲਾਅ ਹੋਇਆ ਅਤੇ ਸਰਕਾਰ ਇਸ ਨੂੰ ਰੋਕਣ ਵਿੱਚ ਅਸਫਲ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਆਪਣੇ ਸ਼ਾਸਨ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਉਨ੍ਹਾਂ ਨੂੰ ਗੁਮਰਾਹ ਕੀਤਾ।

ਬਲਤੇਜ ਪੰਨੂ ਨੇ 2015 ਦੀਆਂ ਬੇਅਦਬੀ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਚੋਰੀ, ਉਸ ਤੋਂ ਬਾਅਦ ਹੋਈਆਂ ਬੇਅਦਬੀਆਂ, ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਪੁਲੀਸ ਫਾਇਰਿੰਗ ਵਰਗੀਆਂ ਘਟਨਾਵਾਂ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਦੌਰਾਨ ਹੀ ਵਾਪਰੀਆਂ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਉਸ ਵੇਲੇ ਸਬੂਤਾਂ ਨਾਲ ਛੇੜਛਾੜ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਦੇ ਵੀ ਗੰਭੀਰ ਦੋਸ਼ ਸਾਹਮਣੇ ਆਏ ਸਨ।

ਆਪਣੇ ਸੰਬੋਧਨ ਦੌਰਾਨ ਪੰਨੂ ਨੇ ਸੁਖਬੀਰ ਸਿੰਘ ਬਾਦਲ ਨੂੰ ਸਿੱਧਾ ਸਵਾਲ ਕੀਤਾ ਕਿ ਜੇਕਰ ਅਕਾਲੀ ਦਲ ਸੱਚਮੁੱਚ 19 ਜੁਲਾਈ ਨੂੰ "ਧਰਮ ਯੁੱਧ ਮੋਰਚਾ" ਸ਼ੁਰੂ ਕਰਨ ਲਈ ਗੰਭੀਰ ਸੀ, ਤਾਂ ਫਿਰ ਅਜੇ ਤੱਕ ਨਾ ਉਸ ਦੀ ਰਣਨੀਤੀ, ਨਾ ਲੀਡਰਸ਼ਿਪ ਅਤੇ ਨਾ ਹੀ ਕਾਰਜਕ੍ਰਮ ਬਾਰੇ ਕੋਈ ਜਾਣਕਾਰੀ ਜਨਤਕ ਕਿਉਂ ਨਹੀਂ ਕੀਤੀ ਗਈ।

ਇਸ ਮੁੱਦੇ ਨੂੰ ਲੈ ਕੇ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਆਹਮੋ-ਸਾਹਮਣੇ ਆ ਗਏ ਹਨ। ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਹੈ ਕਿ 19 ਜੁਲਾਈ ਨੂੰ ਅਕਾਲੀ ਦਲ ਆਪਣੇ ਐਲਾਨ ਅਨੁਸਾਰ ਕੋਈ ਕਦਮ ਚੁੱਕਦਾ ਹੈ ਜਾਂ ਇਸ ਮਾਮਲੇ 'ਤੇ ਹੋਰ ਸਪੱਸ਼ਟੀਕਰਨ ਦਿੰਦਾ ਹੈ।

# ਦਸਤਾਰ ਸਜਾ ਪੰਜਾਬ ਪਹੁੰਚੇ ਪ੍ਰਧਾਨ ਮੰਤਰੀ ਮੋਦੀ, ਜਲੰਧਰ ਤੋਂ ਚੰਡੀਗੜ੍ਹ ਤੇ ਹਰਿਆਣਾ ਤੱਕ ਵਿਕਾਸ ਪ੍ਰੋਜੈਕਟਾਂ ਦੀ ਦਿੱਤੀ ਵੱਡੀ ਸੌਗਾਤ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੇ ਪੰਜਾਬ, ਚੰਡੀਗੜ੍ਹ ਅਤੇ ਹਰਿਆਣਾ ਦੇ ਵਿਸ਼ਾਲ ਦੌਰੇ ਦੌਰਾਨ ਕਈ ਮਹੱਤਵਪੂਰਨ ਵਿਕਾਸ ਪ੍ਰੋਜੈਕਟਾਂ ਨੂੰ ਲੋਕਾਂ ਨੂੰ ਸਮਰਪਿਤ ਕੀਤਾ। ਦਸਤਾਰ ਸਜਾ ਕੇ ਜਲੰਧਰ ਪਹੁੰਚੇ ਪ੍ਰਧਾਨ ਮੰਤਰੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਆਪਣੇ ਦੌਰੇ ਦੀ ਸ਼ੁਰੂਆਤ ਉਨ੍ਹਾਂ ਨੇ ਨਵੇਂ ਰੂਪ ਵਿੱਚ ਤਿਆਰ ਕੀਤੇ ਗਏ ਜਲੰਧਰ ਕੈਂਟ ਰੇਲਵੇ ਸਟੇਸ਼ਨ ਦੇ ਉਦਘਾਟਨ ਨਾਲ ਕੀਤੀ। ਇਸ ਮੌਕੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ।

ਆਧੁਨਿਕ ਤਕਨੀਕ ਨਾਲ ਲੈਸ ਜਲੰਧਰ ਕੈਂਟ ਰੇਲਵੇ ਸਟੇਸ਼ਨ ਨੂੰ ਯਾਤਰੀਆਂ ਲਈ ਕਈ ਨਵੀਆਂ ਸਹੂਲਤਾਂ ਨਾਲ ਤਿਆਰ ਕੀਤਾ ਗਿਆ ਹੈ। ਇੱਥੇ ਏਅਰ ਕੰਡੀਸ਼ਨਡ ਉਡੀਕ ਘਰ, ਐਸਕੇਲੇਟਰ, ਲਿਫ਼ਟਾਂ, ਡਿਜੀਟਲ ਲਾਕਰ, ਆਧੁਨਿਕ ਸੁਰੱਖਿਆ ਪ੍ਰਣਾਲੀ ਅਤੇ ਦਿਵਿਆਂਗ ਯਾਤਰੀਆਂ ਲਈ ਵਿਸ਼ੇਸ਼ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਨਵੇਂ ਡਿਜ਼ਾਈਨ ਵਾਲਾ ਇਹ ਸਟੇਸ਼ਨ ਹੁਣ ਹਵਾਈ ਅੱਡੇ ਵਰਗਾ ਅਨੁਭਵ ਦੇਣ ਵਾਲਾ ਬਣ ਗਿਆ ਹੈ, ਜਿਸ ਨਾਲ ਉੱਤਰੀ ਭਾਰਤ ਦੇ ਮਹੱਤਵਪੂਰਨ ਰੇਲਵੇ ਕੇਂਦਰਾਂ ਵਿੱਚ ਇਸ ਦੀ ਗਿਣਤੀ ਹੋਵੇਗੀ।

ਪ੍ਰਧਾਨ ਮੰਤਰੀ ਦੇ ਦੌਰੇ ਨੂੰ ਲੈ ਕੇ ਜਲੰਧਰ ਵਿੱਚ ਸੁਰੱਖਿਆ ਦੇ ਅਸਾਧਾਰਣ ਪ੍ਰਬੰਧ ਕੀਤੇ ਗਏ। ਰੇਲਵੇ ਸਟੇਸ਼ਨ, ਸਮਾਗਮ ਸਥਾਨ ਅਤੇ ਪੂਰੇ ਰੂਟ 'ਤੇ ਪੁਲਿਸ, ਅਰਧ ਸੈਨਿਕ ਬਲਾਂ ਅਤੇ ਸੁਰੱਖਿਆ ਏਜੰਸੀਆਂ ਦੀ ਵੱਡੀ ਤਾਇਨਾਤੀ ਕੀਤੀ ਗਈ ਸੀ ਤਾਂ ਜੋ ਦੌਰਾ ਪੂਰੀ ਤਰ੍ਹਾਂ ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਸੰਪੰਨ ਹੋ ਸਕੇ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਚੰਡੀਗੜ੍ਹ ਪਹੁੰਚੇ, ਜਿੱਥੇ ਉਨ੍ਹਾਂ ਨੇ ਟ੍ਰਾਈਸਿਟੀ ਅਤੇ ਆਸ-ਪਾਸ ਦੇ ਖੇਤਰਾਂ ਲਈ 4,700 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਚੰਡੀਗੜ੍ਹ ਸਿਰਫ਼ ਇੱਕ ਸ਼ਹਿਰ ਨਹੀਂ, ਸਗੋਂ ਵਿਕਸਤ ਭਾਰਤ ਦੀ ਸੋਚ ਅਤੇ ਆਧੁਨਿਕ ਵਿਕਾਸ ਮਾਡਲ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਦਾ ਵਿਕਾਸ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਲੱਖਾਂ ਲੋਕਾਂ ਨੂੰ ਸਿੱਧਾ ਲਾਭ ਪਹੁੰਚਾਉਂਦਾ ਹੈ।

ਪ੍ਰਧਾਨ ਮੰਤਰੀ ਨੇ ਕਾਨੂੰਨੀ ਸੁਧਾਰਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੁਰਾਣੀ ਦੰਡ ਸੰਹਿਤਾ ਦੀ ਥਾਂ 'ਤੇ ਭਾਰਤੀ ਨਿਆ ਸੰਹਿਤਾ ਲਾਗੂ ਕੀਤੀ ਗਈ ਹੈ ਅਤੇ ਇਸ ਨਾਲ ਜੁੜੀ ਡਿਜੀਟਲ ਪ੍ਰਣਾਲੀ ਦੀ ਸ਼ੁਰੂਆਤ ਵੀ ਚੰਡੀਗੜ੍ਹ ਤੋਂ ਹੀ ਹੋਈ ਸੀ। ਉਨ੍ਹਾਂ ਕਿਹਾ ਕਿ ਨਵੀਂ ਵਿਵਸਥਾ ਨਾਲ ਨਿਆਂ ਪ੍ਰਕਿਰਿਆ ਹੋਰ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਬਣੇਗੀ।

ਸਿਹਤ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਪੀਜੀਆਈਐਮਈਆਰ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ 2015 ਤੋਂ ਬਾਅਦ ਪੀਜੀਆਈ ਦਾ ਕਾਫ਼ੀ ਵਿਸਥਾਰ ਹੋਇਆ ਹੈ ਅਤੇ ਅੱਜ ਇੱਥੇ ਐਡਵਾਂਸਡ ਮਦਰ ਐਂਡ ਚਾਈਲਡ ਸੈਂਟਰ ਅਤੇ ਐਡਵਾਂਸਡ ਨਿਊਰੋਸਾਇੰਸ ਸੈਂਟਰ ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪੀਜੀਆਈ ਚੰਡੀਗੜ੍ਹ ਵਿੱਚ ਨਵੇਂ ਐਮਬੀਬੀਐਸ ਕਾਲਜ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ, ਜਿਸ ਨਾਲ ਦੇਸ਼ ਵਿੱਚ ਮੈਡੀਕਲ ਸਿੱਖਿਆ ਅਤੇ ਡਾਕਟਰਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਵੇਗਾ।

ਆਪਣੇ ਭਾਸ਼ਣ ਦੌਰਾਨ ਪ੍ਰਧਾਨ ਮੰਤਰੀ ਨੇ ਪਦਮ ਸ਼੍ਰੀ ਸਨਮਾਨਤ ਸਾਬਕਾ ਆਈਪੀਐਸ ਅਧਿਕਾਰੀ ਇੰਦਰਜੀਤ ਸਿੰਘ ਸਿੱਧੂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਵੱਛਤਾ ਪ੍ਰਤੀ ਉਨ੍ਹਾਂ ਦਾ ਯੋਗਦਾਨ ਸਮਾਜ ਲਈ ਪ੍ਰੇਰਨਾਦਾਇਕ ਹੈ। ਇਸ ਤੋਂ ਇਲਾਵਾ ਮੋਦੀ ਨੇ ਕਿਹਾ ਕਿ ਪਿਛਲੇ ਬਾਰ੍ਹਾਂ ਸਾਲਾਂ ਵਿੱਚ ਦੇਸ਼ ਦੇ ਮੈਡੀਕਲ ਢਾਂਚੇ ਵਿੱਚ ਇਤਿਹਾਸਕ ਬਦਲਾਅ ਆਏ ਹਨ ਅਤੇ ਮੈਡੀਕਲ ਕਾਲਜਾਂ ਅਤੇ ਸੀਟਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਉਨ੍ਹਾਂ ਹੋਮੀ ਭਾਭਾ ਕੈਂਸਰ ਹਸਪਤਾਲ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਲੋਕਾਂ ਨੂੰ ਘੱਟ ਖ਼ਰਚ 'ਤੇ ਉੱਚ ਪੱਧਰੀ ਇਲਾਜ ਮਿਲ ਰਿਹਾ ਹੈ।

ਹਰਿਆਣਾ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੇ ਜੀਂਦ ਰੇਲਵੇ ਸਟੇਸ਼ਨ ਤੋਂ ਦੇਸ਼ ਦੀ ਪਹਿਲੀ ਹਾਈਡ੍ਰੋਜਨ-ਚਾਲਿਤ ਟ੍ਰੇਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਵਦੇਸ਼ੀ ਤਕਨੀਕ ਨਾਲ ਤਿਆਰ ਕੀਤੀ ਗਈ ਇਹ ਟ੍ਰੇਨ ਹਾਈਡ੍ਰੋਜਨ ਫਿਊਲ ਸੈੱਲ ਨਾਲ ਚੱਲਦੀ ਹੈ ਅਤੇ ਜ਼ੀਰੋ ਕਾਰਬਨ ਨਿਕਾਸ ਕਰਦੀ ਹੈ। ਇਸ ਨੂੰ ਭਾਰਤ ਵਿੱਚ ਹਰੀ ਅਤੇ ਵਾਤਾਵਰਣ ਅਨੁਕੂਲ ਆਵਾਜਾਈ ਵੱਲ ਇੱਕ ਵੱਡੀ ਕ੍ਰਾਂਤੀ ਮੰਨਿਆ ਜਾ ਰਿਹਾ ਹੈ।

ਇਸੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੇ 23 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਸੜਕ, ਸਿਹਤ ਅਤੇ ਸਿੱਖਿਆ ਨਾਲ ਜੁੜੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖਿਆ। ਉਨ੍ਹਾਂ ਕੁਰੂਕਸ਼ੇਤਰ ਵਿੱਚ ਸਿੱਖ ਅਜਾਇਬ ਘਰ ਦੀ ਨੀਂਹ ਰੱਖਣ, ਹਾਂਸੀ-ਬਰਵਾਲਾ ਨੈਸ਼ਨਲ ਹਾਈਵੇਅ ਅਤੇ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸਵੇਅ ਦੇ ਹਰਿਆਣਾ ਹਿੱਸੇ ਸਮੇਤ ਕਈ ਮਹੱਤਵਪੂਰਨ ਬੁਨਿਆਦੀ ਢਾਂਚੇ ਵਾਲੇ ਪ੍ਰੋਜੈਕਟਾਂ ਨੂੰ ਵੀ ਰਾਸ਼ਟਰ ਨੂੰ ਸਮਰਪਿਤ ਕੀਤਾ।

ਪ੍ਰਧਾਨ ਮੰਤਰੀ ਦੇ ਇਸ ਬਹੁਪੱਖੀ ਦੌਰੇ ਦੌਰਾਨ ਚੰਡੀਗੜ੍ਹ, ਹਰਿਆਣਾ ਅਤੇ ਪੰਜਾਬ ਵਿੱਚ ਸੁਰੱਖਿਆ ਦੇ ਬਹੁਤ ਸਖ਼ਤ ਪ੍ਰਬੰਧ ਕੀਤੇ ਗਏ ਅਤੇ ਲਗਭਗ 10 ਹਜ਼ਾਰ ਸੁਰੱਖਿਆ ਕਰਮਚਾਰੀ ਤਾਇਨਾਤ ਰਹੇ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕਾਂਗਰਸੀ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਗੈਰਹਾਜ਼ਰੀ ਵੀ ਸਿਆਸੀ ਚਰਚਾ ਦਾ ਵਿਸ਼ਾ ਬਣੀ ਰਹੀ, ਜਦਕਿ ਰਾਜ ਸਰਕਾਰ ਵੱਲੋਂ ਪ੍ਰੋਟੋਕਾਲ ਅਨੁਸਾਰ ਨੁਮਾਇੰਦਗੀ ਯਕੀਨੀ ਬਣਾਈ ਗਈ।

# ਗੁਰੂ ਗਰੰਥ ਸਾਹਿਬ ਦੇ 225 ਸਰੂਪਾਂ ਨੂੰ ਸਰੀ ਭੇਜੇ ਜਾਣ ਦੀ ਪ੍ਰਕਿਰਿਆ ਤੇ ਸਵਾਲ ਉਠਾਏ

## ਸਿੱਖ ਸੰਗਤਾਂ ਦੇ ਤੌਖਲੇ ਦੂਰ ਕੀਤੇ ਜਾਣ- 19 ਜੁਲਾਈ ਨੂੰ ਗੁ ਸਿੰਘ ਸਭਾ ਤੱਕ ਰੋਸ ਮਾਰਚ ਕਰਨ ਦਾ ਐਲਾਨ



**ਸਰੀ –** ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋ ਗੁਰਦੁਆਰਾ ਸਿੰਘ ਸਭਾ ਸਰੀ ਨੂੰ ਭੇਜੇ ਗਏ ਗੁਰੂ ਗ੍ਰੰਥ ਸਾਹਿਬ ਦੇ 225 ਸਰੂਪਾਂ ਦੇ ਸਤਿਕਾਰ ਅਤੇ ਮਰਿਆਦਾ ਦੇ ਮੁੱਦੇ ਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਬੀਸੀ ਗੁਰਦੁਆਰਾ ਸਾਹਿਬਾਨ ਤੇ ਸਿੱਖ ਸੰਗਤ ਵਲੋਂ ਬੁਲਾਈ ਗਈ ਇਕ ਪ੍ਰੈਸ ਕਾਨਫਰੰਸ ਦੌਰਾਨ ਗੰਭੀਰ ਸਵਾਲ ਉਠਾਏ ਗਏ ਹਨ।
ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਨ ਵਾਲੇ ਸਿੱਖ ਆਗੂਆਂ ਵਿਚ ਸ਼ਾਮਿਲ ਗਿਆਨੀ ਜੈਮਲ ਸਿੰਘ, ਭਾਈ ਹਰਦੀਪ ਸਿੰਘ ਨਾਗਰਾ, ਭਾਈ ਗਗਨ ਸਿੰਘ, ਭਾਈ ਜਸਵੀਰ ਸਿੰਘ ਸੈਕਟਰੀ ਦਸਮੇਸ਼ ਦਰਬਾਰ ਸਰੀ, ਭਾਈ ਗੁਰਦੀਪ ਸਿੰਘ ਸਮਰਾ ਗੁਰਦੁਆਰਾ ਨਿਊ ਵੈਸਟ ਮਨਿਸਟਰ, ਭਾਈ ਭੁਪਿੰਦਰ ਸਿੰਘ ਹੋਠੀ, ਭਾਈ ਅਮਨਦੀਪ ਸਿੰਘ ਜੌਹਲ, ਭਾਈ ਰਣਜੀਤ ਸਿੰਘ ਖਾਲਸਾ ਗੁਰਦੁਆਰਾ ਬਾਬਾ ਬੰਦਾ ਬਹਾਦਰ ਸਾਹਿਬ ਐਬਸਫੋਰਡ ਤੇ ਭਾਈ ਲਖਵੰਤ ਸਿੰਘ ਸ਼ਾਮਿਲ ਸਨ। ਭਾਈ ਜੈਮਲ ਸਿੰਘ ਨੇ ਪ੍ਰੈਸ ਕਾਨਫਰੰਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਬੀਤੇ ਦਿਨੀ ਜੋ ਗੁਰੂ ਗਰੰਥ ਸਾਹਿਬ ਦੇ ਸਰੂਪ ਗੁਰਦੁਆਰਾ ਸਿੰਘ ਸਭਾ ਸਰੀ ਵਿਖੇ ਪੁੱਜੇ ਹਨ, ਉਹਨਾਂ ਨੂੰ ਸ੍ਰੋਮਣੀ ਕਮੇਟੀ ਵਲੋਂ ਇਕ ਬੱਸ ਵਿਚ ਰੱਖਕੇ ਕੰਨਟੇਨਰ ਅਤੇ ਸਮੁੰਦਰੀ ਰਸਤੇ ਭੇਜਿਆ ਗਿਆ ਹੈ। ਉਹਨਾਂ ਕਿਹਾ ਕਿ ਸਮੁੰਦਰੀ ਰਸਤੇ ਆਉਣ ਕਾਰਣ ਸਪੱਸ਼ਟ ਹੈ ਕਿ ਇਹਨਾਂ ਸਰੂਪਾਂ ਦੇ ਸਤਿਕਾਰ ਅਤੇ ਰੱਖ ਰੱਖਾਵ ਵਿਚ ਕੁਤਾਹੀ ਹੋਈ ਹੈ। ਉਹਨਾਂ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਵਲੋਂ ਉਹਨਾਂ ਨੂੰ ਇਹਨਾਂ ਸਰੂਪਾਂ ਦੇ ਦਰਸ਼ਨ ਨਾ ਕਰਵਾਏ ਜਾਣ ਅਤੇ ਜਦੋਂ ਇਹ ਸਰੂਪ ਗੁਰਦੁਆਰਾ ਸਾਹਿਬ ਲਿਆਂਦੇ ਗਏ, ਉਸ ਸਮੇ ਹੋਰ ਕਿਸੇ ਗੁਰਦੁਆਰਾ ਸਾਹਿਬ ਅਤੇ ਪ੍ਰਬੰਧਕੀ ਕਮੇਟੀਆਂ ਨੂੰ ਸੂਚਿਤ ਨਾ ਕੀਤੇ ਜਾਣ ਤੇ ਵੀ ਕਈ ਸਵਾਲ ਉਠਾਏ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਹਨਾਂ ਸਰੂਪਾਂ ਦੇ ਕੈਨੇਡਾ ਵਿਖੇ ਪੁੱਜਣ ਵਿਚ ਪੂਰੀ ਮਰਿਯਾਦਾ ਦਾ ਖਿਆਲ ਰੱਖੇ ਜਾਣ ਸਬੰਧੀ ਜਾਰੀ ਪੱਤਰ ਉਪਰ ਕਿੰਤੂ ਪ੍ਰਗਟ ਕਰਦਿਆਂ ਕਿਹਾ ਕਿ ਇਸ ਪੱਤਰ ਉਪਰ ਸਿੰਘ ਸਾਹਿਬ ਦੇ ਦਸਤਖਤਾਂ ਦੀ ਥਾਂ ਇਕ ਕਰਮਚਾਰੀ ਬਗੀਚਾ ਸਿੰਘ ਦੇ ਦਸਤਖਤ ਹਨ। ਉਹਨਾਂ ਹੋਰ ਕਿਹਾ ਕਿ ਸ੍ਰੋਮਣੀ ਕਮੇਟੀ ਨੂੰ ਇਸ ਸਬੰਧੀ ਸਪੱਸ਼ਟ ਕੀਤੇ ਜਾਣ ਬਾਰੇ ਲਿਖੇ ਗਏ ਪੱਤਰ ਦਾ ਵੀ ਉਹਨਾਂ ਨੂੰ ਕੋਈ ਜਵਾਬ ਨਹੀ ਆਇਆ।

ਇਸ ਮੌਕੇ ਸਿੱਖ ਆਗੂਆਂ ਨੇ ਸਰੂਪਾਂ ਨੂੰ ਵੱਡੀ ਗਿਣਤੀ ਵਿਚ ਇਥੇ ਲਿਆਂਦੇ ਜਾਣ ਅਤੇ ਰਸਤੇ ਵਿਚ ਸਤਿਕਾਰ ਸਬੰਧੀ ਹੋਈਆਂ ਕੁਤਾਹੀਆਂ ਤੇ ਸਵਾਲ ਖੜੇ ਕਰਦਿਆਂ ਇਸ ਲਈ ਗੁਰੁਦਆਰਾ ਸਿੰਘ ਸਭਾ ਸਰੀ ਦੇ ਪ੍ਰਬੰਧਕਾਂ ਨੂੰ ਜਿੰਮੇਵਾਰ ਠਹਿਰਾਇਆ ਤੇ ਐਲਾਨ ਕੀਤਾ ਕਿ ਉਹ 19 ਜੁਲਾਈ ਨੂੰ ਸੰਗਤੀ ਰੂਪ ਵਿਚ ਗੁਰਦੁਆਰਾ ਸਿੰਘ ਸਭਾ ਜਾਣਗੇ ਤੇ ਉਥੋਂ ਦੇ ਪ੍ਰਬੰਧਕਾਂ ਤੋਂ ਜਵਾਬ ਲੈਣਗੇ। ਉਹਨਾਂ ਸੰਗਤਾਂ ਨੂੰ ਵੱਡੀ ਗਿਣਤੀ ਵਿਚ ਉਥੇ ਪੁੱਜਣ ਤੇ ਫਿਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਤੱਕ ਰੋਸ ਮਾਰਚ ਕੀਤੇ ਜਾਣ ਦਾ ਸੱਦਾ ਦਿੱਤਾ ਹੈ।
ਜਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਸਬੰਧੀ ਆਦੇਸ਼ ਪੱਤਰ ਜਾਰੀ ਕਰਦਿਆਂ ਸਰੂਪ ਭੇਜਣ ਦੀ ਪ੍ਰਕਿਰਿਆ ਨੂੰ ਮਰਿਯਾਦਾ ਮੁਤਾਬਿਕ ਦੱਸਿਆ ਗਿਆ ਹੈ ਤੇ ਪੰਥ ਵਿਚ ਕਿਸੇ ਵੀ ਤਰਾਂ ਦੀ ਦੁਬਿਧਾ ਤੋਂ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਸ੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਇਸ ਸਬੰਧੀ ਇਕ ਵੀਡੀਓ ਸੁਨੇਹਾ ਜਾਰੀ ਕੀਤਾ ਹੈ ਜਦੋਂਕਿ ਪ੍ਰੈਸ ਕਾਨਫਰੰਸ ਵਾਲੇ ਆਗੂਆਂ ਦਾ ਕਹਿਣਾ ਹੈ ਕਿ ਸ੍ਰੋਮਣੀ ਕਮੇਟੀ ਜਾਂ ਅਕਾਲ ਤਖਤ ਨੇ ਉਹਨਾਂ ਦੇ ਤੌਖਲੇ ਦੂਰ ਨਹੀਂ ਕੀਤੇ। ਪ੍ਰੈਸ ਕਾਨਫਰੰਸ ਮੌਕੇ ਪੱਤਰਕਾਰਾਂ ਨਾਲ ਸਵਾਲ ਜਵਾਬ ਦੌਰਾਨ ਮਾਹੌਲ ਉਸ ਸਮੇਂ ਤਲਖ ਹੋਣੋ ਟਲ ਗਿਆ ਜਦੋਂ ਪੱਤਰਕਾਰਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਪੱਤਰ ਵਿਚ ਸਿੱਖ ਸੰਗਤਾਂ ਵਿਚ ਕਿਸੇ ਵੀ ਤਰਾਂ ਦੀ ਦੁਬਿਧਾ ਪੈਦਾ ਕਰਨ ਤੋਂ ਸੰਕੋਚ ਕਰਨ ਅਤੇ ਕਿਸੇ ਵੀ ਇਤਰਾਜ਼ ਸਬੰਧੀ ਸੁਝਾਅ ਭੇਜੇ ਜਾਣ ਦੇ ਆਦੇਸ਼ ਦੇ ਬਾਵਜੂਦ ਪ੍ਰਬੰਧਕਾਂ ਵਲੋਂ ਪ੍ਰੈਸ ਕਾਨਫਰੰਸ ਬੁਲਾਉਣ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕੀਤੇ ਜਾਣ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦਾ ਜਵਾਬ ਸੀ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਨ ਪਰ ਤਖਤ ਸਾਹਿਬ ਦੇ ਜਥੇਦਾਰ ਨੇ ਉਹਨਾਂ ਨੂੰ ਸਿੱਧੇ ਤੌਰ ਤੇ ਕੋਈ ਆਦੇਸ਼ ਨਹੀ ਦਿੱਤਾ। ਉਹ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਦੇ ਕਿਸੇ ਮੈਨੇਜਰ ਜਾਂ ਕਰਮਚਾਰੀ ਦੇ ਦਸਤਖਤਾਂ ਹੇਠ ਜਾਰੀ ਪੱਤਰ ਨੂੰ ਅਕਾਲ ਤਖਤ ਸਾਹਿਬ ਦਾ ਆਦੇਸ਼ ਨਹੀ ਮੰਨਦੇ। ਸ੍ਰੋਮਣੀ ਕਮੇਟੀ ਦੇ ਸਕੱਤਰ ਵਲੋਂ ਇਕ ਸੋਸ਼ਲ ਮੀਡੀਆ ਸੰਦੇਸ਼ ਰਾਹੀਂ ਸਰੂਪ ਭੇਜੇ ਜਾਣ ਦੀ ਪ੍ਰਕਿਰਿਆ ਦੌਰਾਨ ਪੂਰਨ ਮਰਿਯਾਦਾ ਦਾ ਖਿਆਲ ਰੱਖੇ ਜਾਣ ਬਾਰੇ ਪੁੱਛੇ ਜਾਣ ਤੇ ਉਹਨਾਂ ਕਿਹਾ ਕਿ ਸ੍ਰੋਮਣੀ ਕਮੇਟੀ ਸਿੱਖ ਸੰਗਤ ਨੂੰ ਗੁੰਮਰਾਹ ਕਰ ਰਹੀ ਹੈ। ਗੁਰੁਦਆਰਾ ਸਿੰਘ ਸਭਾ ਦੇ ਪ੍ਰਬੰਧਕਾਂ ਵਲੋਂ ਮੰਗਵਾਏ ਗਏ ਸਰੂਪ ਇਥੇ ਬੰਕ ਬੈਡਾਂ ਉਪਰ ਰੱਖੇ ਜਾਣ ਦੇ ਖੁਲਾਸੇ ਤੇ ਇਕ ਪੱਤਰਕਾਰ ਵਲੋਂ ਪਿਛਲੇ ਸਮੇਂ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਰੀ ਦੀ ਇਕ ਸੰਸਥਾ ਤੋਂ ਪ੍ਰਾਪਤ ਕੀਤੇ ਗਏ 72 ਸਰੂਪਾਂ ਨੂੰ ਇਕ ਪਲੰਘ ਉਪਰ ਰੱਖੇ ਜਾਣ ਅਤੇ ਕੀ ਉਸ ਵੇਲੇ ਪ੍ਰਬੰਧਕਾਂ ਨੇ 72 ਸਰੂਪਾਂ ਲਈ 72 ਪੀੜਾ ਸਾਹਿਬ ਦਾ ਪ੍ਰਬੰਧ ਕੀਤਾ ਸੀ, ਦੇ ਸਵਾਲ ਤੇ ਸਭ ਨਿਰਉਤਰ ਸਨ। ਪ੍ਰੈਸ ਕਾਨਫਰੰਸ ਦੇ ਪ੍ਰਬੰਧਕਾਂ ਦੇ ਇਕ ਸਾਥੀ ਨੇ ਪੱਤਰਕਾਰਾਂ ਵਲੋਂ ਤਿੱਖੇ ਸਵਾਲ ਪੁੱਛੇ ਜਾਣ ਤੇ ਇਤਰਾਜ ਪ੍ਰਗਟ ਕਰਦਿਆਂ ਇਸਨੂੰ ਡਿਬੇਟ ਕਰਾਰ ਦਿੰਦਿਆਂ ਪ੍ਰੈਸ ਕਾਨਫਰੰਸ ਤੁਰੰਤ ਸਮੇਟਣ ਲਈ ਕਿਹਾ।ਲ਼ਓਨਗੁਓਗਓ_ਇਸੋੁਰਚਓਸ

ਬੀਸੀ ਗੁਰਦੁਆਰਾ ਸਾਹਿਬਾਨ ਤੇ ਸਿੱਖ ਸੰਗਤ ਦੀ ਤਰਫੋਂ ਜਾਰੀ ਪ੍ਰੈਸ ਨੋਟ ਦੀ ਕਾਪੀ-
ਸਰੀ-ਅੱਜ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ, ਸਰੀ-ਡੈਲਟਾ ਵਿਖੇ ਸਥਿਤ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਯਾਦਗਾਰੀ ਇਮਾਰਤ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 225 ਪਾਵਨ ਸਰੂਪਾਂ ਨੂੰ ਸਮੁੰਦਰੀ ਜਹਾਜ਼ ਰਾਹੀਂ ਕਾਰਗੋ ਕੰਟੇਨਰ ਵਿੱਚ ਕੈਨੇਡਾ ਲਿਆਉਣ, ਪਾਲਕੀ ਬੱਸ ਰਾਹੀਂ ਅੱਗੇ ਲਿਜਾਣ ਅਤੇ ਉਨ੍ਹਾਂ ਦੀ ਸੰਭਾਲ ਨਾਲ ਜੁੜੇ ਗੰਭੀਰ ਮਸਲਿਆਂ ਸਬੰਧੀ ਇੱਕ ਮਹੱਤਵਪੂਰਨ ਪ੍ਰੈਸ ਕਾਨਫਰੰਸ ਕੀਤੀ ਗਈ।
ਪ੍ਰੈਸ ਕਾਨਫਰੰਸ ਦੌਰਾਨ ਸੰਗਤ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਇਹ ਮਸਲਾ ਕਿਸੇ ਵਿਅਕਤੀ ਜਾਂ ਸੰਸਥਾ ਦੇ ਵਿਰੁੱਧ ਨਹੀਂ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਗੁਰਮਤਿ ਮਰਿਆਦਾ ਅਤੇ ਪੰਥਕ ਸਿਧਾਂਤਾਂ ਦੀ ਰੱਖਿਆ ਨਾਲ ਸਬੰਧਿਤ ਹੈ।
ਪ੍ਰੈਸ ਕਾਨਫਰੰਸ ਦੌਰਾਨ ਹੇਠ ਲਿਖੇ ਮੁੱਖ ਨੁਕਤੇ ਰੱਖੇ ਗਏ:-
1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸਮੁੰਦਰੀ ਜਹਾਜ਼ਾਂ, ਕਾਰਗੋ ਕੰਟੇਨਰਾਂ, ਪਾਲਕੀ ਬੱਸਾਂ ਜਾਂ ਹੋਰ ਵਪਾਰਕ ਮਾਲ ਢੋਣ ਵਾਲੇ ਸਾਧਨਾਂ ਰਾਹੀਂ ਭੇਜਣ ਦੀ ਪ੍ਰਥਾ ਤੁਰੰਤ ਬੰਦ ਕੀਤੀ ਜਾਵੇ।
2. ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਪੱਸ਼ਟ ਹੁਕਮਨਾਮਾ ਜਾਰੀ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਵਿਦੇਸ਼ਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਕੇਵਲ ਹਵਾਈ ਮਾਰਗ ਰਾਹੀਂ ਅਤੇ ਪੂਰੀ ਗੁਰਮਤਿ ਮਰਿਆਦਾ ਅਨੁਸਾਰ ਹੀ ਭੇਜੇ ਜਾਣ।
3. ਸਾਲ 2014 ਤੋਂ ਲੋਅਰ ਮੇਨਲੈਂਡ ਦੀ ਸੰਗਤ ਵੱਲੋਂ ਪਾਵਨ ਸਰੂਪਾਂ ਨੂੰ ਸਮੁੰਦਰੀ ਰਸਤੇ ਭੇਜਣ ਦਾ ਲਗਾਤਾਰ ਵਿਰੋਧ ਕੀਤਾ ਜਾਂਦਾ ਰਿਹਾ ਹੈ। ਇਸ ਸੰਗਤੀ ਭਾਵਨਾ ਅਤੇ ਫ਼ੈਸਲੇ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।
4 ਜਿਨ੍ਹਾਂ ਸੰਸਥਾਵਾਂ ਜਾਂ ਪਰਿਵਾਰਾਂ ਵੱਲੋਂ ਪਾਵਨ ਸਰੂਪਾਂ ਦੀ ਮੰਗ ਕੀਤੀ ਗਈ ਹੈ, ਉਨ੍ਹਾਂ ਦੇ ਨਾਮ, ਪਤੇ ਅਤੇ ਗੁਰੂ ਸਾਹਿਬ ਦੇ ਸਰੂਪ ਦੀ ਮਰਿਆਦਾ ਅਨੁਸਾਰ ਸੇਵਾ-ਸੰਭਾਲ ਕਰਨ ਦੀ ਯੋਗਤਾ ਸਬੰਧੀ ਪੂਰਾ ਰਿਕਾਰਡ ਰੱਖਿਆ ਜਾਵੇ।
4. ਇਹ ਦਲੀਲ ਕਿ ਪਾਵਨ ਸਰੂਪਾਂ ਦੀ "ਮੰਗ ਬਹੁਤ ਹੈ", ਤੱਥਾਂ ਅਤੇ ਪ੍ਰਮਾਣਾਂ ਨਾਲ ਸਾਬਤ ਕੀਤੀ ਜਾਵੇ। ਲੋਅਰ ਮੇਨਲੈਂਡ ਦੇ ਕਈ ਗੁਰਦੁਆਰਾ ਸਾਹਿਬਾਨ ਅਨੁਸਾਰ ਅਜਿਹੇ ਮਾਮਲੇ ਵੀ ਸਾਹਮਣੇ ਆ ਰਹੇ ਹਨ, ਜਿੱਥੇ ਮਰਿਆਦਾ ਅਨੁਸਾਰ ਸੇਵਾ-ਸੰਭਾਲ ਸੰਭਵ ਨਾ ਹੋਣ ਕਾਰਨ ਸਰੂਪ ਵਾਪਸ ਕੀਤੇ ਜਾ ਰਹੇ ਹਨ।
6 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ, ਆਵਾਜਾਈ, ਸੇਵਾ-ਸੰਭਾਲ ਅਤੇ ਅੱਗੇ ਸੌਂਪਣ ਦੀ ਪ੍ਰਕਿਰਿਆ ਲਈ ਵਿਸਥਾਰਪੂਰਵਕ ਵਿਸ਼ਵ ਪੱਧਰੀ ਗੁਰਮਤਿ ਮਰਿਆਦਾ ਅਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ।




5. ਇਸ ਮਾਮਲੇ ਨਾਲ ਸਬੰਧਿਤ ਸਾਰੀਆਂ ਘਟਨਾਵਾਂ ਅਤੇ ਫ਼ੈਸਲਿਆਂ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਕਰਕੇ ਜ਼ਿੰਮੇਵਾਰ ਵਿਅਕਤੀਆਂ ਅਤੇ ਸੰਸਥਾਵਾਂ ਦੀ ਜਵਾਬਦੇਹੀ ਨਿਰਧਾਰਤ ਕੀਤੀ ਜਾਵੇ।
8 ਲੋਅਰ ਮੇਨਲੈਂਡ ਦੀ ਸੰਗਤ ਵਿਦੇਸ਼ਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਲਈ ਪ੍ਰਿੰਟਿੰਗ ਪ੍ਰੈੱਸ ਸਥਾਪਿਤ ਕਰਨ ਦਾ ਵਿਰੋਧ ਕਰਦੀ ਹੈ।
6. ਸੰਗਤਾਂ ਦੀ ਸਹੂਲਤ ਲਈ ਸ਼ਟਓਨਦਢੋਰਸ਼ਓਟਕਓਰੋ.ਰਗ ਨਾਮ ਦੀ ਇੱਕ ਵੈੱਬਸਾਈਟ ਬਣਾਈ ਗਈ ਹੈ। ਇਸ ਵੈੱਬਸਾਈਟ ਰਾਹੀਂ ਦੁਨੀਆ ਭਰ ਦੀਆਂ ਸੰਗਤਾਂ ਬਹੁਤ ਹੀ ਆਸਾਨੀ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਈਮੇਲ ਭੇਜ ਸਕਦੀਆਂ ਹਨ, ਜਿਸ ਵਿੱਚ ਲਿਖਿਆ ਹੋਵੇਗਾ ਕਿ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸਮੁੰਦਰੀ ਜਹਾਜ਼ ਜਾਂ ਹੋਰ ਵਪਾਰਕ ਕਾਰਗੋ ਸ਼ਿਪਿੰਗ ਰਾਹੀਂ ਵਿਦੇਸ਼ਾਂ ਵਿੱਚ ਭੇਜਣ ਦਾ ਤਰੀਕਾ ਮਨਜ਼ੂਰ ਨਹੀਂ ਹੈ। ਸੰਗਤਾਂ ਦੀ ਬੇਨਤੀ ਹੈ ਕਿ ਇਸ ਪ੍ਰਥਾ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਭਵਿੱਖ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਆਵਾਜਾਈ ਸਿਰਫ਼ ਪੂਰੇ ਸਤਿਕਾਰ, ਮਰਿਆਦਾ ਅਤੇ ਪੰਥਕ ਪਰੰਪਰਾਵਾਂ ਅਨੁਸਾਰ ਹਵਾਈ ਜਹਾਜ਼ ਰਾਹੀਂ ਹੀ ਕੀਤੀ ਜਾਵੇ।
ਪ੍ਰੈਸ ਕਾਨਫਰੰਸ ਵਿੱਚ ਇਹ ਵੀ ਕਿਹਾ ਗਿਆ ਕਿ ਸੰਗਤ ਇਸ ਮਾਮਲੇ ਨੂੰ ਪੂਰੀ ਸ਼ਾਂਤੀ, ਸੰਜਮ ਅਤੇ ਗੁਰੂ ਸਾਹਿਬ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਅੱਗੇ ਵਧਾ ਰਹੀ ਹੈ। ਸੰਗਤ ਦਾ ਉਦੇਸ਼ ਕਿਸੇ ਨਾਲ ਟਕਰਾਅ ਪੈਦਾ ਕਰਨਾ ਨਹੀਂ, ਸਗੋਂ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਉੱਚੀ-ਸੁੱਚੀ ਮਰਿਆਦਾ ਨੂੰ ਯਕੀਨੀ ਬਣਾਉਣਾ ਹੈ।
ਸੰਗਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਨੁਮਾਇੰਦੇ ਵਾਰ-ਵਾਰ ਇਹ ਬਿਆਨ ਦੇ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨਾਲ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਨਹੀਂ ਹੋਈ ਅਤੇ ਸਾਰੇ ਸਰੂਪ ਪੂਰੀ ਮਰਿਆਦਾ ਨਾਲ ਸੁਰੱਖਿਅਤ ਪਹੁੰਚੇ ਹਨ।
ਸੰਗਤ ਦਾ ਕਹਿਣਾ ਹੈ ਕਿ ਸਤਿਕਾਰ ਅਤੇ ਮਰਿਆਦਾ ਦਾ ਜੋ ਮਿਆਰ ਇਨ੍ਹਾਂ ਬਿਆਨਾਂ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ, ਉਹ ਲੋਅਰ ਮੇਨਲੈਂਡ ਦੀ ਸੰਗਤ ਨੂੰ ਪ੍ਰਵਾਨ ਨਹੀਂ ਹੈ।
ਸਾਡਾ ਉਦੇਸ਼ ਕਿਸੇ ਵਿਅਕਤੀ ਜਾਂ ਸੰਸਥਾ ਨਾਲ ਟਕਰਾਅ ਪੈਦਾ ਕਰਨਾ ਨਹੀਂ ਹੈ ਅਤੇ ਨਾ ਹੀ ਅਸੀਂ ਸੰਗਤ ਵਿੱਚ ਕਿਸੇ ਕਿਸਮ ਦੀ ਦੁਬਿਧਾ ਪੈਦਾ ਕਰਨਾ ਚਾਹੁੰਦੇ ਹਾਂ। ਸਾਡੀ ਨਿਮਰ ਬੇਨਤੀ ਕੇਵਲ ਇਹ ਹੈ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਮਰਿਆਦਾ ਦੇ ਪੱਧਰ ਨੂੰ ਹੋਰ ਉੱਚਾ ਕੀਤਾ ਜਾਵੇ। ਸਤਿਕਾਰ ਅਤੇ ਮਰਿਆਦਾ ਦਾ ਜੋ ਮਿਆਰ ਇਸ ਵੇਲੇ ਪੇਸ਼ ਕੀਤਾ ਜਾ ਰਿਹਾ ਹੈ, ਉਹ ਸਾਨੂੰ ਪ੍ਰਵਾਨ ਨਹੀਂ ਹੈ।
ਅਸੀਂ ਹਰ ਸਿੱਖ ਨੂੰ ਬੇਨਤੀ ਕਰਦੇ ਹਾਂ ਕਿ ਗੁਰੂ ਸਾਹਿਬ ਦੇ ਉੱਚੇ-ਸੁੱਚੇ ਸਤਿਕਾਰ ਦੀ ਬਹਾਲੀ ਅਤੇ ਉਸ ਵਿੱਚ ਹੋਰ ਵਾਧਾ ਕਰਨ ਲਈ ਗੰਭੀਰਤਾ ਨਾਲ ਵਿਚਾਰ ਕਰੇ ਅਤੇ ਆਪਣਾ ਯੋਗਦਾਨ ਪਾਵੇ।
ਸੰਗਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਪੰਥਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਇਸ ਗੰਭੀਰ ਮਾਮਲੇ ਬਾਰੇ ਤੁਰੰਤ ਅਤੇ ਢੁੱਕਵਾਂ ਫ਼ੈਸਲਾ ਲਿਆ ਜਾਵੇ ਤਾਂ ਜੋ ਭਵਿੱਖ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਆਵਾਜਾਈ ਅਤੇ ਸੇਵਾ-ਸੰਭਾਲ ਪੂਰੀ ਗੁਰਮਤਿ ਮਰਿਆਦਾ ਅਨੁਸਾਰ ਹੀ ਹੋਵੇ।
ਪ੍ਰੈਸ ਕਾਨਫਰੰਸ ਵਿੱਚ ਭਾਈ ਜੈਮਲ ਸਿੰਘ , ਭਾਈ ਗਗਨਦੀਪ ਸਿੰਘ , ਭਾਈ ਲਖਵੰਤ ਸਿੰਘ , ਭਾਈ ਅਮਨਦੀਪ ਸਿੰਘ , ਭਾਈ ਭੁਪਿੰਦਰ ਸਿੰਘ ਹੋਠੀ , ਭਾਈ ਜਸਬੀਰ ਸਿੰਘ , ਭਾਈ ਗੁਰਦੀਪ ਸਿੰਘ ਸਮਰਾ , ਭਾਈ ਹਰਦੀਪ ਸਿੰਘ ਨਾਗਰਾ, ਭਾਈ ਭਾਈ ਰਣਜੀਤ ਸਿੰਘ ਖਾਲਸਾ ਅਤੇ ਸੰਗਤਾਂ ਸ਼ਾਮਿਲ ਸਨ ਲ
*ਜਾਰੀ ਕਰਤਾ:- ਸਮੂਹ ਸਿੱਖ ਸੰਗਤ ਲੋਅਰ ਮੇਨ ਲੈਂਡ।

# ਅਮਰੀਕਾ ਵਲੋਂ ਭਾਰਤੀ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਭਾਰਤ ਤੋਂ ਹਵਾਲਗੀ ਲਈ ਵਿਚਾਰਾ



**ਨਿਊਯਾਰਕ–** ਐਫ ਬੀ ਆਈ ਵਲੋਂ ਭਾਰਤੀ ਮੂਲ ਦੇ ਗੈਂਗਸਟਰ ਗਰੁੱਪਾਂ ਖਿਲਾਫ ਕਾਰਵਾਈ ਉਪਰੰਤ ਇਹ ਸਵਾਲ ਆਮ ਹੈ ਕਿ ਕੀ ਅਮਰੀਕਾ ਬਦਨਾਮ ਗੈਂਗਸਟਰ ਲਾਰੈਂਸ਼ ਬਿਸ਼ਨੋਈ ਦੀ ਭਾਰਤ ਤੋਂ ਹਵਾਲਗੀ ਮੰਗੇਗਾ ਜਾਂ ਨਹੀਂ। ਇਸੇ ਦੌਰਾਨ ਪਤਾ ਲੱਗਾ ਹੈ ਕਿ ਅਮਰੀਕਾ ਭਾਰਤ ਤੋਂ ਲਾਰੈਂਸ ਬਿਸ਼ਨੋਈ ਦੀ ਹਵਾਲਗੀ ਬਾਰੇ ਗੰਭੀਰਤਾ ਨਾਲ ਸੋਚ ਰਿਹਾ ਹੈ। ਬਿਸ਼ਨੋਈ ‘ਤੇ ਕੈਨੇਡਾ ਵਿੱਚ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਹੁਕਮ ਦੇਣ ਅਤੇ ਅਮਰੀਕਾ ਵਿੱਚ ਕਈ ਹੋਰ ਅਪਰਾਧਾਂ ਨੂੰ ਅੰਜ਼ਾਮ ਦੇਣ ਦੇ ਦੋਸ਼ ਹਨ। ਇਹ ਵੀ ਖਬਰ ਹੈ ਕਿ ਅਮਰੀਕੀ ਨਿਆਂ ਵਿਭਾਗ ਗੈਂਗਸਟਰਾਂ ਨਾਲ ਮਿਲਕੇ ਕੰਮ ਕਰਨ ਵਾਲੇ ਪੰਜਾਬ ਪੁਲਿਸ ਦੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਦੀ ਹਵਾਲਗੀ ਦੀ ਵੀ ਮੰਗ ਕਰ ਸਕਦਾ ਹੈ। ਉਸ ‘ਤੇ ਅਮਰੀਕਾ ਵਿੱਚ 4,00,000 ਡਾਲਰ ਦੀ ਫਿਰੌਤੀ (ਰੰਗਦਾਰੀ) ਦੇ ਮਾਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਦੋਸ਼ ਹੈ ਕਿ ਉਸਨੇ ਅਮਰੀਕਾ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਗੈਂਗ ਦੇ ਨਾਲ ਮਿਲ ਕੇ ਕੰਮ ਕੀਤਾ ਸੀ। ਕੈਨੇਡੀਅਨ ਨਾਗਰਿਕ ਨਿੱਝਰ ਦਾ 18 ਜੂਨ 2023 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਕਤਲ ਕਰ ਦਿੱਤਾ ਗਿਆ ਸੀ।

ਅਮਰੀਕੀ ਅਟਾਰਨੀ ਦਫ਼ਤਰ ਦੇ ਇੱਕ ਅਧਿਕਾਰੀ ਨੇ ਬਿਸ਼ਨੋਈ ਅਤੇ ਨਾਗਰਾ ਦੀ ਹਵਾਲਗੀ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਹਾਂ ਪੱਖੀ ਜਵਾਬ ਦਿੱਤਾ, ਪਰ ਇਸ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ।

ਇਸ ਮਾਮਲੇ ਬਾਰੇ ਜਦੋਂ ਨਿਊਜ਼ ਏਜੰਸੀ ਪੀ ਟੀ ਆਈ ਨੇ ਅਮਰੀਕਾ ਦੇ ਕੈਲੀਫੋਰਨੀਆ ਸੈਂਟਰਲ ਡਿਸਟ੍ਰਿਕਟ ਦੇ ਸਰਕਾਰੀ ਵਕੀਲ (ਅਮਰੀਕੀ ਅਟਾਰਨੀ) ਦਫ਼ਤਰ ਦੇ ਪਬਲਿਕ ਅਫੇਅਰਜ਼ ਅਧਿਕਾਰੀ ਸਿਆਰਨ ਮੈਕਐਵੋਏ ਨਾਲ ਸੰਪਰਕ ਕੀਤਾ, ਤਾਂ ਉਨ੍ਹਾਂ ਨੇ ਈ-ਮੇਲ ਰਾਹੀਂ ਇਸ ਦੀ ਪੁਸ਼ਟੀ ਕਰਦਿਆਂ ਜਵਾਬ ਦਿੱਤਾ, “ਹਾਂ। ਇਸ ਤੋਂ ਇਲਾਵਾ, ਸਾਡੀ ਕੋਈ ਹੋਰ ਟਿੱਪਣੀ ਨਹੀਂ ਹੈ।”

ਇਸ ਹਫ਼ਤੇ ਦੇ ਸ਼ੁਰੂ ਵਿੱਚ ਇੱਕ ਵੱਡੀ ਸਾਂਝੀ ਕਾਰਵਾਈ ਕਰਦੇ ਹੋਏ ਅਮਰੀਕਾ, ਕੈਨੇਡਾ ਅਤੇ ਯੂਰਪ ਦੀਆਂ ਏਜੰਸੀਆਂ ਨੇ 24 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ ਹੈ ਕਿ ਇਹ ਸਾਰੇ ਵਿਅਕਤੀ ਭਾਰਤ ਵਿੱਚ ਚੱਲ ਰਹੇ ਤਿੰਨ ਕੌਮਾਂਤਰੀ ਸੰਗਠਿਤ ਅਪਰਾਧ ਸਮੂਹਾਂ ਨਾਲ ਜੁੜੇ ਹੋਏ ਸਨ ਅਤੇ ਇਨ੍ਹਾਂ ‘ਤੇ ਕਈ ਤਰ੍ਹਾਂ ਦੇ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ। ਗ੍ਰਿਫ਼ਤਾਰ ਕੀਤੇ ਗਏ 24 ਲੋਕਾਂ ਵਿੱਚੋਂ 11 ਵਿਅਕਤੀ ਕੈਲੀਫੋਰਨੀਆ ਦੇ ਰਹਿਣ ਵਾਲੇ ਹਨ।

ਕੁੱਲ ਮਿਲਾ ਕੇ, ਅਮਰੀਕਾ ਦੇ ਨਿਆਂ ਵਿਭਾਗ ਨੇ ਆਪਣੇ ‘ਅਪਰੇਸ਼ਨ ਹਾਰਡਬਾਲ’ ਦੇ ਹਿੱਸੇ ਵਜੋਂ ਚਾਰਜਸ਼ੀਟ ਵਿੱਚ 37 ਲੋਕਾਂ ਨੂੰ ਨਾਮਜ਼ਦ ਕੀਤਾ ਹੈ।

ਅਮਰੀਕਾ ਨੇ ਬਿਸ਼ਨੋਈ ਦੇ ਸਾਥੀ ਗੋਲਡੀ ਬਰਾੜ ‘ਤੇ ਵੀ ਨਿੱਝਰ ਦੇ ਕਤਲ ਦਾ ਹੁਕਮ ਦੇਣ ਦਾ ਦੋਸ਼ ਲਗਾਇਆ ਹੈ। ਐੱਫ ਬੀ ਆਈ (ਢਭੀ) ਨੇ ਬਰਾੜ ਦੀ ਗ੍ਰਿਫ਼ਤਾਰੀ ਵਿੱਚ ਮਦਦ ਕਰਨ ਵਾਲੀ ਜਾਣਕਾਰੀ ਲਈ 50,000 ਅਮਰੀਕੀ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਹੈ।

# ਐੱਫਬੀਆਈ ਦੀ ਜਾਂਚ ਤੋਂ ਬਾਅਦ ਪੰਜਾਬ ਪੁਲੀਸ ਦਾ ਵੱਡਾ ਐਕਸ਼ਨ

## ਟਾਂਡਾ ਦੇ ਸਾਬਕਾ ਐੱਸਐੱਚਓ ਗੁਰਿੰਦਰਜੀਤ ਨਾਗਰਾ ਗ੍ਰਿਫ਼ਤਾਰ




**ਚੰਡੀਗੜ੍ਹ–** ਅੰਤਰਰਾਸ਼ਟਰੀ ਜਬਰੀ ਵਸੂਲੀ ਅਤੇ ਸੰਗਠਿਤ ਅਪਰਾਧ ਨਾਲ ਜੁੜੇ ਇੱਕ ਚਰਚਿਤ ਮਾਮਲੇ ਵਿੱਚ ਪੰਜਾਬ ਪੁਲੀਸ ਨੇ ਹੁਸ਼ਿਆਰਪੁਰ ਦੇ ਟਾਂਡਾ ਥਾਣੇ ਦੇ ਸਾਬਕਾ ਐੱਸਐੱਚਓ ਅਤੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਨਾਗਰਾ ਦਾ ਨਾਮ ਇਸ ਸਾਲ ਫਰਵਰੀ ਮਹੀਨੇ ਵਿੱਚ ਅਮਰੀਕੀ ਜਾਂਚ ਏਜੰਸੀ ਐੱਫਬੀਆਈ ਵੱਲੋਂ ਇੱਕ ਅੰਤਰਰਾਸ਼ਟਰੀ ਜਬਰੀ ਵਸੂਲੀ ਗਿਰੋਹ ਨਾਲ ਜੋੜਿਆ ਗਿਆ ਸੀ, ਜਿਸ ਤੋਂ ਬਾਅਦ ਉਸ ਖ਼ਿਲਾਫ਼ ਜਾਂਚ ਤੇਜ਼ ਕਰ ਦਿੱਤੀ ਗਈ ਸੀ।

ਐੱਫਬੀਆਈ ਦੇ ਦੋਸ਼ਾਂ ਅਨੁਸਾਰ ਗੁਰਿੰਦਰਜੀਤ ਨਾਗਰਾ ਨੇ ਕਥਿਤ ਤੌਰ ’ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੇ ਨੈਟਵਰਕ ਨਾਲ ਮਿਲ ਕੇ ਅਮਰੀਕਾ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਇੱਕ ਪਰਿਵਾਰ ਨੂੰ ਧਮਕੀਆਂ ਦੇ ਕੇ 4 ਲੱਖ ਅਮਰੀਕੀ ਡਾਲਰ ਦੀ ਜਬਰੀ ਵਸੂਲੀ ਦੀ ਸਾਜ਼ਿਸ਼ ਵਿੱਚ ਭੂਮਿਕਾ ਨਿਭਾਈ। ਦੋਸ਼ ਹੈ ਕਿ ਪਰਿਵਾਰ ਦੇ ਪੰਜਾਬ ਵਿੱਚ ਰਹਿੰਦੇ ਰਿਸ਼ਤੇਦਾਰਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੀ ਧਮਕੀ ਦੇ ਕੇ ਪੈਸੇ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ।

ਐੱਫਬੀਆਈ ਵੱਲੋਂ 7 ਫਰਵਰੀ ਨੂੰ ਜਾਰੀ ਕੀਤੀ ਗਈ ਜਾਣਕਾਰੀ ਵਿੱਚ ਨਾਗਰਾ ਦਾ ਨਾਮ ਕਥਿਤ ਅੰਤਰਰਾਸ਼ਟਰੀ ਜਬਰੀ ਵਸੂਲੀ ਗਿਰੋਹ ਦੇ ਮੈਂਬਰਾਂ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਤੋਂ ਤੁਰੰਤ ਬਾਅਦ ਹੁਸ਼ਿਆਰਪੁਰ ਦੇ ਸੀਨੀਅਰ ਪੁਲੀਸ ਕਪਤਾਨ ਨੇ ਨਾਗਰਾ ਨੂੰ ਟਾਂਡਾ ਥਾਣੇ ਤੋਂ ਹਟਾ ਕੇ ਪੁਲੀਸ ਲਾਈਨ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਹੁਣ ਲੰਬੀ ਜਾਂਚ ਤੋਂ ਬਾਅਦ ਉਸ ਨੂੰ ਵਿਧੀਵਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਮਾਮਲੇ ਦੀ ਜਾਣਕਾਰੀ ਦਿੰਦਿਆਂ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇੰਸਪੈਕਟਰ ਨਾਗਰਾ ਨੇ ਅਮਰੀਕਾ ਵਿੱਚ ਰਹਿ ਰਹੇ ਪਰਿਵਾਰ ਤੋਂ ਕਰੀਬ 16 ਲੱਖ ਰੁਪਏ ਦੀ ਨਜਾਇਜ਼ ਰਕਮ ਹਾਸਲ ਕੀਤੀ ਸੀ। ਜਾਂਚ ਦੌਰਾਨ ਤਕਨੀਕੀ ਸਬੂਤ, ਬੈਂਕ ਅਤੇ ਵਿੱਤੀ ਲੈਣ-ਦੇਣ ਦੇ ਰਿਕਾਰਡ, ਗਵਾਹਾਂ ਦੇ ਬਿਆਨ ਅਤੇ ਹੋਰ ਦਸਤਾਵੇਜ਼ ਇਕੱਠੇ ਕੀਤੇ ਗਏ ਹਨ, ਜਿਨ੍ਹਾਂ ਦੇ ਆਧਾਰ ’ਤੇ ਉਸ ਦੀ ਗ੍ਰਿਫ਼ਤਾਰੀ ਕੀਤੀ ਗਈ।

ਪੁਲੀਸ ਦਾ ਕਹਿਣਾ ਹੈ ਕਿ ਨਾਗਰਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਇਸ ਪੂਰੇ ਗਿਰੋਹ, ਉਸ ਦੇ ਸੰਪਰਕਾਂ ਅਤੇ ਜਬਰੀ ਵਸੂਲੀ ਦੇ ਨੈਟਵਰਕ ਦੀਆਂ ਹੋਰ ਪਰਤਾਂ ਖੋਲ੍ਹੀਆਂ ਜਾ ਸਕਣ। ਇਸ ਦੇ ਨਾਲ ਹੀ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਵਿਭਾਗੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਕਾਰਵਾਈ ਤੋਂ ਪਹਿਲਾਂ ਐੱਫਬੀਆਈ ਨੇ ਆਪਣੇ ‘ਅਪ੍ਰੇਸ਼ਨ ਹਾਰਡ ਬਾਲ’ ਤਹਿਤ ਲਾਸ ਏਂਜਲਸ ਦੀ ਅਦਾਲਤ ਵਿੱਚ 44 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ। ਚਾਰਜਸ਼ੀਟ ਵਿੱਚ ਦੋਸ਼ ਲਗਾਇਆ ਗਿਆ ਕਿ ਜੱਗੂ ਭਗਵਾਨਪੁਰੀਆ ਗਿਰੋਹ ਭਾਰਤ ਅਤੇ ਵਿਦੇਸ਼ਾਂ ਵਿੱਚ ਕਤਲ, ਜਬਰੀ ਵਸੂਲੀ, ਰੈਕੇਟੀਅਰਿੰਗ ਅਤੇ ਹੋਰ ਗੰਭੀਰ ਅਪਰਾਧਾਂ ਵਿੱਚ ਸਰਗਰਮ ਰਿਹਾ ਹੈ। ਇਸੇ ਚਾਰਜਸ਼ੀਟ ਵਿੱਚ ਗੁਰਿੰਦਰਜੀਤ ਨਾਗਰਾ ਦਾ ਵੀ ਜ਼ਿਕਰ ਕਰਦਿਆਂ ਉਸ ਨੂੰ ਕਥਿਤ ਤੌਰ ’ਤੇ ਗਿਰੋਹ ਦੀ ਮਦਦ ਕਰਨ ਵਾਲੇ ਭ੍ਰਿਸ਼ਟ ਸਰਕਾਰੀ ਅਧਿਕਾਰੀਆਂ ਵਿੱਚ ਸ਼ਾਮਲ ਕੀਤਾ ਗਿਆ।

ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਟਾਂਡਾ ਦੇ ਪਿੰਡ ਮਿਆਣੀ ਵਿੱਚ 15 ਜਨਵਰੀ ਨੂੰ ਹੋਏ ਹਾਰਡਵੇਅਰ ਵਪਾਰੀ ਬਲਵਿੰਦਰ ਸਿੰਘ ਕਤਲ ਮਾਮਲੇ ਨੂੰ ਵੀ ਇਸੇ ਨੈਟਵਰਕ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਉਸ ਸਮੇਂ ਪੁਲੀਸ ਨੇ ਇੱਕ ਅਮਰੀਕਾ-ਅਧਾਰਿਤ ਸਾਬਕਾ ਪੁਲੀਸ ਅਧਿਕਾਰੀ ਨੂੰ ਇਸ ਹੱਤਿਆ ਲਈ ਜ਼ਿੰਮੇਵਾਰ ਦੱਸਿਆ ਸੀ, ਪਰ ਐੱਫਬੀਆਈ ਦੀ ਜਾਂਚ ਵਿੱਚ ਦਾਅਵਾ ਕੀਤਾ ਗਿਆ ਕਿ ਉਸੇ ਪਰਿਵਾਰ ਨੂੰ ਕੇਸ ਵਿੱਚ ਫਸਾਈ ਰੱਖਣ ਦੇ ਨਾਂ ’ਤੇ ਫਿਰੌਤੀ ਮੰਗੀ ਜਾ ਰਹੀ ਸੀ।

ਐੱਫਬੀਆਈ ਦੀ ਰਿਪੋਰਟ ਮੁਤਾਬਕ ਇਹ ਅਪਰਾਧਿਕ ਨੈਟਵਰਕ ਭਾਰਤ, ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਯੂਰਪ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਤੱਕ ਫੈਲਿਆ ਹੋਇਆ ਸੀ। ਇਸ ਗਿਰੋਹ ’ਤੇ ਕਤਲ-ਦੇ-ਬਦਲੇ-ਪੈਸੇ, ਜਬਰੀ ਵਸੂਲੀ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਹਥਿਆਰਾਂ ਦੀ ਸਪਲਾਈ, ਅਗਵਾ ਅਤੇ ਹੋਰ ਸੰਗਠਿਤ ਅਪਰਾਧਾਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। ਜਾਂਚ ਏਜੰਸੀਆਂ ਹੁਣ ਤੱਕ 24 ਤੋਂ ਵੱਧ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀਆਂ ਹਨ, ਜਦਕਿ ਵੱਡੀ ਮਾਤਰਾ ਵਿੱਚ ਕੋਕੀਨ, ਹੈਰੋਇਨ, ਹਥਿਆਰ ਅਤੇ ਨਕਦੀ ਵੀ ਬਰਾਮਦ ਕੀਤੀ ਗਈ ਹੈ। ਹਾਲਾਂਕਿ ਕਈ ਮੁਲਜ਼ਮ ਅਜੇ ਵੀ ਫਰਾਰ ਦੱਸੇ ਜਾ ਰਹੇ ਹਨ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਉਨ੍ਹਾਂ ਦੀ ਭਾਲ ਜਾਰੀ ਹੈ।

# ਫੀਫਾ ਵਿਸ਼ਵ ਕੱਪ 2026-ਅਰਜਨਟੀਨਾ ਇੰਗਲੈਂਡ ਨੂੰ 2-1 ਨਾਲ ਹਰਾਕੇ ਫਾਈਨਲ ਵਿਚ ਪੁੱਜਾ

## ਅਰਜਨਟੀਨਾ ਤੇ ਸਪੇਨ ਵਿਚਾਲੇ ਫਾਈਨਲ ਮੁਕਾਬਲਾ ਐਤਵਾਰ ਨੂੰ ਹੋਵੇਗਾ







**ਅਟਲਾਂਟਾ–** ਅੱਜ ਫੀਫਾ ਵਰਲਡ ਦੇ ਸੈਮੀਫਾਈਨਲ ਮੈਚ ਵਿਚ ਅਰਜਨਟੀਨਾ ਨੇ ਇੰਗਲੈਂਡ ਨੂੰ 2-1 ਨਾਲ ਹਰਾਕੇ ਫਾਈਨਲ ਵਿਚ ਪ੍ਰਵੇਸ਼ ਪਾ ਲਿਆ। ਅੱਜ ਅਰਜਨਟੀਨਾ ਦੇ ਲਿਓਨਲ ਮੇਸੀ ਦੇ ਜਾਦੂਈ ਪੈਰਾਂ ਅਤੇ ਉਸਦੀ ਟੀਮ ਦੇ ਅਟੁੱਟ ਹੌਸਲੇ ਦਾ ਨਤੀਜਾ ਸੀ ਕਿ ਵਿਸ਼ਵ ਕੱਪ ਵਿੱਚ ਮੁੜ ਵਾਪਸੀ ਕੀਤੀ ਹੈ ਅਤੇ ਹੁਣ ਉਹ ਲਗਾਤਾਰ ਦੂਜੀ ਵਾਰ ਖਿਤਾਬ ਜਿੱਤਣ ਤੋਂ ਸਿਰਫ਼ ਇੱਕ ਕਦਮ ਦੂਰ ਹੈ। ਅਰਜਨਟੀਨਾ ਨੇ 2022 ਦਾ ਫੀਫਾ ਕੱਪ ਕਤਰ ਵਿਚ ਫਰਾਂਸ ਨੂੰ ਹਰਾਕੇ ਜਿੱਤਿਆ ਸੀ।

ਬੁੱਧਵਾਰ ਨੂੰ ਖੇਡੇ ਗਏ ਮੁਕਾਬਲੇ ਵਿੱਚ 85ਵੇਂ ਮਿੰਟ ਤੱਕ 1-0 ਨਾਲ ਪੱਛੜ ਰਹੀ ਅਰਜਨਟੀਨਾ ਦੀ ਟੀਮ ਨੇ ਐਨਜ਼ੋ ਫਰਨਾਂਡੇਜ਼ ਅਤੇ ਬਦਲਵੇਂ ਖਿਡਾਰੀ ਲੌਟਾਰੋ ਮਾਰਟੀਨੇਜ਼ ਦੇ ਗੋਲਾਂ ਦੀ ਮਦਦ ਨਾਲ ਇੰਗਲੈਂਡ ਨੂੰ 2-1 ਨਾਲ ਹਰਾ ਕੇ ਜਿੱਤ ਦਰਜ ਕੀਤੀ, ਜਿਸ ਤੋਂ ਬਾਅਦ ਮੈਸੀ ਖੁਸ਼ੀ ਵਿੱਚ ਗੋਡਿਆਂ ਭਾਰ ਡਿੱਗ ਪਿਆ ਅਤੇ ਇੰਗਲੈਂਡ ਦੇ ਖਿਡਾਰੀ ਨਿਰਾਸ਼ਾ ਵਿੱਚ ਡੁੱਬ ਗਏ। ਹੁਣ ਡਿਫੈਂਡਿੰਗ ਚੈਂਪੀਅਨ ਅਰਜਨਟੀਨਾ ਦਾ ਸਾਹਮਣਾ ਐਤਵਾਰ ਨੂੰ ਈਸਟ ਰਦਰਫੋਰਡ, ਨਿਊ ਜਰਸੀ ਵਿਖੇ ਹੋਣ ਵਾਲੇ ਫਾਈਨਲ ਵਿੱਚ ਯੂਰਪੀਅਨ ਚੈਂਪੀਅਨ ਸਪੇਨ ਨਾਲ ਹੋਵੇਗਾ, ਜਿੱਥੇ ਦੱਖਣੀ ਅਮਰੀਕਾ ਅਤੇ ਯੂਰਪ ਦੀਆਂ ਸਰਵੋਤਮ ਟੀਮਾਂ ਖਿਤਾਬ ਲਈ ਆਹਮੋ-ਸਾਹਮਣੇ ਹੋਣਗੀਆਂ। ਹਾਲਾਂਕਿ ਇੰਗਲੈਂਡ ਨੇ 55ਵੇਂ ਮਿੰਟ ਵਿੱਚ ਐਂਥਨੀ ਗੋਰਡਨ ਦੇ ਗੋਲ ਨਾਲ ਬੜ੍ਹਤ ਬਣਾਈ ਸੀ, ਪਰ ਅਰਜਨਟੀਨਾ ਦੇ ਲਗਾਤਾਰ ਹਮਲਿਆਂ ਅੱਗੇ ਇੰਗਲੈਂਡ ਦੀ ਰੱਖਿਆ ਪੰਗਤੀ ਟਿਕ ਨਾ ਸਕੀ ਅਤੇ ਮੇਸੀ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਅਰਜਨਟੀਨਾ ਨੇ ਇਤਿਹਾਸਕ ਜਿੱਤ ਹਾਸਲ ਕੀਤੀ, ਜਦਕਿ ਇੰਗਲੈਂਡ ਇੱਕ ਵਾਰ ਫਿਰ ਵੱਡੇ ਟੂਰਨਾਮੈਂਟ ਦੇ ਅਹਿਮ ਪੜਾਅ ‘ਤੇ ਆਪਣੀ ਬੜ੍ਹਤ ਨੂੰ ਕਾਇਮ ਰੱਖਣ ਵਿੱਚ ਅਸਫਲ ਰਿਹਾ। 39 ਸਾਲਾ ਮੇਸੀ ਆਪਣੇ ਆਖਰੀ ਵਿਸ਼ਵ ਕੱਪ ਵਿੱਚ ਇੱਕ ਹੋਰ ਜਿੱਤ ਤੋਂ ਸਿਰਫ਼ ਇੱਕ ਕਦਮ ਦੂਰ ਹੈ, ਅਤੇ ਅਰਜਨਟੀਨਾ ਦੇ ਕੋਚ ਲਿਓਨਲ ਸਕੈਲੋਨੀ ਨੇ ਆਪਣੀ ਟੀਮ ਦੇ ਇਸ ਅਦੁੱਤੀ ਜਜ਼ਬੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਫਾਈਨਲ ਵਿੱਚ ਆਪਣਾ ਸਭ ਕੁਝ ਦਾਅ ‘ਤੇ ਲਗਾ ਦੇਣਗੇ।




# ਪ੍ਰੈਗਨੈਂਸੀ ਦੌਰਾਨ ਲਈਆਂ ਦਵਾਈਆਂ ਬੱਚੇ ਤੱਕ ਪਹੁੰਚਦੀਆਂ ਹਨ ਕਿ ਨਹੀਂ

ਗਰਭ ਧਾਰਨ, ਪ੍ਰੈਗਨੈਂਸੀ ਅਤੇ ਬੱਚੇ ਦੇ ਜਨਮ ਨਾਲ ਜੁੜੀਆਂ ਗੱਲਾਂ ਹਮੇਸ਼ਾ ਤੋਂ ਦੁਨੀਆਂ ਭਰ ਵਿੱਚ ਰਿਸਰਚ ਦਾ ਵੱਡਾ ਵਿਸ਼ਾ ਰਹੀਆਂ ਹਨ। ਖਾਸ ਕਰਕੇ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਦੀ ਸੁਰੱਖਿਆ ਨੂੰ ਲੈ ਕੇ ਵਿਗਿਆਨੀ ਲਗਾਤਾਰ ਨਵੀਂ ਜਾਣਕਾਰੀ ਇਕੱਠੇ ਕਰਨ ਦੀ ਕੋਸ਼ਿਸ਼ ਕਰਦੇ ਹਨ।

ਪ੍ਰੈਗਨੈਂਸੀ ਦੌਰਾਨ ਮਹਿਲਾ ਨੂੰ ਕਈ ਤਰ੍ਹਾਂ ਦੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਪਰ ਇਹ ਦਵਾਈਆਂ ਮਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਲਈ ਪੂਰੀ ਤਰ੍ਹਾਂ ਸੁਰੱਖਿਅਤ ਹੈ ਜਾਂ ਨਹੀਂ। ਇਸ ਦੀ ਪੂਰੀ ਜਾਣਕਾਰੀ ਡਾਕਟਰਾਂ ਅਤੇ ਵਿਗਿਆਨਕਾਂ ਕੋਲ ਅਕਸਰ ਨਹੀਂ ਹੁੰਦੀ।

ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਗਰਭ ਅਵਸਥਾ ਦੌਰਾਨ ਪਲੇਸੈਂਟਾ ਦਾ ਸਿੱਧਾ ਅਧਿਐਨ ਕਰਨਾ ਅਸਾਨ ਨਹੀਂ ਹੁੰਦਾ।

ਇਸੇ ਸਮੱਸਿਆ ਦਾ ਹੱਲ ਕੱਢਣ ਲਈ ਆਈਸੀਐਮਆਰ-ਨੈਸ਼ਨਲ ਇੰਸਟਿਚਿਊਟ ਫਾਰ ਰਿਸਰਚ ਆਨ ਵੂਮਨਜ਼ ਹੈਲਥ ਅਤੇ ਆਈਆਈਟੀ ਬੰਬੇ ਦੇ ਵਿਗਿਆਨਕਾਂ ਨੇ 'ਪਲੇਸੈਂਟਾ ਆਨ ਏ ਚਿੱਪ' ਨਾਮ ਦੀ ਇੱਕ ਨਵੀਂ ਤਕਨੀਕ ਵਿਕਸਿਤ ਕੀਤੀ ਹੈ। ਇਹ ਪ੍ਰਯੋਗਸ਼ਾਲਾ ਵਿੱਚ ਇਨਸਾਨੀ ਪਲੇਸੈਂਟਾ ਦੇ ਅਹਿਮ ਕੰਮਾਂ ਦੀ ਨਕਲ ਕਰਦੀ ਹੈ।



ਇਸ ਰਿਸਰਚ ਦੇ ਨਤੀਜੇ ਕੌਮਾਂਤਰੀ ਜਰਨਲ ਬਾਇਓਫੈਬ੍ਰਿਕੇਸ਼ਨ ਵਿਚ ਪ੍ਰਕਾਸ਼ਿਤ ਹੋਏ ਹਨ। ਇਸ ਅਧਿਐਨ ਵਿੱਚ ਅੰਸ਼ੁਲ ਭਿੜੇ, ਸੌਰਵ ਮੁਖਰਜੀ, ਡਾ. ਕਿੰਜਾਲਕਾ ਘੋਸ਼, ਪ੍ਰੋਫੈਸਰ ਅਭਿਜੀਤ ਮਜੂਮਦਾਰ ਅਤੇ ਪ੍ਰੋਫੈਸਰ ਦੀਪਕ ਮੋਦੀ ਸ਼ਾਮਿਲ ਰਹੇ।

'ਪਲੇਸੈਂਟਾ ਆਨ ਏ ਚਿੱਪ' ਇੱਕ ਛੋਟੀ ਲੈਬ ਅਧਾਰਿਤ ਪ੍ਰਣਾਲੀ ਹੈ ਜੋ ਇਨਸਾਨੀ ਪਲੇਸੈਂਟਾ ਦੀ ਸੁਰੱਖਿਆ ਪਰਤ ਦੇ ਮੁੱਖ ਕੰਮਾਂ ਨੂੰ ਦੁਹਰਾਉਂਦੀ ਹੈ।

ਇਸ ਚਿੱਪ ਦੀ ਮਦਦ ਨਾਲ ਵਿਗਿਆਨੀ ਇਹ ਸਮਝ ਸਕਣਗੇ ਕਿ ਮਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਚਕਾਰ ਪੋਸ਼ਕ ਤੱਤ, ਹਾਰਮੋਨ, ਦਵਾਈਆਂ ਅਤੇ ਸਰੀਰ ਦੇ ਫਾਲਤੂ ਪਦਾਰਥ ਕਿਸ ਤਰ੍ਹਾਂ ਇੱਕ ਦੂਜੇ ਤੱਕ ਪਹੁੰਚਦੇ ਜਾਂ ਬਾਹਰ ਨਿਕਲਦੇ ਹਨ।

ਵਿਗਿਆਨੀਆਂ ਨੇ ਇਨਸਾਨੀ ਟ੍ਰੋਫੋਬਲਾਸਟ ਅਤੇ ਐਂਡੋਥੀਲਿਅਲ ਕੋਸ਼ਿਕਾਵਾਂ ਦੀ ਮਦਦ ਨਾਲ ਦੋ ਵੱਖ ਵੱਖ ਹਿੱਸਿਆਂ ਵਾਲਾ ਇਕ ਸਿਸਟਮ ਤਿਆਰ ਕੀਤਾ ਹੈ।

ਇਸ ਨੇ ਹਾਰਮੋਨ ਬਣਨ, ਪੋਸ਼ਕ ਤੱਤਾਂ ਦੇ ਅਦਾਨ ਪ੍ਰਦਾਨ, ਸਰੀਰ ਦੇ ਫਾਲਤੂ ਪਦਾਰਥਾਂ ਦੇ ਨਿਕਲਣ ਅਤੇ ਪਲੇਸੈਂਟਾ ਦੀ ਸੁਰੱਖਿਆ ਪਰਤ ਦੇ ਕੰਮ ਨੂੰ ਸਫਲਤਾਪੂਰਵਕ ਦਿਖਾਇਆ।

ਖੋਜਕਰਤਾਵਾਂ ਦਾ ਕਹਿਣਾ ਹੈ ਕਿ ਭਵਿੱਖ ਵਿੱਚ ਇਸ ਤਕਨੀਕ ਦੀ ਵਰਤੋਂ ਪ੍ਰੈਗਨੈਂਸੀ ਦੌਰਾਨ ਦਵਾਈਆਂ ਸੁਰੱਖਿਅਤ ਹਨ ਜਾਂ ਨਹੀਂ, ਇਹ ਜਾਂਚਣ, ਗਰਭ ਅਵਸਥਾ ਨਾਲ ਜੁੜੀਆਂ ਸਮੱਸਿਆਵਾਂ ਦਾ ਅਧਿਐਨ ਕਰਨ ਅਤੇ ਜਾਨਵਰਾਂ 'ਤੇ ਹੋਣ ਵਾਲੇ ਪਰੀਖਣਾਂ ਦੀ ਲੋੜ ਘੱਟ ਕਰਨ ਲਈ ਕੀਤਾ ਜਾ ਸਕਦਾ ਹੈ।

## ਪਲੇਸੈਂਟਾ ਕੀ ਹੁੰਦਾ ਹੈ ?

ਪਲੇਸੈਂਟਾ, ਗਰਭ ਅਵਸਥਾ ਦੌਰਾਨ ਮਾਂ ਦੇ ਗਰਭ ਵਿੱਚ ਬਣਨ ਵਾਲਾ ਇੱਕ ਅਸਥਾਈ ਪਰ ਬਹੁਤ ਅਹਿਮ ਅੰਗ ਹੈ। ਇਹ ਮਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਦੇ ਵਿਚਕਾਰ ਇੱਕ ਕੜੀ ਦਾ ਕੰਮ ਕਰਦਾ ਹੈ।

ਪਲੇਸੈਂਟਾ ਸਿਰਫ਼ ਪੋਸ਼ਣ ਪਹੁੰਚਾਉਣ ਦਾ ਕੰਮ ਹੀ ਨਹੀਂ ਕਰਦਾ ਬਲਕਿ ਇਹ ਇੱਕ ਸੁਰੱਖਿਆ ਬੈਰੀਅਰ ਦੀ ਤਰ੍ਹਾਂ ਵੀ ਕੰਮ ਕਰਦਾ ਹੈ। ਇਹ ਕਈ ਹਾਨੀਕਾਰਕ ਤੱਤਾਂ ਨੂੰ ਬੱਚੇ ਤੱਕ ਪਹੁੰਚਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ ਅਤੇ ਗਰਭ ਅਵਸਥਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਾਰਮੋਨ ਵੀ ਬਣਾਉਂਦਾ ਹੈ।

ਸੌਖੀ ਭਾਸ਼ਾ ਵਿੱਚ ਕਹੀਏ ਤਾਂ ਪਲੇਸੈਂਟਾ ਮਾਂ ਅਤੇ ਬੱਚੇ ਵਿਚਕਾਰ ਇੱਕ 'ਲਿਵਿੰਗ ਬ੍ਰਿਜ' ਦਾ ਕੰਮ ਕਰਦਾ ਹੈ ਜੋ ਦੋਹਨਾਂ ਵਿਚਕਾਰ ਜ਼ਰੂਰੀ ਪੋਸ਼ਕ ਤੱਤਾਂ, ਆਕਸੀਜਨ ਅਤੇ ਹੋਰ ਪਦਾਰਥਾਂ ਦੇ ਅਦਾਨ ਪ੍ਰਧਾਨ ਨੂੰ ਕੰਟਰੋਲ ਕਰਦਾ ਹੈ। ਇਹੀ ਬੱਚੇ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

## 'ਪਲੇਸੈਂਟਾ ਆਨ ਏ ਚਿੱਪ' ਕਿਵੇਂ ਕੰਮ ਕਰਦਾ ਹੈ ?

ਪਲੇਸੈਂਟਾ ਸਿਰਫ਼ ਮਾਂ ਅਤੇ ਬੱਚੇ ਵਿਚਕਾਰ ਸਿਰਫ਼ ਇੱਕ ਕੜੀ ਦਾ ਕੰਮ ਨਹੀਂ ਕਰਦਾ, ਬਲਕਿ ਗਰਭ ਵਿੱਚ ਪਲ ਰਹੇ ਬੱਚੇ ਦੀ ਸੁਰੱਖਿਆ ਵੀ ਕਰਦਾ ਹੈ। ਪਰ ਗਰਭ ਅਵਸਥਾ ਦੌਰਾਨ ਪਲੇਸੈਂਟਾ ਦਾ ਸਿੱਧੇ ਅਧਿਐਨ ਕਰਨਾ ਨੈਤਿਕ ਅਤੇ ਤਕਨੀਕੀ ਕਾਰਨਾਂ ਕਰਕੇ ਸੌਖਾ ਨਹੀਂ ਹੁੰਦਾ।

ਇਸੇ ਸਮੱਸਿਆ ਦਾ ਹੱਲ ਕੱਢਣ ਲਈ ਵਿਗਿਆਨੀਆਂ ਨੇ ਇੱਕ ਛੋਟੀ ਜਿਹੀ ਲੈਬ ਪ੍ਰਣਾਲੀ ਵਿਕਸਿਤ ਕੀਤੀ ਹੈ ਜੋ ਪਲੇਸੈਂਟਾ ਦੇ ਕੰਮ ਕਰਨ ਦੇ ਤਰੀਕੇ ਦੀ ਨਕਲ ਕਰਦੀ ਹੈ। ਇਹ ਮਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਵਿਚਕਾਰ ਹੋਣ ਵਾਲੀ ਜੈਵਿਕ ਪ੍ਰਕਿਰਿਆ ਨੂੰ ਪ੍ਰਯੋਗਸ਼ਾਲਾ ਵਿੱਚ ਦੁਬਾਰਾ ਤਿਆਰ ਕਰਦੀ ਹੈ।

ਵਿਗਿਆਨੀਆਂ ਦੇ ਬਣਾਏ ਇਸ ਉਪਕਰਨ ਵਿੱਚ ਦੋ ਵੱਖ ਵੱਖ ਹਿੱਸੇ ਹਨ ਜਿਨ੍ਹਾਂ ਨੂੰ ਇੱਕ ਬੇਹਦ ਬਰੀਕ ਛੇਦਾਂ ਵਾਲੀ ਝਿੱਲੀ ਤੋਂ ਵੱਖ ਕੀਤਾ ਗਿਆ ਹੈ।

ਝਿੱਲੀ ਦੇ ਇੱਕ ਪਾਸੇ ਟ੍ਰੋਫੋਬਲਾਸਟ ਕੋਸ਼ਿਕਾਵਾਂ ਅਤੇ ਦੂਜੇ ਪਾਸੇ ਐਂਡੋਥੀਲਿਅਲ ਕੋਸ਼ਿਕਾਵਾਂ ਉਗਾਈਆਂ ਜਾਂਦੀਆਂ ਹਨ। ਇਸ ਨਾਲ ਇਨਸਾਨੀ ਪਲੇਸੈਂਟਾ ਦੀ ਸੁਰੱਖਿਆ ਪਰਤ ਦਾ ਨਕਲੀ ਮਾਡਲ ਤਿਆਰ ਕੀਤਾ ਜਾਂਦਾ ਹੈ।

ਟ੍ਰੋਫੋਬਲਾਸਟ ਕੋਸ਼ਿਕਾਵਾਂ ਗਰਭ ਅਵਸਥਾ ਦੇ ਸ਼ੁਰੂਆਤੀ ਪੜਾਅ ਵਿੱਚ ਬਣਦੀਆਂ ਹਨ ਅਤੇ ਅੱਗੇ ਚੱਲ ਕੇ ਪਲੇਸੈਂਟਾ ਦਾ ਅਹਿਮ ਹਿੱਸਾ ਬਣ ਜਾਂਦੀਆਂ ਹਨ। ਇਹ ਕੋਸ਼ਿਕਾਵਾਂ ਮਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਵਿਚਕਾਰ ਸੰਪਰਕ ਸਥਾਪਿਤ ਕਰਦੀਆਂ ਹਨ।

ਨਾਲ ਹੀ, ਬੱਚੇ ਤੱਕ ਪੋਸ਼ਕ ਤੱਤ ਅਤੇ ਆਕਸੀਜਨ ਪਹੁੰਚਾਉਣ ਅਤੇ ਗਰਭ ਅਵਸਥਾ ਨੂੰ ਬਣਾਈ ਰੱਖਣ ਵਾਲੇ ਜ਼ਰੂਰੀ ਹਾਰਮੋਨ ਬਣਾਉਣ ਵਿੱਚ ਵੀ ਇਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਪਲੇਸੈਂਟਾ ਆਨ ਏ ਚਿੱਪ ਵਿੱਚ ਇਨ੍ਹਾਂ ਹੀ ਕੋਸ਼ਿਕਾਵਾਂ ਦੀ ਵਰਤੋਂ ਪਲੇਸੈਂਟਾ ਦੀ ਬਾਹਰੀ ਪਰਤ ਤਿਆਰ ਕਰਨ ਲਈ ਕੀਤਾ ਗਿਆ ਹੈ।

ਉੱਧਰ,ਐਂਡੋਥੀਲਿਅਲ ਸੈੱਲ, ਖ਼ੂਨ ਦੀਆਂ ਨਾੜੀਆਂ ਦੀ ਅੰਦਰੂਨੀ ਸਤ੍ਹਾ 'ਤੇ ਹੁੰਦੀਆਂ ਹਨ। ਇਹ ਸਰੀਰ ਵਿਚ ਖ਼ੂਨ ਦੇ ਵਹਾਅ ਨੂੰ ਕੰਟਰੋਲ ਕਰਨ, ਖ਼ੂਨ ਦੇ ਜ਼ਰੂਰੀ ਪਦਾਰਥਾਂ ਦੇ ਅਦਾਨ-ਪ੍ਰਦਾਨ ਵਿੱਚ ਮਦਦ ਕਰਨ ਅਤੇ ਖ਼ੂਨ ਦੀਆਂ ਨਾੜੀਆਂ ਨੂੰ ਸਿਹਤਮੰਦ ਰੱਖਣ ਦਾ ਕੰਮ ਕਰਦੇ ਹਨ।

ਪਲੇਸੈਂਟਾ ਵਿੱਚ ਇਹੀ ਕੋਸ਼ਿਕਾਵਾਂ ਗਰਭ ਦੀਆਂ ਖ਼ੂਨ ਨਾੜੀਆਂ ਦੀ ਪਰਤ ਬਣਾਉਂਦੀਆਂ ਹਨ। ਵਿਗਿਆਨੀਆਂ ਨੇ ਚਿੱਪ ਵਿੱਚ ਇਨ੍ਹਾਂ ਦੀ ਵਰਤੋਂ ਗਰਭ ਵਾਲੇ ਪਾਸੇ ਦੇ ਹਿੱਸੇ ਨੂੰ ਤਿਆਰ ਕਰਨ ਲਈ ਕੀਤੀ।

ਪ੍ਰਯੋਗਾਂ ਦੌਰਾਨ ਇਸ ਚਿੱਪ ਨੇ ਗਰਭ ਅਵਸਥਾ ਲਈ ਜ਼ਰੂਰੀ ਹਾਰਮੋਨ ਬਣਾਏ, ਜਿਨ੍ਹਾਂ ਨੇ ਗੁਲੂਕੋਜ਼ ਜਿਹੇ ਪੋਸ਼ਕ ਤੱਤਾਂ ਨੂੰ ਸਫਲਤਾਪੂਰਵਕ ਲਿਜਾਣ ਦਾ ਕੰਮ ਕੀਤਾ।

ਫਾਲਤੂ ਪਦਾਰਥਾਂ ਦੇ ਅਦਾਨ ਪ੍ਰਦਾਨ ਨੂੰ ਦਿਖਾਇਆ ਅਤੇ ਵੱਡੇ ਅਣੂਆਂ ਨੂੰ ਰੋਕਦੇ ਹੋਏ ਕੇਵਲ ਜ਼ਰੂਰੀ ਪਦਾਰਥਾਂ ਨੂੰ ਗੁਜ਼ਰਨ ਦੇਣ ਦੀ ਸਮਰੱਥਾ ਸਾਬਿਤ ਕੀਤੀ।

ਵਿਗਿਆਨੀਆਂ ਨੇ ਹਾਈ ਗਲੂਕੋਜ਼ ਲੈਵਲ ਜਿਹੀਆਂ ਸਥਿਤੀਆਂ ਵੀ ਤਿਆਰ ਕੀਤੀਆਂ। ਇਸ ਦੌਰਾਨ ਚਿੱਪ ਨੇ ਉਸੇ ਤਰ੍ਹਾਂ ਪ੍ਰਤੀਕ੍ਰਿਆ ਦਿੱਤਾ ਜਿਵੇਂ ਅਸਲੀ ਪਲੇਸੈਂਟਾ ਦਿੰਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਹ ਪ੍ਰਣਾਲੀ ਵੱਖ ਵੱਖ ਪਰਿਸਥਿਤੀਆਂ ਵਿੱਚ ਪਲੇਸੈਂਟਾ ਦੇ ਵਿਵਹਾਰ ਦਾ ਅਧਿਐਨ ਕਰਨ ਵਿੱਚ ਉਪਯੋਗੀ ਸਾਬਿਤ ਹੋ ਸਕਦੀ ਹੈ।

## ਇਸ ਤਕਨੀਕ ਦੀ ਲੋੜ ਕਿਉਂ ਹੈ ?

ਫ਼ਿਲਹਾਲ ਗਰਭ ਅਵਸਥਾ ਦੌਰਾਨ ਦਵਾਈਆਂ ਦੀ ਸੁਰੱਖਿਆ ਜਾਂਚਣ ਲਈ ਕਾਫ਼ੀ ਹੱਦ ਤੱਕ ਜਾਨਵਰਾਂ 'ਤੇ ਕੀਤੇ ਜਾਣ ਵਾਲੇ ਪਰੀਖਣਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ।

ਪਰ ਜਾਨਵਰਾਂ ਦਾ ਪਲੇਸੈਂਟਾ ਅਤੇ ਇਨਸਾਨਾਂ ਦਾ ਪਲੇਸੈਂਟਾ ਬਾਇਓਲਾਜਿਕਲ ਤੌਰ ਤੇ ਇੱਕ ਦੂਜੇ ਨਾਲੋਂ ਕਾਫੀ ਵੱਖ ਹੁੰਦਾ ਹੈ। ਇਸ ਲਈ ਜਾਨਵਰਾਂ ਤੇ ਕੀਤੇ ਜਾਣ ਵਾਲੇ ਪਰੀਖਣਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ।

ਪਰ ਜਾਨਵਰਾਂ ਦਾ ਪਲੇਸੈਂਟਾ ਅਤੇ ਇਨਸਾਨਾਂ ਦਾ ਪਲੇਸੈਂਟਾ ਜੈਵਿਕ ਪੱਖੋਂ ਇੱਕ ਦੂਜੇ ਤੋਂ ਕਾਫ਼ੀ ਵੱਖਰੇ ਹੁੰਦੇ ਹਨ। ਇਸ ਲਈ ਜਾਨਵਰਾਂ 'ਤੇ ਮਿਲੇ ਨਤੀਜੇ ਇਨਸਾਨਾਂ 'ਤੇ ਵੀ ਉਸੇ ਤਰ੍ਹਾਂ ਹੀ ਲਾਗੂ ਹੋਣਗੇ, ਇਸ ਦੀ ਗਾਰੰਟੀ ਨਹੀਂ ਹੁੰਦੀ।

ਇਸ ਤੋਂ ਇਲਾਵਾ, ਗਰਭ ਅਵਸਥਾ ਨਾਲ ਜੁੜੀਆਂ ਬਿਮਾਰੀਆਂ, ਮਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਵਿਚਕਾਰ ਹੋਣ ਵਾਲੇ ਬਾਇਓਲਾਜੀਕਲ ਸੰਪਰਕ, ਦਵਾਈਆਂ ਦੇ ਬੱਚੇ ਤੱਕ ਪਹੁੰਚਣ ਦੇ ਤਰੀਕੇ ਅਤੇ ਪਲੇਸੈਂਟਾ ਨਾਲ ਜੁੜੀਆਂ ਸਮੱਸਿਆਵਾਂ ਦਾ ਅਧਿਐਨ ਕਰਨ ਲਈ ਇਨਸਾਨੀ ਮਾਡਲ ਦੀ ਲੋੜ ਲਗਾਤਾਰ ਵਧ ਰਹੀ ਹੈ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਪਲੇਸੈਂਟਾ ਆਨ ਏ ਚਿੱਪ ਇਸ ਦਿਸ਼ਾਂ ਵਿੱਚ ਇੱਕ ਅਹਿਮ ਕਦਮ ਸਾਬਿਤ ਹੋ ਸਕਦੀ ਹੈ।

ਇਹ ਜਾਨਵਰਾਂ 'ਤੇ ਹੋਣ ਵਾਲੇ ਪਰੀਖਣਾਂ ਦਾ ਬਿਹਤਰ ਵਿਕਲਪ ਜਾਂ ਪੂਰਕ ਬਣ ਸਕਦੀ ਹੈ ਅਤੇ ਭਵਿੱਖ ਵਿੱਚ ਗਰਭ ਅਵਸਥਾ ਦੌਰਾਨ ਦਵਾਈਆਂ ਨੂੰ ਵੱਧ ਸੁਰੱਖਿਅਤ ਬਣਾਉਣ ਦੇ ਨਾਲ ਨਾਲ ਮਾਂ ਅਤੇ ਬੱਚੇ ਦੀ ਸਿਹਤ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਮਦਦ ਕਰ ਸਕਦੀ ਹੈ।

ਸ ਖੋਜ ਨਾਲ ਜੁੜੇ ਵਿਗਿਆਨੀ ਪ੍ਰੋਫੈਸਰ ਦੀਪਕ ਮੋਦੀ ਨੇ ਦੱਸਿਆ ਕਿ ਹੁਣ ਤੱਕ ਵਿਕਸਿਤ ਜ਼ਿਆਦਾਤਰ ਮਾਡਲ ਕਾਫ਼ੀ ਜਟਿਲ ਸੀ। ਇਸ ਲਈ ਉਨ੍ਹਾਂ ਦੀ ਟੀਮ ਨੇ ਸਭ ਤੋਂ ਪਹਿਲਾਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਅਸਲ ਵਿੱਚ ਇਨਸਾਨੀ ਪਲੇਸੈਂਟਾ ਕੰਮ ਕਿਵੇਂ ਕਰਦਾ ਹੈ।

ਉਨ੍ਹਾਂ ਨੂੰ ਪਤਾ ਲੱਗਿਆ ਕਿ ਮਾਂ ਦਾ ਖ਼ੂਨ ਪਲੇਸੈਂਟਾ ਦੇ ਅੰਦਰ ਖ਼ੂਨ ਨਾੜੀਆਂ ਤੋਂ ਨਹੀਂ ਵਹਿੰਦਾ, ਬਲਕਿ ਪਲੇਸੈਂਟਾ ਦੇ ਟਿਸ਼ੂਆਂ ਦੇ ਆਲੇ-ਦੁਆਲੇ ਘੁੰਮਦਾ ਹੈ। ਇਸੇ ਪ੍ਰਕਿਰਿਆ ਦੌਰਾਨ ਆਕਸੀਜਨ ਅਤੇ ਪੋਸ਼ਕ ਤੱਤ ਗਰਭ ਵਿੱਚ ਪਲ ਰਹੇ ਬੱਚੇ ਤੱਕ ਪਹੁੰਚਦੇ ਹਨ ਅਤੇ ਫਾਲਤੂ ਪਦਾਰਥ ਬਾਹਰ ਨਿਕਲਦੇ ਹਨ।

ਇਸੇ ਸਮਝ ਦੇ ਅਧਾਰ 'ਤੇ ਵਿਗਿਆਨਕਾਂ ਨੇ ਜਟਿਲ ਪ੍ਰਣਾਲੀ ਦੀ ਬਜਾਏ ਪਲੇਸੈਂਟਾ ਦੇ ਨੈਚੁਰਲ ਕੰਮ-ਕਾਜ ਦੀ ਨਕਲ ਕਰਨ ਵਾਲਾ ਇੱਕ ਸਰਲ ਮਾਡਲ ਤਿਆਰ ਕੀਤਾ।

ਤੇ ਸਭ ਤੋਂ ਵੱਡੀ ਚੁਣੌਤੀ ਇਹ ਸਾਬਿਤ ਕਰਨਾ ਸੀ ਕਿ ਇੰਨੀ ਸਰਲ ਪ੍ਰਣਾਲੀ ਵੀ ਪਲੇਸੈਂਟਾ ਦੇ ਮੁੱਖ ਕੰਮ ਕਰ ਸਕਦੀ ਹੈ। ਪਰੀਖਣਾਂ ਵਿੱਚ ਇਸ ਚਿੱਪ ਨੇ ਹਾਰਮੋਨ ਬਣਾਏ, ਪੌਸ਼ਟਿਕ ਤੱਤਾਂ ਨੂੰ ਪਹੁੰਚਾਇਆ, ਪਾਲਤੂ ਪਦਾਰਥਾਂ ਨੂੰ ਬਾਹਰ ਕੱਢਿਆ ਅਤੇ ਬਿਮਾਰੀ ਜਿਹੇ ਹਾਲਾਤ ਵਿੱਚ ਵੀ ਸਹੀ ਪ੍ਰਤੀਕਿਰਿਆ ਦਿੱਤੀ।

## ਇਹ ਚਿੱਪ ਬਿਮਾਰੀਆਂ ਨੂੰ ਸਮਝਣ ਵਿੱਚ ਕਿਵੇਂ ਮਦਦ ਕਰੇਗੀ ?

ਪ੍ਰੋਫੈਸਰ ਦੀਪਕ ਮੋਦੀ ਦੱਸਦੇ ਹਨ ਕਿ ਗਰਭ ਅਵਸਥਾ ਨਾਲ ਜੁੜੀਆਂ ਕਈ ਗੰਭੀਰ ਸਮੱਸਿਆਵਾਂ ਦੀ ਸ਼ੁਰੂਆਤ ਪਲੇਸੈਂਟਾ ਵਿੱਚ ਹੁੰਦੀ ਹੈ।

ਪਰ ਗਰਭ ਅਵਸਥਾ ਦੌਰਾਨ ਪਲੇਸੈਂਟਾ ਦਾ ਸਿੱਧਾ ਅਧਿਐਨ ਨਹੀਂ ਕੀਤਾ ਜਾ ਸਕਦਾ, ਇਸ ਲਈ ਪ੍ਰੈਗਨੈਂਸੀ ਵੇਲੇ ਸ਼ੂਗਰ ਯਾਨੀ ਗੈਸਟੇਸ਼ਨਲ ਡਾਇਬਟੀਜ਼, ਪਰੀ-ਐਕਲੈਂਪਸੀਆ ਅਤੇ ਗਰਭ ਵਿੱਚ ਬੱਚੇ ਦੇ ਹੌਲੀ ਵਿਕਾਸ ਜਿਹੀਆਂ ਸਥਿਤੀਆਂ ਦਾ ਪਲੇਸੈਂਟਾ ਅਤੇ ਬੱਚਿਆਂ 'ਤੇ ਕੀ ਅਸਰ ਪੈਂਦਾ ਹੈ, ਇਸ ਬਾਰੇ ਸਾਡੀ ਜਾਣਕਾਰੀ ਹੁਣ ਵੀ ਸੀਮਿਤ ਹੈ ?

ਖੋਜ ਕਰਤਾ ਅੰਸ਼ੁਲ ਭਿਡੇ ਕਹਿੰਦੇ ਹਨ, "ਸਾਡੀ ਪਲੇਸੈਂਟਾ ਆਨ ਏ ਚਿੱਪ ਤਕਨੀਕ ਇਸ ਲੁਕੋ ਹੋਈ ਦੁਨੀਆਂ ਨੂੰ ਸਮਝਣ ਦਾ ਮੌਕਾ ਦਿੰਦੀ ਹੈ। ਲੈਬ ਵਿੱਚ ਅਸੀਂ ਬਿਮਾਰੀ ਜਿਹੇ ਹਾਲਾਤ ਤਿਆਰ ਕਰ ਸਕਦੇ ਹਾਂ ਅਤੇ ਉਸੇ ਵੇਲੇ ਦੇਖ ਸਕਦੇ ਹਾਂ ਕਿ ਪਲੇਸੈਂਟਾ ਦੀ ਸੁਰੱਖਿਆ ਪਰਤ ਉਨ੍ਹਾਂ 'ਤੇ ਕਿਵੇਂ ਪ੍ਰਤੀਕਿਰਿਆ ਦਿੰਦੀ ਹੈ।"

ਉਹ ਕਹਿੰਦੇ ਹਨ, "ਉਦਾਹਰਨ ਵਜੋਂ, ਇਸ ਅਧਿਐਨ ਵਿੱਚ ਅਸੀਂ ਗਰਭ ਦੌਰਾਨ ਸ਼ੂਗਰ ਜਿਹੀ ਸਥਿਤੀ ਬਣਾਉਣ ਲਈ ਖ਼ੂਨ ਵਿੱਚ ਗਲੂਕੋਜ਼ ਦਾ ਪੱਧਰ ਵਧਾਇਆ। ਅਸੀਂ ਦੇਖਿਆ ਕਿ ਪਲੇਸੈਂਟਾ ਆਪਣੀ ਸੁਰੱਖਿਆ ਸਮਰੱਥਾ ਬਰਕਰਾਰ ਰੱਖਦਿਆਂ ਹੋਇਆਂ ਵੀ ਮਾਂ ਤੋਂ ਬੱਚੇ ਵੱਲ ਜ਼ਿਆਦਾ ਗਲੂਕੋਜ਼ ਜਾਣ ਦਿੰਦਾ ਹੈ।"

"ਇਸ ਨਾਲ ਇਹ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਸ਼ੂਗਰ ਤੋਂ ਪੀੜਤ ਗਰਭਵਤੀ ਮਹਿਲਵਾਂ ਦੇ ਬੱਚਿਆਂ ਤੱਕ ਵਾਧੂ ਗਲੂਕੋਜ਼ ਕਿਵੇਂ ਪਹੁੰਚ ਸਕਦਾ ਹੈ। ਜਿਸ ਨਾਲ ਉਨ੍ਹਾਂ ਦਾ ਵਿਕਾਸ ਆਮ ਕੋਈ ਵੱਧ ਹੋ ਸਕਦਾ ਹੈ।"

## ਕਿਹੜੀਆਂ ਨਵੀਆਂ ਜਾਣਕਾਰੀਆਂ ਮਿਲ ਸਕਦੀਆਂ ਹਨ ?

ਬਾਕੀ ਖ਼ਬਰ ਸਫਾ ਨੰ: 9 ਤੇ

# ਪ੍ਰੈਗਨੈਂਸੀ ਦੌਰਾਨ ਲਈਆਂ ਦਵਾਈਆਂ......

ਤਸਵੀਰ ਕੈਪਸ਼ਨ,ਇਨ੍ਹਾਂ ਤੋਂ ਅਜਿਹੀਆਂ ਜਾਣਕਾਰੀਆਂ ਮਿਲ ਸਕਦੀਆਂ ਹਨ, ਜਿਨ੍ਹਾਂ ਨੂੰ ਜਾਨਵਰਾਂ 'ਤੇ ਕੀਤੀ ਗਈ ਖੋਜ ਜਾਂ ਅਸਲ ਗਰਭ ਅਵਸਥਾ ਦੌਰਾਨ ਹਾਸਿਲ ਕਰਨਾ ਮੁਸ਼ਕਿਲ ਹੁੰਦਾ ਹੈ।

ਪ੍ਰੋਫੈਸਰ ਦੀਪਕ ਮੋਦੀ ਮੁਤਾਬਕ, ਇਸੇ ਤਕਨੀਕ ਦੀ ਮਦਦ ਨਾਲ ਹੁਣ ਗਰਭ ਅਵਸਥਾ ਨਾਲ ਜੁੜੀਆਂ ਕਈ ਦੂਜੀਆਂ ਸਥਿਤੀਆਂ ਦਾ ਵੀ ਅਧਿਐਨ ਕੀਤਾ ਜਾ ਸਕਦਾ ਹੈ।

ਇਸ ਨਾਲ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਲਾਗ, ਪੋਸ਼ਣ ਦੀ ਕਮੀ ਜਾਂ ਵਾਤਾਵਰਨ ਵਿੱਚ ਮੌਜੂਦ ਪ੍ਰਦੂਸ਼ਕ ਤੱਤ ਪਲੇਸੈਂਟਾ ਦੇ ਕੰਮ ਕਰਨ ਦੇ ਤਰੀਕੇ ਅਤੇ ਬੱਚੇ ਤੱਕ ਪੋਸ਼ਟਿਕ ਤੱਤਾਂ ਦੇ ਪਹੁੰਚਣ ਦੀ ਪ੍ਰਕਿਰਿਆ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਪ੍ਰਯੋਗ ਇਨਸਾਨੀ ਕੋਸ਼ਿਕਾਵਾਂ ਦੀ ਵਰਤੋਂ ਕਰਕੇ ਨਿਯੰਤਰਿਤ ਸਥਿਤੀਆਂ ਵਿੱਚ ਕੀਤੇ ਜਾ ਰਹੇ ਹਨ। ਇਸ ਲਈ ਇਨ੍ਹਾਂ ਤੋਂ ਅਜਿਹੀਆਂ ਜਾਣਕਾਰੀਆਂ ਮਿਲ ਸਕਦੀਆਂ ਹਨ, ਜਿਨ੍ਹਾਂ ਨੂੰ ਜਾਨਵਰਾਂ 'ਤੇ ਕੀਤੀ ਗਈ ਖੋਜ ਜਾਂ ਅਸਲ ਗਰਭ ਅਵਸਥਾ ਦੌਰਾਨ ਹਾਸਿਲ ਕਰਨਾ ਮੁਸ਼ਕਿਲ ਹੁੰਦਾ ਹੈ।

ਇਸ ਦਾ ਅੰਤਿਮ ਟੀਚਾ ਇਹ ਸਮਝਣਾ ਹੈ ਕਿ ਗਰਭ ਅਵਸਥਾ ਨਾਲ ਜੁੜੀਆਂ ਜਟਿਲਤਾਵਾਂ ਦੇ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਹੀ ਪਲੇਸੈਂਟਾ ਵਿੱਚ ਕੀ ਬਦਲਾਅ ਜਾਂ ਗੜਬੜੀ ਸ਼ੁਰੂ ਹੋ ਜਾਂਦੀ ਹੈ।

ਇਸ ਤਰ੍ਹਾਂ ਦੀ ਜਾਣਕਾਰੀ ਨਾਲ ਭਵਿੱਖ ਵਿੱਚ ਨਵੇਂ ਇਲਾਜ ਵਿਕਸਿਤ ਕਰਨ ਅਤੇ ਮਾਂ ਤੇ ਬੱਚੇ ਦੀ ਸਿਹਤ ਵਾਸਤੇ ਬਿਹਤਰ ਸੁਰੱਖਿਆ ਲਈ ਜ਼ਿਆਦਾ ਪ੍ਰਭਾਵੀ ਉਪਯੋਗ ਲੱਭਣ ਵਿੱਚ ਮਦਦ ਮਿਲ ਸਕਦੀ ਹੈ।

ਇਹ ਤਕਨੀਕ ਦਵਾਈਆਂ ਦੀ ਸੁਰੱਖਿਆ ਜਾਂਚਣ ਵਿੱਚ ਮਦਦ ਕਰ ਸਕਦੀ ਹੈ ?

ਤਸਵੀਰ ਕੈਪਸ਼ਨ,ਗਰਭ ਅਵਸਥਾ ਦੌਰਾਨ ਵਰਤੀਆਂ ਜਾਣ ਵਾਲੀਆਂ ਦਵਾਈਆਂ ਨੂੰ ਲੈ ਕੇ ਸਭ ਵੱਡੀ ਚੁਣੌਤੀ ਇਹ ਹੈ ਕਿ ਅਕਸਰ ਇਹ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੁੰਦਾ ਕਿ ਉਹ ਗਰਭ ਵਿੱਚ ਪਲ ਰਹੇ ਬੱਚੇ ਲਈ ਸੁਰੱਖਿਅਤ ਹਨ ਜਾਂ ਨਹੀਂ

ਅਸੀਂ ਖੋਜਕਰਤਾਵਾਂ ਤੋਂ ਪੁੱਛਿਆ ਕਿ ਕੀ ਇਹ ਖੋਜ ਭਵਿੱਖ ਵਿੱਚ ਗਰਭ ਅਵਸਥਾ ਦੌਰਾਨ ਦਵਾਈਆਂ ਦੀ ਸੁਰੱਖਿਆ ਜਾਂਚਣ ਵਿੱਚ ਮਦਦ ਕਰ ਸਕਦੀ ਹੈ, ਤਾਂ ਕਿ ਕੇਵਲ ਪਸ਼ੂ ਪ੍ਰੀਖਣਾਂ ਜਾਂ ਗਰਭਵਤੀ ਮਹਿਲਾਵਾਂ 'ਤੇ ਕੀਤੇ ਜਾਣ ਵਾਲੇ ਅਧਿਐਨਾਂ 'ਤੇ ਨਿਰਭਰ ਨਾ ਰਹਿਣਾ ਪਵੇ।

ਪ੍ਰੋਫੈਸਰ ਦੀਪਕ ਮੋਦੀ ਨੇ ਦੱਸਿਆ, "ਗਰਭ ਅਵਸਥਾ ਦੌਰਾਨ ਵਰਤੀਆਂ ਜਾਣ ਵਾਲੀਆਂ ਦਵਾਈਆਂ ਨੂੰ ਲੈ ਕੇ ਸਭ ਵੱਡੀ ਚੁਣੌਤੀ ਇਹ ਹੈ ਕਿ ਅਕਸਰ ਇਹ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੁੰਦਾ ਕਿ ਉਹ ਗਰਭ ਵਿੱਚ ਪਲ ਰਹੇ ਬੱਚੇ ਲਈ ਸੁਰੱਖਿਅਤ ਹਨ ਜਾਂ ਨਹੀਂ।"

ਨੈਤਿਕ ਕਾਰਨਾਂ ਕਰਕੇ ਗਰਭਵਤੀ ਮਹਿਲਾਵਾਂ ਨੂੰ ਜ਼ਿਆਦਾਤਰ ਦਵਾਈਆਂ ਦੇ ਕਲੀਨਿਕਲ ਟ੍ਰਾਇਲ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਇਸ ਲਈ ਗਰਭ ਅਵਸਥਾ ਦੌਰਾਨ ਕਈ ਦਵਾਈਆਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ ਅਤੇ ਉਨ੍ਹਾਂ ਦਾ ਬੱਚੇ 'ਤੇ ਕੀ ਅਸਰ ਪੈ ਸਕਦਾ ਹੈ, ਇਸ ਨੂੰ ਸਮਝਣ ਲਈ ਲੋੜੀਂਦੀ ਜਾਣਕਾਰੀ ਮੌਜੂਦ ਨਹੀਂ ਹੁੰਦੀ।

ਉਨ੍ਹਾਂ ਨੇ ਕਿਹਾ, " ਇਹ ਜਾਣਨਾ ਬੇਹਦ ਜ਼ਰੂਰੀ ਹੈ ਕਿ ਕੋਈ ਦਵਾਈ ਪਲੇਸੈਂਟਾ ਨੂੰ ਪਾਰ ਕਰਕੇ ਬੱਚੇ ਤੱਕ ਪਹੁੰਚਦੀ ਹੈ ਜਾਂ ਨਹੀਂ। ਹਾਲੇ ਇਸ ਜਾਣਕਾਰੀ ਲਈ ਮੁੱਖ ਰੂਪ ਵਿੱਚ ਜਾਨਵਰਾਂ 'ਤੇ ਕੀਤੇ ਗਏ ਮਾਡਲ ਦਾ ਇਸਤੇਮਾਲ ਕੀਤਾ ਜਾਂਦਾ ਹੈ।"

ਉਹ ਅੱਗੇ ਕਹਿੰਦੇ ਹਨ, "ਪਰ ਇਨਸਾਨ ਅਤੇ ਜਾਨਵਰਾਂ ਦੇ ਪਲੇਸੈਂਟਾ ਵਿੱਚ ਕਾਫ਼ੀ ਫਰਕ ਹੁੰਦਾ ਹੈ, ਇਸ ਲਈ ਜਾਨਵਰਾਂ 'ਤੇ ਮਿਲੇ ਨਤੀਜੇ ਹਮੇਸ਼ਾ ਇਨਸਾਨੀ ਗਰਭ ਅਵਸਥਾ 'ਤੇ ਸਹੀ ਤਰੀਕੇ ਨਾਲ ਲਾਗੂ ਨਹੀਂ ਹੋ ਸਕਦੇ।"

ਪ੍ਰੋਫੈਸਰ ਦੀਪਕ ਮੋਦੀ ਨੇ ਅੱਗੇ ਕਿਹਾ, "ਮਨੁੱਖੀ ਕੋਸ਼ਿਕਾਵਾਂ 'ਤੇ ਅਧਾਰਿਤ ਪਲੇਸੈਂਟਾ ਆਨ ਚੇਪ ਇਸ ਸਮੱਸਿਆ ਨੂੰ ਹੱਲ ਕਰਨ ਦਾ ਇੱਕ ਨਵਾਂ ਤਰੀਕਾ ਪੇਸ਼ ਕਰਦੀ ਹੈ। ਇਸ ਦੀ ਮਦਦ ਨਾਲ ਅਸੀਂ ਨਿਯੰਤਰਿਤ ਪ੍ਰਯੋਗਸ਼ਾਲਾ ਸਥਿਤੀਆਂ ਵਿੱਚ ਇਹ ਅਧਿਐਨ ਕਰ ਸਕਦੇ ਹਾਂ ਕਿ ਦਵਾਈਆਂ ਮਾਂ ਤੋਂ ਬੱਚੇ ਤੱਕ ਕਿਵੇਂ ਪਹੁੰਚਦੀਆਂ ਹਨ।"

ਉਹ ਕਹਿੰਦੇ ਹਨ, "ਇਸ ਨਾਲ ਦਵਾਈਆਂ ਦੇ ਵਿਕਾਸ ਦੇ ਸ਼ੁਰੂਆਤੀ ਪੜਾਅ ਵਿੱਚ ਹੀ ਇਨਸਾਨਾਂ ਨਾਲ ਜੁੜੀਆਂ ਅਹਿਮ ਜਾਣਕਾਰੀਆਂ ਮਿਲ ਸਕਦੀਆਂ ਹਨ ਅਤੇ ਅੱਗੇ ਦੀ ਜਾਂਚ ਲਈ ਸਭ ਤੋਂ ਬਿਹਤਰ ਦਵਾਈਆਂ ਦੀ ਪਛਾਣ ਕਰਨ ਵਿੱਚ ਮਦਦ ਮਿਲ ਸਕਦੀ ਹੈ।"

ਤਸਵੀਰ ਕੈਪਸ਼ਨ,ਭਵਿੱਖ ਵਿੱਚ ਇਹ ਮਾਂ ਅਤੇ ਬੱਚੇ ਲਈ ਵੱਧ ਸੁਰੱਖਿਅਤ ਦਵਾਈਆਂ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

ਆਈਸੀਐਮਆਰ-ਨੈਸ਼ਨਲ ਇੰਸਟੀਚਿਊਟ ਫਾਰ ਰਿਸਰਚ ਆਨ ਵੂਮਨ ਹੈਲਥ ਦੀ ਨਿਰਦੇਸ਼ਕ ਡਾ. ਗੀਤਾਂਜਲੀ ਸਚਦੇਵਾ ਨੇ ਕਿਹਾ, "ਅਸੀਂ ਇਹ ਦਾਅਵਾ ਨਹੀਂ ਕਰ ਰਹੇ ਹਾਂ ਕਿ ਇਹ ਤਕਨੀਕ ਤੁਰੰਤ ਹੀ ਜਾਨਵਰਾਂ 'ਤੇ ਕੀਤੀ ਜਾਣ ਵਾਲੀ ਖੋਜ ਜਾਂ ਕਲੀਨਿਕਲ ਰਿਸਰਚ ਦੀ ਥਾਂ ਲੈ ਲਵੇਗੀ। ਇਸ ਦਾ ਮਕਸਦ ਮੌਜੂਦਾ ਤਰੀਕਿਆਂ ਦੇ ਨਾਲ-ਨਾਲ ਇਨਸਾਨਾਂ ਨਾਲ ਜੁੜੇ ਵਿਸ਼ੇਸ਼ ਅਤੇ ਉਪਯੋਗੀ ਸਬੂਤ ਉਪਲਬਧ ਕਰਾਉਣਾ ਹੈ।"

ਉਨ੍ਹਾਂ ਕਿਹਾ, "ਭਵਿੱਖ ਵਿੱਚ ਵਿਆਪਕ ਜਾਂਚ ਅਤੇ ਪੁਸ਼ਟੀ ਤੋਂ ਬਾਅਦ ਇਹ ਤਕਨੀਕ ਕੁਝ ਪਸ਼ੂ ਪਰੀਖਣਾਂ ਦੀ ਲੋੜ ਘੱਟ ਕਰ ਸਕਦੀ ਹੈ ਅਤੇ ਗਰਭਵਤੀ ਮਹਿਲਾਵਾਂ ਲਈ ਵੱਖ ਸੁਰੱਖਿਅਤ ਇਲਾਜ ਵਿਕਸਿਤ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰ ਸਕਦੀ ਹੈ।"

ਹਾਲਾਂਕਿ ਇਹ ਤਕਨੀਕ ਹਾਲੇ ਸ਼ੁਰੂਆਤੀ ਪੜਾਅ ਵਿਚ ਹੈ ਪਰ ਪਲੇਸੈਂਟਾ ਆਨ ਏ ਚਿੱਪ ਵਿਗਿਆਨਕਾਂ ਨੂੰ ਗਰਭ ਅਵਸਥਾ ਦੀਆਂ ਲੁਕੀ ਹੋਈਆਂ ਜੈਵਿਕ ਪ੍ਰਕਿਰਿਆਵਾਂ ਨੂੰ ਸਮਝਣ ਲਈ ਇੱਕ ਨਵਾਂ ਰਾਹ ਦਿੰਦੀ ਹੈ।

ਭਵਿੱਖ ਵਿੱਚ ਇਹ ਮਾਂ ਅਤੇ ਬੱਚੇ ਲਈ ਵੱਧ ਸੁਰੱਖਿਅਤ ਦਵਾਈਆਂ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

# ਕਾਂਗੋ ਤੋਂ ਪਰਤਣ ਵਾਲੇ ਅਮਰੀਕੀਆਂ ਲਈ 21 ਦਿਨਾਂ ਦੇ ਕੁਆਰੰਟੀਨ ਨਿਯਮ ਨਾਲ ਇਬੋਲਾ ਰੋਕਥਾਮ ਮੁਹਿੰਮ ਪ੍ਰਭਾਵਿਤ ਹੋਵੇਗੀ: ਸਹਾਇਤਾ ਸੰਸਥਾ

ਵਾਸ਼ਿੰਗਟਨ: ਅਮਰੀਕਾ ਸਰਕਾਰ ਦੀ ਨਵੀਂ ਨੀਤੀ, ਜਿਸ ਤਹਿਤ ਕਾਂਗੋ ਲੋਕਤੰਤਰੀ ਗਣਰਾਜ (ਧ੍ਰ ਛੋਨਗੋ) ਤੋਂ ਵਾਪਸ ਆਉਣ ਵਾਲੇ ਅਮਰੀਕੀ ਨਾਗਰਿਕਾਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਤੋਂ ਪਹਿਲਾਂ ਕਿਸੇ ਤੀਜੇ ਦੇਸ਼ ਵਿੱਚ 21 ਦਿਨਾਂ ਲਈ ਕੁਆਰੰਟੀਨ ਰਹਿਣਾ ਲਾਜ਼ਮੀ ਹੋਵੇਗਾ, ਇਬੋਲਾ ਮਹਾਮਾਰੀ ਖ਼ਿਲਾਫ਼ ਚੱਲ ਰਹੀਆਂ ਰਾਹਤ ਕਾਰਵਾਈਆਂ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕਰੇਗਾ। ਇਹ ਗੱਲ ਇੱਕ ਪ੍ਰਮੁੱਖ ਅਮਰੀਕੀ ਸਹਾਇਤਾ ਸੰਸਥਾ ਦੇ ਮੁਖੀ ਨੇ ਕਹੀ ਹੈ।



ਫ੍ਰੈਂਕਲਿਨ ਗ੍ਰਾਹਮ, ਜੋ ਸੈਮੈਰਿਟਨਜ਼ ਪਰਸ (ਸ਼ੳਮੳਰਿਟੳਨ'ਸ ਫੁਰਸE) ਦੇ ਮੁੱਖ ਕਾਰਜਕਾਰੀ ਅਧਿਕਾਰੀ (ਛਓਂ) ਹਨ ਅਤੇ ਕਾਂਗੋ ਵਿੱਚ ਇਬੋਲਾ ਇਲਾਜ ਕੇਂਦਰ ਚਲਾ ਰਹੇ ਹਨ, ਨੇ ਕਿਹਾ ਕਿ ਇਸ ਨਵੇਂ ਨਿਯਮ ਕਾਰਨ ਸਿਹਤ ਕਰਮਚਾਰੀਆਂ ਦੀ ਭਰਤੀ ਕਰਨਾ ਔਖਾ ਹੋ ਜਾਵੇਗਾ, ਜਿਸ ਨਾਲ ਉਨ੍ਹਾਂ ਨੂੰ ਆਪਣੀ ਸੇਵਾ ਘਟਾਉਣੀ ਪੈ ਸਕਦੀ ਹੈ।

ਉਨ੍ਹਾਂ ਨੇ ਰਾਇਟਰਜ਼ ਨਾਲ ਗੱਲਬਾਤ ਦੌਰਾਨ ਕਿਹਾ, "ਸਾਨੂੰ ਆਪਣਾ ਕੰਮ ਕਾਫ਼ੀ ਹੱਦ ਤੱਕ ਘਟਾਉਣਾ ਪਵੇਗਾ। ਲੋੜੀਂਦਾ ਸਟਾਫ਼ ਇਕੱਠਾ ਕਰਨਾ ਹੁਣ ਬਹੁਤ ਮੁਸ਼ਕਲ ਹੋ ਜਾਵੇਗਾ।"

1,900 ਤੋਂ ਵੱਧ ਇਬੋਲਾ ਮਾਮਲੇ, 700 ਤੋਂ ਵੱਧ ਮੌਤਾਂ

ਅਧਿਕਾਰਕ ਅੰਕੜਿਆਂ ਮੁਤਾਬਕ ਕਾਂਗੋ ਵਿੱਚ ਇਬੋਲਾ ਦੇ 1,900 ਤੋਂ ਵੱਧ ਪੁਸ਼ਟੀਸ਼ੁਦਾ ਮਾਮਲੇ ਸਾਹਮਣੇ ਆ ਚੁੱਕੇ ਹਨ ਅਤੇ 700 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਾਰੇ ਮਾਮਲੇ ਬੁੰਡੀਬੁਗਿਓ (ਬੁਨਦਿਬੁਗੋ) ਵੈਰੀਐਂਟ ਨਾਲ ਜੁੜੇ ਹੋਏ ਹਨ। ਵਿਸ਼ਵ ਸਿਹਤ ਸੰਗਠਨ (ੱ) ਅਨੁਸਾਰ ਇਹ ਇਤਿਹਾਸ ਦਾ ਤੀਜਾ ਸਭ ਤੋਂ ਵੱਡਾ ਇਬੋਲਾ ਪ੍ਰਕੋਪ ਹੈ।

ਅਮਰੀਕਾ ਦੀ ਸਖ਼ਤ ਨੀਤੀ

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਇਬੋਲਾ ਨੂੰ ਅਮਰੀਕਾ ਵਿੱਚ ਦਾਖਲ ਨਹੀਂ ਹੋਣ ਦੇਣਗੇ। ਇਸੇ ਤਹਿਤ ਗੈਰ-ਅਮਰੀਕੀ ਨਾਗਰਿਕਾਂ 'ਤੇ ਪਹਿਲਾਂ ਹੀ ਸਖ਼ਤ ਪਾਬੰਦੀਆਂ ਲਗਾਈਆਂ ਜਾ ਚੁੱਕੀਆਂ ਹਨ। ਅਮਰੀਕਾ ਕੀਨੀਆ ਵਿੱਚ ਇੱਕ ਕੁਆਰੰਟੀਨ ਕੇਂਦਰ ਵੀ ਤਿਆਰ ਕਰ ਰਿਹਾ ਹੈ।

ਸੈਂਟਰਜ਼ ਫ਼ਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (ਛਧਛ) ਦੀ ਨਵੀਂ ਨੀਤੀ ਅਨੁਸਾਰ ਕਾਂਗੋ ਵਿੱਚ ਮੌਜੂਦ ਅਮਰੀਕੀ ਨਾਗਰਿਕਾਂ ਨੂੰ ਸਿੱਧੀ ਅਮਰੀਕਾ ਜਾਣ ਵਾਲੀਆਂ ਵਪਾਰਕ ਉਡਾਣਾਂ ਵਿੱਚ ਸਵਾਰ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ।

ਰਾਹਤ ਕੰਮਾਂ 'ਤੇ ਪਵੇਗਾ ਅਸਰ

ਸੈਮੈਰਿਟਨਜ਼ ਪਰਸ ਨੇ ਜੂਨ ਮਹੀਨੇ ਵਿੱਚ ਕਾਂਗੋ ਦੇ ਬੁਨੀਆ ਅਤੇ ਨਿਆਨਕੁੰਡੇ ਖੇਤਰਾਂ ਵਿੱਚ ਇਬੋਲਾ ਇਲਾਜ ਕੇਂਦਰ ਸਥਾਪਤ ਕੀਤੇ ਸਨ। ਇਨ੍ਹਾਂ ਕੇਂਦਰਾਂ ਵਿੱਚ ਲਗਭਗ 100 ਬਿਸਤਰਾਂ ਦੀ ਸਮਰੱਥਾ ਹੈ ਅਤੇ ਹੁਣ ਤੱਕ 270 ਤੋਂ ਵੱਧ ਮਰੀਜ਼ਾਂ ਦਾ ਇਲਾਜ ਕੀਤਾ ਜਾ ਚੁੱਕਾ ਹੈ। ਸੰਸਥਾ ਦੇ ਲਗਭਗ 80 ਅਮਰੀਕੀ ਸਿਹਤ ਕਰਮਚਾਰੀ ਇਸ ਮਿਸ਼ਨ ਵਿੱਚ ਤਾਇਨਾਤ ਹਨ।

ਫ੍ਰੈਂਕਲਿਨ ਗ੍ਰਾਹਮ ਨੇ ਕਿਹਾ, "ਇਸ ਦਾ ਸਿੱਧਾ ਅਸਰ ਸਾਡੀਆਂ ਸੇਵਾਵਾਂ ਦੀ ਗੁਣਵੱਤਾ 'ਤੇ ਪਵੇਗਾ।"

ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਸਿਹਤ ਕਰਮਚਾਰੀ ਅਮਰੀਕਾ ਵਿੱਚ ਆਪਣੀਆਂ ਨੌਕਰੀਆਂ ਤੋਂ ਕੁਝ ਸਮੇਂ ਦੀ ਛੁੱਟੀ ਲੈ ਕੇ ਕਾਂਗੋ ਜਾਂਦੇ ਹਨ। ਹੁਣ ਵਾਪਸੀ ਸਮੇਂ ਵਾਧੂ 21 ਦਿਨਾਂ ਦਾ ਕੁਆਰੰਟੀਨ ਲਾਜ਼ਮੀ ਹੋਣ ਕਾਰਨ ਬਹੁਤ ਸਾਰੇ ਸਵੈਸੇਵਕ ਆਉਣ ਤੋਂ ਹਿਚਕਚਾਉਣਗੇ ਅਤੇ ਖਰਚੇ ਵੀ ਕਾਫ਼ੀ ਵੱਧ ਜਾਣਗੇ।

ਉਨ੍ਹਾਂ ਕਿਹਾ, "ਇਹ ਇਸ ਤਰ੍ਹਾਂ ਹੈ ਜਿਵੇਂ ਸਾਡੇ ਸਿਹਤ ਕਰਮਚਾਰੀਆਂ ਨੂੰ ਖ਼ਤਰਨਾਕ ਸਮਝਿਆ ਜਾ ਰਿਹਾ ਹੋਵੇ, ਜਦਕਿ ਇਹ ਉਹ ਹੀਰੋ ਹਨ ਜਿਨ੍ਹਾਂ ਨੇ ਦੂਜਿਆਂ ਦੀਆਂ ਜਾਨਾਂ ਬਚਾਉਣ ਲਈ ਆਪਣੀ ਜਾਨ ਨੂੰ ਜੋਖ਼ਮ ਵਿੱਚ ਪਾਇਆ ਹੈ।"

ਪੁਰਾਣੀ ਪ੍ਰਣਾਲੀ ਦੀ ਥਾਂ ਨਵਾਂ ਨਿਯਮ

ਛਧਛ ਦੇ ਸਾਬਕਾ ਸੀਨੀਅਰ ਅਧਿਕਾਰੀ ਡਾ. ਡੈਨੀਅਲ ਜਰਨੀਗਨ, ਜਿਨ੍ਹਾਂ ਨੇ 2014-15 ਦੇ ਪੱਛਮੀ ਅਫ਼ਰੀਕਾ ਇਬੋਲਾ ਪ੍ਰਕੋਪ ਦੌਰਾਨ ਅਮਰੀਕੀ ਜਵਾਬੀ ਕਾਰਵਾਈ ਦੀ ਅਗਵਾਈ ਕੀਤੀ ਸੀ, ਨੇ ਕਿਹਾ ਕਿ ਘੱਟ ਜੋਖ਼ਮ ਵਾਲੇ ਅਮਰੀਕੀ ਨਾਗਰਿਕਾਂ ਨੂੰ ਦੇਸ਼ ਵਾਪਸੀ ਤੋਂ ਰੋਕਣ ਲਈ "ਡੂ-ਨਾਟ-ਬੋਰਡ" ਨੀਤੀ ਲਾਗੂ ਕਰਨਾ ਪਹਿਲਾਂ ਕਦੇ ਨਹੀਂ ਹੋਇਆ।

ਇਸ ਤੋਂ ਪਹਿਲਾਂ ਕਾਂਗੋ ਤੋਂ ਪਰਤਣ ਵਾਲੇ ਅਮਰੀਕੀ ਨਾਗਰਿਕਾਂ ਨੂੰ ਚੁਣੇ ਹੋਏ ਹਵਾਈ ਅੱਡਿਆਂ ਰਾਹੀਂ ਦਾਖਲਾ ਮਿਲਦਾ ਸੀ, ਜਿੱਥੇ ਉਨ੍ਹਾਂ ਦੀ ਯਾਤਰਾ ਦਾ ਇਤਿਹਾਸ, ਸਰੀਰ ਦਾ ਤਾਪਮਾਨ ਅਤੇ ਇਬੋਲਾ ਦੇ ਲੱਛਣਾਂ ਦੀ ਜਾਂਚ ਕੀਤੀ ਜਾਂਦੀ ਸੀ।

ਅਮਰੀਕਾ ਵਿੱਚ ਅਜੇ ਤੱਕ ਕੋਈ ਮਾਮਲਾ ਨਹੀਂ

ਛਧਛ ਦੇ ਅਨੁਸਾਰ ਕਾਂਗੋ ਦੇ ਮੌਜੂਦਾ ਇਬੋਲਾ ਪ੍ਰਕੋਪ ਨਾਲ ਸੰਬੰਧਿਤ ਅਮਰੀਕਾ ਵਿੱਚ ਅਜੇ ਤੱਕ ਕੋਈ ਵੀ ਮਾਮਲਾ ਦਰਜ ਨਹੀਂ ਹੋਇਆ ਹੈ ਅਤੇ ਆਮ ਲੋਕਾਂ ਅਤੇ ਯਾਤਰੀਆਂ ਲਈ ਖ਼ਤਰਾ ਹਾਲੇ ਵੀ ਘੱਟ ਹੈ। ਇਹ ਪਾਬੰਦੀਆਂ ਯੂਗਾਂਡਾ ਅਤੇ ਦੱਖਣੀ ਸੂਡਾਨ ਦੇ ਕੁਝ ਯਾਤਰੀਆਂ 'ਤੇ ਵੀ ਲਾਗੂ ਹੋਣਗੀਆਂ। ਹਾਲਾਂਕਿ, ਹੋਰ ਯਾਤਰੀਆਂ ਦੀ ਪਹਿਲਾਂ ਵਾਂਗ ਹਵਾਈ ਅੱਡਿਆਂ 'ਤੇ ਜਾਂਚ ਕੀਤੀ ਜਾਵੇਗੀ। ਛਧਛ ਨੇ ਇਹ ਵੀ ਕਿਹਾ ਹੈ ਕਿ ਮਾਨਵਤਾਵਾਦੀ ਕਾਰਨਾਂ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਮਾਮਲਿਆਂ ਵਿੱਚ ਵਿਸ਼ੇਸ਼ ਛੋਟ ਕੇਸ-ਦਰ-ਕੇਸ ਆਧਾਰ 'ਤੇ ਦਿੱਤੀ ਜਾ ਸਕਦੀ ਹੈ।

# ਧੁੱਪ ਘੱਟ ਮਿਲਣ 'ਤੇ ਕੀ ਵਿਟਾਮਿਨ-ਡੀ ਦੀਆਂ ਗੋਲੀਆਂ ਲੈਣੀਆਂ ਜ਼ਰੂਰੀ ਹਨ?

ਸਿਡਨੀ: ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਧੁੱਪ ਵਾਲੇ ਦੇਸ਼ ਵਿੱਚ ਰਹਿੰਦਾ ਹੈ ਤਾਂ ਉਸ ਦੇ ਸਰੀਰ ਨੂੰ ਵਿਟਾਮਿਨ-ਡੀ ਦੀ ਪੂਰੀ ਮਾਤਰਾ ਆਪਣੇ ਆਪ ਮਿਲ ਜਾਂਦੀ ਹੈ। ਪਰ ਹਕੀਕਤ ਇਸ ਤੋਂ ਕਾਫ਼ੀ ਵੱਖਰੀ ਹੈ।

ਆਸਟ੍ਰੇਲੀਆ ਵਿੱਚ ਲਗਭਗ ਹਰ ਚਾਰ ਵਿੱਚੋਂ ਇੱਕ ਬਾਲਗ ਵਿਅਕਤੀ ਵਿਟਾਮਿਨ-ਡੀ ਦੀ ਘਾਟ ਨਾਲ ਜੂਝ ਰਿਹਾ ਹੈ। ਇਸੇ ਕਾਰਨ ਵਿਟਾਮਿਨ-ਡੀ ਦੇ ਸਪਲੀਮੈਂਟ ਅੱਜ ਸਭ ਤੋਂ ਵੱਧ ਵਰਤੇ ਜਾਣ ਵਾਲੇ ਪੋਸ਼ਣ ਪੂਰਕਾਂ ਵਿੱਚ ਸ਼ਾਮਲ ਹੋ ਚੁੱਕੇ ਹਨ। ਅਜਿਹੇ ਵਿੱਚ ਸਵਾਲ ਉੱਠਦਾ ਹੈ ਕਿ ਵਿਟਾਮਿਨ-ਡੀ ਕੀ ਹੈ ਅਤੇ ਕੀ ਇਸ ਨੂੰ ਸਪਲੀਮੈਂਟ ਦੇ ਰੂਪ ਵਿੱਚ ਲੈਣਾ ਜ਼ਰੂਰੀ ਹੈ?

ਵਿਟਾਮਿਨ-ਡੀ ਕੀ ਹੈ?

ਵਿਟਾਮਿਨ-ਡੀ ਇੱਕ ਚਰਬੀ ਵਿੱਚ ਘੁਲਣ ਵਾਲਾ ਵਿਟਾਮਿਨ ਹੈ, ਜੋ ਸਰੀਰ ਨੂੰ ਤੰਦਰੁਸਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਹੋਰ ਵਿਟਾਮਿਨਾਂ ਤੋਂ ਵੱਖਰਾ, ਇਹ ਸਰੀਰ ਵਿੱਚ ਹਾਰਮੋਨ ਵਾਂਗ ਕੰਮ ਕਰਦਾ ਹੈ ਅਤੇ ਸਰੀਰ ਦੀ ਲਗਭਗ ਹਰ ਕੋਸ਼ਿਕਾ ਵਿੱਚ ਇਸ ਦੇ ਪ੍ਰਭਾਵ ਨੂੰ ਸਵੀਕਾਰ ਕਰਨ ਵਾਲੇ ਰਿਸੈਪਟਰ ਮੌਜੂਦ ਹੁੰਦੇ ਹਨ।

ਵਿਟਾਮਿਨ-ਡੀ ਦੇ ਕਈ ਰੂਪ ਹਨ, ਪਰ ਵਿਟਾਮਿਨ-ਡੀ3 (ਕੋਲੇਕੈਲਸੀਫੇਰੋਲ) ਨੂੰ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਸਰੀਰ ਵਿੱਚ ਪਹਿਲਾਂ ਜਿਗਰ ਅਤੇ ਫਿਰ ਗੁਰਦਿਆਂ ਵਿੱਚ ਬਦਲ ਕੇ ਕੈਲਸੀਟ੍ਰਾਇਓਲ ਨਾਮਕ ਸਰਗਰਮ ਰੂਪ ਬਣ ਜਾਂਦਾ ਹੈ।

ਸਰੀਰ ਨੂੰ ਵਿਟਾਮਿਨ-ਡੀ ਕਿਵੇਂ ਮਿਲਦਾ ਹੈ?

ਸਰੀਰ ਖੁਦ ਵੀ ਵਿਟਾਮਿਨ-ਡੀ ਤਿਆਰ ਕਰ ਸਕਦਾ ਹੈ। ਇਸ ਲਈ ਚਮੜੀ 'ਤੇ ਸੂਰਜ ਦੀਆਂ ਅਲਟਰਾਵਾਇਲੇਟ-ਬੀ (ਤਂਭ) ਕਿਰਨਾਂ ਪੈਣੀਆਂ ਲਾਜ਼ਮੀ ਹੁੰਦੀਆਂ ਹਨ, ਜੋ ਚਮੜੀ ਵਿੱਚ ਮੌਜੂਦ ਇੱਕ ਤੱਤ ਨੂੰ ਵਿਟਾਮਿਨ-ਡੀ ਵਿੱਚ ਬਦਲ ਦਿੰਦੀਆਂ ਹਨ।

ਇਸ ਤੋਂ ਇਲਾਵਾ ਅੰਡੇ, ਚਰਬੀ ਵਾਲੀਆਂ ਮੱਛੀਆਂ ਅਤੇ ਖੁੰਬਾਂ (ਮਸ਼ਰੂਮ) ਵਰਗੇ ਭੋਜਨ ਤੋਂ ਵੀ ਕੁਝ ਵਿਟਾਮਿਨ-ਡੀ ਮਿਲਦਾ ਹੈ, ਪਰ ਸਿਰਫ਼ ਖੁਰਾਕ ਰਾਹੀਂ ਸਰੀਰ ਦੀ ਪੂਰੀ ਲੋੜ ਪੂਰੀ ਕਰਨਾ ਆਸਾਨ ਨਹੀਂ ਹੁੰਦਾ।

ਵਿਟਾਮਿਨ-ਡੀ ਕਿਉਂ ਜ਼ਰੂਰੀ ਹੈ?

ਵਿਟਾਮਿਨ-ਡੀ ਦਾ ਸਭ ਤੋਂ ਮਹੱਤਵਪੂਰਨ ਕੰਮ ਸਰੀਰ ਵਿੱਚ ਕੈਲਸ਼ੀਅਮ ਦੇ ਸੋਖਣ (ਅਵਸ਼ੋਸ਼ਣ) ਵਿੱਚ ਮਦਦ ਕਰਨਾ ਹੈ। ਇਸ ਨਾਲ ਖੂਨ ਵਿੱਚ ਕੈਲਸ਼ੀਅਮ ਦੀ ਮਾਤਰਾ ਸੰਤੁਲਿਤ ਰਹਿੰਦੀ ਹੈ ਅਤੇ ਹੱਡੀਆਂ ਮਜ਼ਬੂਤ ਬਣਦੀਆਂ ਹਨ।

ਘਾਟ ਹੋਣ ਨਾਲ ਕੀ ਨੁਕਸਾਨ ਹੁੰਦੇ ਹਨ?

ਜੇ ਸਰੀਰ ਵਿੱਚ ਵਿਟਾਮਿਨ-ਡੀ ਦੀ ਘਾਟ ਹੋ ਜਾਵੇ ਤਾਂ ਕੈਲਸ਼ੀਅਮ ਠੀਕ ਤਰ੍ਹਾਂ ਨਹੀਂ ਸੋਖਿਆ ਜਾਂਦਾ, ਜਿਸ ਨਾਲ ਹੱਡੀਆਂ ਨਾਲ ਸੰਬੰਧਿਤ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਬੱਚਿਆਂ ਵਿੱਚ ਇਸ ਦੀ ਗੰਭੀਰ ਘਾਟ ਨਾਲ ਰਿਕੇਟਸ ਨਾਮਕ ਬਿਮਾਰੀ ਹੋ ਸਕਦੀ ਹੈ, ਜਿਸ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ, ਵਿਕਾਸ ਪ੍ਰਭਾਵਿਤ ਹੁੰਦਾ ਹੈ, ਹੱਡੀਆਂ ਵਿੱਚ ਦਰਦ ਅਤੇ ਟੰਗਾਂ ਟੇਢੀਆਂ ਹੋ ਸਕਦੀਆਂ ਹਨ।

ਬਾਲਗਾਂ ਵਿੱਚ ਇਸ ਦੀ ਘਾਟ ਨਾਲ ਓਸਟਿਓਮਲੇਸ਼ੀਆ ਹੋ ਸਕਦੀ ਹੈ, ਜਿਸ ਨਾਲ ਹੱਡੀਆਂ ਵਿੱਚ ਦਰਦ, ਥਕਾਵਟ ਅਤੇ ਹੱਡੀਆਂ ਟੁੱਟਣ ਦਾ ਖ਼ਤਰਾ ਵੱਧ ਜਾਂਦਾ ਹੈ।

ਇਸ ਤੋਂ ਇਲਾਵਾ ਮਾਸਪੇਸ਼ੀਆਂ ਦੀ ਕਮਜ਼ੋਰੀ, ਖਿੱਚ, ਰੋਗ-ਰੋਕੂ ਸਮਰੱਥਾ ਘਟਣਾ ਅਤੇ ਸਾਹ ਨਾਲ ਜੁੜੀਆਂ ਲਾਗਾਂ ਦਾ ਖ਼ਤਰਾ ਵੀ ਵਧ ਸਕਦਾ ਹੈ।

ਵਿਟਾਮਿਨ-ਡੀ ਦੀ ਘਾਟ ਕਿਉਂ ਹੁੰਦੀ ਹੈ?

ਇਸ ਦਾ ਸਭ ਤੋਂ ਵੱਡਾ ਕਾਰਨ ਧੁੱਪ ਦੀ ਘਾਟ ਹੈ। ਜਿਹੜੇ ਲੋਕ ਜ਼ਿਆਦਾਤਰ ਸਮਾਂ ਘਰ ਦੇ ਅੰਦਰ ਰਹਿੰਦੇ ਹਨ ਜਾਂ ਰਾਤ ਦੀ ਡਿਊਟੀ ਕਰਦੇ ਹਨ ਅਤੇ ਦਿਨ ਵੇਲੇ ਸੌਂਦੇ ਹਨ, ਉਨ੍ਹਾਂ ਨੂੰ ਧੁੱਪ ਘੱਟ ਮਿਲਦੀ ਹੈ ਅਤੇ ਸਰੀਰ ਵਿੱਚ ਵਿਟਾਮਿਨ-ਡੀ ਵੀ ਘੱਟ ਬਣਦਾ ਹੈ।

ਹਾਲਾਂਕਿ ਆਸਟ੍ਰੇਲੀਆ ਵਿੱਚ ਧੁੱਪ ਕਾਫ਼ੀ ਹੁੰਦੀ ਹੈ, ਪਰ ਕੁਝ ਖੇਤਰਾਂ ਵਿੱਚ ਸਰਦੀਆਂ ਦੌਰਾਨ ਦਿਨ ਦੀ ਰੋਸ਼ਨੀ ਬਹੁਤ ਘੱਟ ਸਮੇਂ ਲਈ ਮਿਲਦੀ ਹੈ। ਤਸਮਾਨੀਆ ਵਰਗੇ ਖੇਤਰਾਂ ਵਿੱਚ ਲੋਕਾਂ ਵਿੱਚ ਵਿਟਾਮਿਨ-ਡੀ ਦੀ ਘਾਟ ਅਤੇ ਮੌਸਮੀ ਉਦਾਸੀ (ਸੀਜ਼ਨਲ ਅਫੈਕਟਿਵ ਡਿਸਆਰਡਰ) ਦਾ ਖ਼ਤਰਾ ਵੀ ਵੱਧ ਜਾਂਦਾ ਹੈ।

ਵਿਟਾਮਿਨ-ਡੀ ਦੇ ਸਪਲੀਮੈਂਟ

ਆਸਟ੍ਰੇਲੀਆ ਵਿੱਚ ਵਿਟਾਮਿਨ-ਡੀ ਦੇ ਕਈ ਤਰ੍ਹਾਂ ਦੇ ਸਪਲੀਮੈਂਟ ਉਪਲਬਧ ਹਨ। ਇਨ੍ਹਾਂ ਵਿੱਚ:

20 ਮਾਈਕ੍ਰੋਗ੍ਰਾਮ ਵਿਟਾਮਿਨ-ਡੀ3 (ਰੋਜ਼ਾਨਾ ਲੈਣ ਲਈ)

175 ਮਾਈਕ੍ਰੋਗ੍ਰਾਮ ਵਿਟਾਮਿਨ-ਡੀ3 (ਹਫ਼ਤੇ ਵਿੱਚ ਇੱਕ ਵਾਰ)

0.25 ਮਾਈਕ੍ਰੋਗ੍ਰਾਮ ਕੈਲਸੀਟ੍ਰਾਇਓਲ, ਜੋ ਲੰਬੇ ਸਮੇਂ ਤੋਂ ਗੁਰਦਿਆਂ ਦੀ ਬਿਮਾਰੀ ਨਾਲ ਪੀੜਤ ਮਰੀਜ਼ਾਂ ਵਿੱਚ ਵਰਤਿਆ ਜਾਂਦਾ ਹੈ।

ਕੀ ਵਿਟਾਮਿਨ-ਡੀ ਜ਼ਿਆਦਾ ਲੈਣਾ ਨੁਕਸਾਨਦਾਇਕ ਹੈ?

ਆਮ ਤੌਰ 'ਤੇ ਵਿਟਾਮਿਨ-ਡੀ3 ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ। ਰੋਜ਼ਾਨਾ 100 ਮਾਈਕ੍ਰੋਗ੍ਰਾਮ ਤੱਕ ਦੀ ਮਾਤਰਾ ਸੁਰੱਖਿਅਤ ਮੰਨੀ ਜਾਂਦੀ ਹੈ।

ਜੇਕਰ ਲੰਬੇ ਸਮੇਂ ਤੱਕ ਇਸ ਤੋਂ ਵੱਧ ਮਾਤਰਾ ਲਈ ਜਾਵੇ ਤਾਂ ਸਰੀਰ ਵਿੱਚ ਕੈਲਸ਼ੀਅਮ ਬਹੁਤ ਜ਼ਿਆਦਾ ਸੋਖਿਆ ਜਾਣ ਲੱਗਦਾ ਹੈ, ਜਿਸ ਨਾਲ:

ਮਤਲੀ ਅਤੇ ਉਲਟੀਆਂ

ਮਾਸਪੇਸ਼ੀਆਂ ਦੀ ਕਮਜ਼ੋਰੀ

ਭੁੱਖ ਘੱਟ ਲੱਗਣਾ

ਸਰੀਰ ਵਿੱਚ ਪਾਣੀ ਦੀ ਕਮੀ

ਬਹੁਤ ਜ਼ਿਆਦਾ ਪਿਆਸ ਲੱਗਣਾ

ਗੁਰਦਿਆਂ ਵਿੱਚ ਪੱਥਰੀ

ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।




# "ਯੂਕੇ ਵਿੱਚ ਕਿਸ਼ੋਰਾਂ ਲਈ ਰਾਤ 11 ਤੋਂ ਸਵੇਰੇ 6 ਵਜੇ ਤੱਕ ਸੋਸ਼ਲ ਮੀਡੀਆ 'ਤੇ ਪਾਬੰਦੀ ਦਾ ਪ੍ਰਸਤਾਵ – ਅੱਧੀ ਰਾਤ ਤੋਂ ਸ਼ੁਰੂ ਹੋਵੇਗਾ ਡਿਜ਼ਿਟਲ ਕਰਫਿਊ।





ਯੂਕੇ ਵਿੱਚ ਵੱਡੀ ਉਮਰ ਦੇ ਕਿਸ਼ੋਰਾਂ ਲਈ ਰਾਤ ਵੇਲੇ ਸੋਸ਼ਲ ਮੀਡੀਆ ਕਰਫਿਊ ਲਾਗੂ ਕੀਤਾ ਜਾ ਸਕਦਾ ਹੈ। ਬ੍ਰਿਟਿਸ਼ ਸਰਕਾਰ ਨੇ ਇਹ ਐਲਾਨ ਕੀਤਾ ਹੈ। ਹਾਲਾਂਕਿ ਉਹ ਆਪਣੇ ਅਕਾਊਂਟ ਦੀਆਂ ਸੈਟਿੰਗਾਂ ਬਦਲ ਕੇ ਇਸ ਤੋਂ ਬਾਹਰ ਹੋਣ ਦੀ ਚੋਣ ਕਰ ਸਕਣਗੇ।

ਇਸ ਦਾ ਮਤਲਬ ਹੋਵੇਗਾ ਕਿ 16 ਅਤੇ 17 ਸਾਲ ਦੀ ਉਮਰ ਵਾਲਿਆਂ ਲਈ ਇੰਸਟਾਗ੍ਰਾਮ, ਟਿਕਟੌਕ ਅਤੇ ਯੂਟਿਊਬ ਵਰਗੀਆਂ ਐਪਾਂ ਡਿਫਾਲਟ ਤੌਰ 'ਤੇ ਅੱਧੀ ਰਾਤ ਤੋਂ ਸਵੇਰੇ ਛੇ ਵਜੇ ਤੱਕ ਉਪਲਬਧ ਨਹੀਂ ਹੋਣਗੀਆਂ।

ਸਰਕਾਰ ਇਹ ਵੀ ਚਾਹੁੰਦੀ ਹੈ ਕਿ ਆਟੋ-ਪਲੇਅ ਅਤੇ ਇਨਫਿਨਾਈਟ ਸਕ੍ਰੋਲ ਵਰਗੇ "ਲਤ ਲਗਾਉਣ ਵਾਲੇ" ਫ਼ੀਚਰ ਵੀ ਬੰਦ ਕੀਤੇ ਜਾਣ। ਸਰਕਾਰ ਦਾ ਕਹਿਣਾ ਹੈ ਕਿ ਕਰਫਿਊ ਦੇ ਨਾਲ ਮਿਲ ਕੇ ਇਹ ਕਦਮ ਕਿਸ਼ੋਰਾਂ ਦਾ ਧਿਆਨ ਕੇਂਦਰਿਤ ਕਰਨ, ਨੀਂਦ ਦੀ ਗੁਣਵੱਤਾ ਸੁਧਾਰਨ ਅਤੇ ਪਰਿਵਾਰ ਨਾਲ ਬਿਹਤਰ ਸਮਾਂ ਬਿਤਾਉਣ ਵਿੱਚ ਮਦਦ ਕਰਨਗੇ।

ਹਾਲਾਂਕਿ ਏਲੇਨ ਰੂਮ ਵਰਗੇ ਮੁਹਿੰਮਕਾਰ, ਜਿਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ 14 ਸਾਲਾ ਪੁੱਤਰ ਜੂਲਜ਼ ਸਵੀਨੀ ਦੀ 2022 ਵਿੱਚ ਇੱਕ ਆਨਲਾਈਨ ਚੈਲੰਜ ਗਲਤ ਹੋ ਜਾਣ ਕਾਰਨ ਮੌਤ ਹੋ ਗਈ ਸੀ, ਇਸ ਯੋਜਨਾ ਨੂੰ ਕਾਫ਼ੀ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸ਼ੋਰ ਇਹ ਸੈਟਿੰਗ ਆਸਾਨੀ ਨਾਲ ਬੰਦ ਕਰ ਸਕਦੇ ਹਨ।

ਉਨ੍ਹਾਂ ਨੇ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਸਿਰਫ਼ ਅਜਿਹਾ ਫ਼ੀਚਰ ਦੇਣਾ ਕਾਫ਼ੀ ਹੈ ਜਿਸ ਨੂੰ ਆਸਾਨੀ ਨਾਲ ਬੰਦ ਕੀਤਾ ਜਾ ਸਕੇ।"

"ਇਹ ਕੁਝ ਇਸ ਤਰ੍ਹਾਂ ਹੈ ਜਿਵੇਂ ਕਿਸੇ 17 ਸਾਲ ਦੇ ਨੌਜਵਾਨ ਨੂੰ ਸ਼ਰਾਬ ਦੀ ਬੋਤਲ ਦੇ ਕੇ ਉਸ ਨੂੰ ਹੱਥ ਦੀ ਪਹੁੰਚ ਤੋਂ ਥੋੜ੍ਹਾ ਜਿਹਾ ਦੂਰ ਰੱਖ ਦਿੱਤਾ ਜਾਵੇ। ਉਹ ਤਾਂ ਉਸ ਨੂੰ ਮੁੜ ਆਪਣੇ ਵੱਲ ਖਿੱਚ ਹੀ ਸਕਦਾ ਹੈ। ਮੈਂ ਚਾਹੁੰਦੀ ਹਾਂ ਕਿ ਸਰਕਾਰ ਇਨ੍ਹਾਂ ਮਾਮਲਿਆਂ ਵਿੱਚ ਹੋਰ ਸਖ਼ਤ ਕਦਮ ਚੁੱਕੇ।"

ਇਹ ਨਵੀਆਂ ਯੋਜਨਾਵਾਂ ਜੂਨ ਵਿੱਚ ਕੀਤੇ ਗਏ ਉਸ ਐਲਾਨ ਤੋਂ ਬਾਅਦ ਆਈਆਂ ਹਨ, ਜਿਸ ਤਹਿਤ ਯੂਕੇ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕਈ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਗੱਲ ਕਹੀ ਗਈ ਸੀ।

ਇਸ ਨਾਲ ਸਰਕਾਰ ਅਤੇ ਟੈਕ ਕੰਪਨੀਆਂ ਵੱਲੋਂ ਨੌਜਵਾਨਾਂ ਨੂੰ ਆਨਲਾਈਨ ਸੁਰੱਖਿਅਤ ਰੱਖਣ ਲਈ ਬਣਾਈਆਂ ਗਈਆਂ ਵੱਖ-ਵੱਖ ਨੀਤੀਆਂ ਅਤੇ ਉਪਾਵਾਂ ਦੀ ਸੂਚੀ ਹੋਰ ਵੀ ਲੰਬੀ ਅਤੇ ਕੁਝ ਹੱਦ ਤੱਕ ਉਲਝਣ ਭਰੀ ਹੋ ਜਾਂਦੀ ਹੈ। ਇਨ੍ਹਾਂ ਉਪਾਵਾਂ ਵਿੱਚ ਬੱਚਿਆਂ ਦੇ ਡਿਵਾਈਸਾਂ 'ਤੇ ਮਾਪਿਆਂ ਲਈ ਬਦਲਵਾਂ ਕੰਟ੍ਰੋਲ ਅਤੇ ਯੂਟਿਊਬ ਵਰਗੀਆਂ ਪ੍ਰਸਿੱਧ ਵੈੱਬਸਾਈਟਾਂ ਦੇ ਬੱਚਿਆਂ ਲਈ ਖ਼ਾਸ ਸੰਸਕਰਣ ਵੀ ਸ਼ਾਮਲ ਹਨ।

ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕ ਕੰਪਨੀ ਮੈਟਾ ਪਹਿਲਾਂ ਕਹਿ ਚੁੱਕੀ ਹੈ ਕਿ ਉਮਰ ਦੀ ਪੁਸ਼ਟੀ ਦੀ ਜ਼ਿੰਮੇਵਾਰੀ ਸਿਰਫ਼ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੀ ਨਹੀਂ ਹੋਣੀ ਚਾਹੀਦੀ, ਸਗੋਂ ਡਿਵਾਈਸ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੀ ਇਹ ਪ੍ਰਬੰਧ ਕਰਨਾ ਚਾਹੀਦਾ ਹੈ।

ਐਪਲ ਨੇ ਹਾਲ ਹੀ ਵਿੱਚ ਅਜਿਹੇ "ਡਿਵਾਈਸ-ਪੱਧਰੀ" ਉਮਰ ਜਾਂਚ ਪ੍ਰਬੰਧ ਸ਼ੁਰੂ ਕੀਤੇ ਹਨ। ਇਸ ਦਾ ਮਤਲਬ ਹੈ ਕਿ ਆਈਫੋਨ ਅਤੇ ਆਈਪੈਡ ਵਰਤਣ ਵਾਲੇ, ਜਿਨ੍ਹਾਂ ਨੇ ਆਪਣੇ ਡਿਵਾਈਸ ਦਾ ਨਵਾਂ ਸਾਫਟਵੇਅਰ ਇੰਸਟਾਲ ਕੀਤਾ ਹੋਵੇਗਾ, ਉਨ੍ਹਾਂ ਨੂੰ ਆਪਣੀ ਉਮਰ ਦੀ ਪੁਸ਼ਟੀ ਕਰਨੀ ਪਵੇਗੀ।

ਬੈਰੋਨੇਸ ਕਿਡਰੋਨ, ਜੋ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੀ ਹੈ ਕਿ ਸੁਰੱਖਿਆ ਅਤੇ ਉਮਰ ਦੀ ਪੁਸ਼ਟੀ ਵਾਲੇ ਪ੍ਰਬੰਧ ਐਪ ਦੀ ਬਜਾਏ ਡਿਵਾਈਸ ਪੱਧਰ 'ਤੇ ਹੋਣੇ ਚਾਹੀਦੇ ਹਨ, ਨੇ ਸਰਕਾਰ ਦੀ ਇਸ ਪਹੁੰਚ ਦੀ ਆਲੋਚਨਾ ਕੀਤੀ।

ਉਨ੍ਹਾਂ ਨੇ ਕਿਹਾ, "ਇਹ ਬੱਚਿਆਂ ਨੂੰ ਤਕਨਾਲੋਜੀ ਤੋਂ ਦੂਰ ਰੱਖਣ ਦੀ ਗੱਲ ਨਹੀਂ ਹੋਣੀ ਚਾਹੀਦੀ, ਸਗੋਂ ਤਕਨਾਲੋਜੀ ਕੰਪਨੀਆਂ ਨੂੰ ਬੱਚਿਆਂ ਦੇ ਹੱਥਾਂ ਵਿੱਚ ਨੁਕਸਾਨਦੇਹ ਉਤਪਾਦ ਦੇਣ ਤੋਂ ਰੋਕਣ ਦੀ ਗੱਲ ਹੋਣੀ ਚਾਹੀਦੀ ਹੈ।" 'ਬੇਢੰਗੀ ਯੋਜਨਾ'

ਆਨਲਾਈਨ ਸੁਰੱਖਿਆ ਮੰਤਰੀ ਕਨਿਸ਼ਕ ਨਰਾਇਣ ਨੇ ਸਰਕਾਰ ਦੇ ਕਦਮਾਂ ਦਾ ਬਚਾਅ ਕਰਦਿਆਂ ਬੀਬੀਸੀ ਵਨ ਦੇ ਬ੍ਰੇਕਫਾਸਟ ਪ੍ਰੋਗਰਾਮ ਵਿੱਚ ਕਿਹਾ ਕਿ ਕਰਫਿਊ ਅਤੇ ਆਟੋ-ਪਲੇਅ ਵਰਗੇ ਫ਼ੀਚਰਾਂ 'ਤੇ ਰੋਕ ਦਾ ਸੁਮੇਲ ਇਹ ਯਕੀਨੀ ਬਣਾਏਗਾ ਕਿ ਟੈਕ ਕੰਪਨੀਆਂ ਨੂੰ ਨਿਯਮਾਂ ਦੇ ਦਾਇਰੇ ਵਿੱਚ ਲਿਆਉਣ ਦੇ ਮਾਮਲੇ ਵਿੱਚ ਬ੍ਰਿਟੇਨ ਦੁਨੀਆ ਦੇ ਸਭ ਤੋਂ ਮਜ਼ਬੂਤ ਦੇਸ਼ਾਂ ਵਿੱਚੋਂ ਇੱਕ ਬਣੇਗਾ।

ਇੱਕ ਬਿਆਨ ਵਿੱਚ ਤਕਨਾਲੋਜੀ ਸਕੱਤਰ ਲਿਜ਼ ਕੈਂਡਲ ਨੇ ਕਿਹਾ ਕਿ ਇਹ ਉਪਾਅ ਨੌਜਵਾਨਾਂ ਨੂੰ ਲੋੜੀਂਦੀ ਨੀਂਦ ਲੈਣ, ਸਕੂਲ ਅਤੇ ਕਾਲਜ ਵਿੱਚ ਧਿਆਨ ਕੇਂਦਰਿਤ ਕਰਨ ਅਤੇ ਪਰਿਵਾਰ ਤੇ ਦੋਸਤਾਂ ਨਾਲ ਵਧੇਰੇ ਗੁਣਵੱਤਾ ਵਾਲਾ ਸਮਾਂ ਬਿਤਾਉਣ ਵਿੱਚ ਮਦਦ ਕਰਨਗੇ। ਉਨ੍ਹਾਂ ਕਿਹਾ ਕਿ ਇਹ ਸਾਰੇ ਤੱਤ ਇੱਕ ਖੁਸ਼ਹਾਲ, ਸਿਹਤਮੰਦ ਅਤੇ ਸੰਤੁਸ਼ਟੀ ਭਰੇ ਬਾਲਗ ਜੀਵਨ ਦੀ ਬੁਨਿਆਦ ਹਨ।

ਕੰਜ਼ਰਵੇਟਿਵ ਪਾਰਟੀ ਦੀ ਸ਼ੈਡੋ ਸਿੱਖਿਆ ਸਕੱਤਰ ਲੌਰਾ ਟ੍ਰੌਟ ਨੇ ਇਨ੍ਹਾਂ ਯੋਜਨਾਵਾਂ ਨੂੰ "ਬੇਢੰਗੀ ਯੋਜਨਾ" ਕਰਾਰ ਦਿੱਤਾ।

ਉਨ੍ਹਾਂ ਕਿਹਾ, "ਜਾਂ ਤਾਂ ਸਰਕਾਰ ਮੰਨਦੀ ਹੈ ਕਿ 16 ਅਤੇ 17 ਸਾਲ ਦੇ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਵਰਤਣਾ ਚਾਹੀਦਾ ਹੈ ਜਾਂ ਨਹੀਂ। ਪਰ ਅਜਿਹਾ ਕਰਫਿਊ, ਜਿਸ ਨੂੰ ਉਹ ਇੱਕ ਸੈਟਿੰਗ ਬਦਲ ਕੇ ਬੰਦ ਕਰ ਸਕਦੇ ਹਨ, ਕਿਸੇ ਕੰਮ ਦਾ ਨਹੀਂ ਹੋਵੇਗਾ।"

ਸਰਕਾਰ ਨੇ ਕਿਹਾ ਕਿ ਅਗਲੇ ਉਪਾਵਾਂ ਦਾ ਮਕਸਦ ਬੱਚਿਆਂ ਨੂੰ ਏਆਈ ਚੈਟਬੋਟਸ ਦੀ ਸੁਰੱਖਿਅਤ ਵਰਤੋਂ ਕਰਨ ਵਿੱਚ ਮਦਦ ਕਰਨਾ ਹੋਵੇਗਾ। ਇਸ ਵਿੱਚ ਇਹ ਵੀ ਸ਼ਾਮਲ ਹੋਵੇਗਾ ਕਿ ਸੇਵਾ ਪ੍ਰਦਾਤਾ 18 ਸਾਲ ਤੋਂ ਘੱਟ ਉਮਰ ਦੇ ਵਰਤੋਂਕਾਰਾਂ ਲਈ ਨਿਯਮਤ ਬ੍ਰੇਕ ਦੀ ਵਿਵਸਥਾ ਕਰਨ।

ਸਰਕਾਰ ਦਾ ਕਹਿਣਾ ਹੈ ਕਿ ਉਹ ਆਪਣੇ ਨਵੇਂ ਪ੍ਰਸਤਾਵਾਂ ਨੂੰ 2026 ਦੇ ਅੰਤ ਤੱਕ ਸੰਸਦ ਸਾਹਮਣੇ ਪੇਸ਼ ਕਰਨ ਦਾ ਟੀਚਾ ਰੱਖਦੀ ਹੈ। ਇਸ ਦਾ ਉਦੇਸ਼ ਇਹ ਹੈ ਕਿ ਇਹ ਉਪਾਅ ਅਗਲੀ ਬਸੰਤ ਰੁੱਤ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਲਾਗੂ ਹੋਣ ਵਾਲੀ ਸੋਸ਼ਲ ਮੀਡੀਆ ਪਾਬੰਦੀ ਦੇ ਨਾਲ ਹੀ ਲਾਗੂ ਕੀਤੇ ਜਾਣ।

ਹਾਲਾਂਕਿ ਕੁਝ ਬਾਲ ਸੁਰੱਖਿਆ ਚੈਰਿਟੀਆਂ ਅਤੇ ਮਾਹਰਾਂ ਨੇ ਯੂਕੇ ਦੇ ਵੱਡੀ ਉਮਰ ਦੇ ਕਿਸ਼ੋਰਾਂ ਲਈ ਅੱਧੀ ਰਾਤ ਦੇ ਕਰਫਿਊ ਦੀ ਪ੍ਰਭਾਵਸ਼ੀਲਤਾ ਅਤੇ ਇਸ ਨਾਲ ਜੁੜੀਆਂ ਉਮੀਦਾਂ 'ਤੇ ਸਵਾਲ ਚੁੱਕੇ ਹਨ।

ਮੌਲੀ ਰੋਜ਼ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਐਂਡੀ ਬੁਰੋਜ਼ ਨੇ ਕਿਹਾ, "ਅਸੀਂ ਵੱਡੀ ਉਮਰ ਦੇ ਕਿਸ਼ੋਰਾਂ ਲਈ ਕੀਤੇ ਜਾ ਰਹੇ ਇਨ੍ਹਾਂ ਉਪਾਵਾਂ ਦਾ ਸਵਾਗਤ ਕਰਦੇ ਹਾਂ, ਪਰ ਇਹ ਤਾਜ਼ਾ ਕਦਮ ਵੀ ਟੁਕੜਿਆਂ ਵਿੱਚ ਕੀਤੇ ਗਏ ਐਲਾਨਾਂ ਦੀ ਇੱਕ ਹੋਰ ਕੜੀ ਹੈ, ਨਾ ਕਿ ਬੱਚਿਆਂ ਦੀ ਸੁਰੱਖਿਆ ਲਈ ਲੋੜੀਂਦੀ ਵਿਆਪਕ ਯੋਜਨਾ।"

ਉਨ੍ਹਾਂ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ "ਬਿਨਾਂ ਕਿਸੇ ਯੋਜਨਾ ਦੇ ਸੋਸ਼ਲ ਮੀਡੀਆ ਪਾਬੰਦੀ ਦਾ ਐਲਾਨ ਕਰਕੇ ਅਹੁਦਾ ਛੱਡ ਰਹੇ ਹਨ" ਅਤੇ ਉਨ੍ਹਾਂ ਦੇ ਸੰਭਾਵਿਤ ਉੱਤਰਾਧਿਕਾਰੀ ਐਂਡੀ ਬਰਨਹਮ ਨੂੰ "ਖੁੰਝੇ ਹੋਏ ਮੌਕਿਆਂ ਦੀ ਇੱਕ ਲੜੀ ਵਿਰਾਸਤ ਵਿੱਚ ਮਿਲੇਗੀ।"

ਲੰਡਨ ਸਕੂਲ ਆਫ ਇਕਨਾਮਿਕਸ ਵਿੱਚ ਬੱਚਿਆਂ ਦੇ ਡਿਜੀਟਲ ਹੱਕਾਂ ਦੀ ਮਾਹਰ ਪ੍ਰੋਫੈਸਰ ਸੋਨੀਆ ਲਿਵਿੰਗਸਟੋਨ ਨੇ ਕਿਹਾ ਕਿ ਕਰਫਿਊ ਕਮਜ਼ੋਰ ਸਥਿਤੀ ਵਾਲੇ ਬੱਚਿਆਂ ਲਈ ਨੁਕਸਾਨਦਾਇਕ ਹੋ ਸਕਦਾ ਹੈ, ਕਿਉਂਕਿ ਇਹ ਉਸ ਸਮੇਂ ਉਨ੍ਹਾਂ ਦੀ ਸੋਸ਼ਲ ਮੀਡੀਆ ਤੱਕ ਪਹੁੰਚ ਨੂੰ ਸੀਮਤ ਕਰ ਸਕਦਾ ਹੈ ਜਦੋਂ ਉਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੋ ਸਕਦੀ ਹੈ।

ਪ੍ਰੋਫੈਸਰ ਲਿਵਿੰਗਸਟੋਨ ਨੇ ਬੀਬੀਸੀ ਨੂੰ ਕਿਹਾ, "ਜੇ ਇਹ ਕਰਫਿਊ ਉਨ੍ਹਾਂ ਕੰਪਨੀਆਂ ਲਈ ਹੈ ਜੋ ਰਾਤ ਨੂੰ ਪੁਸ਼ ਨੋਟੀਫਿਕੇਸ਼ਨ ਭੇਜ ਕੇ ਲੋਕਾਂ ਨੂੰ ਜਗਾਉਂਦੀਆਂ ਹਨ, ਤਾਂ ਬਿਲਕੁਲ ਕਰਫਿਊ ਹੋਣਾ ਚਾਹੀਦਾ ਹੈ।"

ਉਨ੍ਹਾਂ ਅੱਗੇ ਕਿਹਾ, "ਪਰ ਜੇ ਇਹ ਅਜਿਹਾ ਕਰਫਿਊ ਹੈ ਜੋ ਕਿਸੇ ਅਜਿਹੇ ਬੱਚੇ ਨੂੰ, ਜਿਸ ਨੂੰ ਮਦਦ, ਸਹਾਰੇ ਜਾਂ ਆਰਾਮ ਦੀ ਲੋੜ ਹੈ, ਅੱਧੀ ਰਾਤ ਨੂੰ ਭਰੋਸੇਯੋਗ ਸਰੋਤਾਂ ਤੱਕ ਪਹੁੰਚਣ ਤੋਂ ਰੋਕਦਾ ਹੈ, ਤਾਂ ਇਹ ਸੰਭਾਵੀ ਤੌਰ 'ਤੇ ਕਾਫ਼ੀ ਨੁਕਸਾਨਦਾਇਕ ਹੋ ਸਕਦਾ ਹੈ।"

ਇੰਗਲੈਂਡ ਦੀ ਚਿਲਡਰਨ ਕਮਿਸ਼ਨਰ ਡੇਮ ਰੇਚਲ ਡੀ ਸੂਜ਼ਾ ਨੇ ਕਿਹਾ, "ਸਾਨੂੰ ਨੌਜਵਾਨਾਂ ਦੀ ਗੱਲ ਸੁਣਨੀ ਪਵੇਗੀ। ਉਹ ਪਾਬੰਦੀ ਨਹੀਂ ਚਾਹੁੰਦੇ, ਪਰ ਉਹ ਲਤ ਲਗਾਉਣ ਵਾਲੀ ਅਤੇ ਲਗਾਤਾਰ ਚੱਲਣ ਵਾਲੀ ਸਕ੍ਰੋਲਿੰਗ ਤੋਂ ਸੁਰੱਖਿਆ ਚਾਹੁੰਦੇ ਹਨ।"

ਉਨ੍ਹਾਂ ਨੇ ਕਿਹਾ, "ਮੈਂ ਹੋਰ ਜਾਣਨਾ ਚਾਹੁੰਦੀ ਹਾਂ ਕਿ ਕਰਫਿਊ ਵਰਗੀਆਂ ਨੀਤੀਆਂ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ ਅਤੇ ਮੈਂ ਧਿਆਨ ਨਾਲ ਦੇਖਾਂਗੀ ਕਿ ਇਹ ਪ੍ਰਭਾਵਸ਼ਾਲੀ ਹਨ ਜਾਂ ਨਹੀਂ। ਨਾਲ ਹੀ ਮੈਂ ਆਫਕਾਮ 'ਤੇ ਦਬਾਅ ਪਾਵਾਂਗੀ ਕਿ ਉਹ ਬੱਚਿਆਂ ਲਈ ਆਨਲਾਈਨ ਦੁਨੀਆਂ ਨੂੰ ਹੋਰ ਸੁਰੱਖਿਅਤ ਬਣਾਉਣ ਲਈ ਆਪਣੀਆਂ ਸ਼ਕਤੀਆਂ ਦਾ ਪੂਰਾ ਇਸਤੇਮਾਲ ਕਰੇ।"

**ਸੋਸ਼ਲ ਮੀਡੀਆ ਵਿਸ਼ਲੇਸ਼ਕ ਦੀ ਪ੍ਰਤੀਕਿਰਿਆ**

ਇਸ ਦੌਰਾਨ ਸੋਸ਼ਲ ਮੀਡੀਆ ਵਿਸ਼ਲੇਸ਼ਕ ਮੈਟ ਨਵਾਰਾ ਨੇ ਇਸ ਉਪਾਅ ਨੂੰ "ਕਰਫਿਊ ਨਹੀਂ" ਸਗੋਂ "ਸਰਕਾਰ ਦੀ ਪ੍ਰੈਸ ਰਿਲੀਜ਼ ਨਾਲ ਜੁੜੀ ਇੱਕ ਹਲਕੀ ਜਿਹੀ ਪਰੇਸ਼ਾਨ ਕਰਨ ਵਾਲੀ ਸੈਟਿੰਗ ਦੀ ਯਾਦ ਦਿਵਾਉਣ ਵਾਲੀ ਸੂਚਨਾ" ਕਿਹਾ।

ਉਨ੍ਹਾਂ ਕਿਹਾ, "ਯੂਕੇ ਸਰਕਾਰ ਇਸ ਨੂੰ ਆਨਲਾਈਨ ਸੁਰੱਖਿਆ ਵਿੱਚ ਦੁਨੀਆ ਦੀ ਅਗਵਾਈ ਕਰਨ ਵਾਲਾ ਕਦਮ ਕਹਿ ਰਹੀ ਹੈ, ਪਰ ਵੀਪੀਐਨ 'ਤੇ ਕੋਈ ਪਾਬੰਦੀ ਨਾ ਲਗਾ ਕੇ ਇਹ ਇੱਕ ਪਿਛਲਾ ਦਰਵਾਜ਼ਾ ਖੁੱਲ੍ਹਾ ਛੱਡ ਰਹੀ ਹੈ ਅਤੇ ਸਿਰਫ਼ ਇੱਕ ਨਿਸ਼ਾਨ ਲਗਾ ਰਹੀ ਹੈ ਕਿ ਕਿਸ਼ੋਰ ਇਸ ਦੀ ਵਰਤੋਂ ਨਾ ਕਰਨ।"

ਤਸਵੀਰ ਕੈਪਸ਼ਨ,ਸੁਰੱਖਿਆ ਅਤੇ ਉਮਰ ਜਾਂਚ ਐਪ ਦੇ ਪੱਧਰ 'ਤੇ ਨਹੀਂ, ਸਗੋਂ ਡਿਵਾਈਸ ਪੱਧਰ 'ਤੇ ਹੋਣੀ ਚਾਹੀਦੀ ਹੈ

ਵੀਪੀਐਨਜ਼ 'ਤੇ ਕੋਈ ਕਾਰਵਾਈ ਨਹੀਂ

ਨੌਜਵਾਨ ਆਨਲਾਈਨ ਕੀ ਦੇਖ ਸਕਦੇ ਹਨ, ਇਸ 'ਤੇ ਪਾਬੰਦੀ ਲਗਾਉਣ ਦੀਆਂ ਪਿਛਲੀਆਂ ਕੋਸ਼ਿਸ਼ਾਂ, ਜਿਵੇਂ ਕਿ ਆਸਟ੍ਰੇਲੀਆ ਦੀ ਸੋਸ਼ਲ ਮੀਡੀਆ ਪਾਬੰਦੀ, ਨੂੰ ਵੀਪੀਐੱਨਜ਼ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਵੀਪੀਐੱਨ (ੜਫਂ) ਇੰਟਰਨੈੱਟ ਵਰਤੋਂਕਾਰ ਦੀ ਅਸਲ ਲੋਕੇਸ਼ਨ ਨੂੰ ਲੁਕਾ ਸਕਦੇ ਹਨ।

ਹਾਲਾਂਕਿ ਸਰਕਾਰ ਨੇ ਕਿਹਾ ਹੈ ਕਿ ਫਿਲਹਾਲ ਉਹ ਯੂਕੇ ਵਿੱਚ ਵੀਪੀਐੱਨਜ਼ ਨੂੰ ਸੀਮਤ ਕਰਨ ਲਈ ਕੋਈ ਕਾਰਵਾਈ ਨਹੀਂ ਕਰੇਗੀ। ਸਰਕਾਰ ਦਾ ਕਹਿਣਾ ਹੈ ਕਿ ਵੀਪੀਐਨ ਵਿਸਲਬਲੋਅਰਜ਼ (ਗਲਤ ਕੰਮਾਂ ਦਾ ਪਰਦਾਫਾਸ਼ ਕਰਨ ਵਾਲੇ ਲੋਕਾਂ), ਘੱਟਗਿਣਤੀ ਸਮੂਹਾਂ ਅਤੇ ਪਰਿਵਾਰਕ ਨਿੱਜਤਾ ਦੀ ਰੱਖਿਆ ਲਈ ਲਾਭਦਾਇਕ ਹਨ।

ਸਰਕਾਰ ਨੇ ਆਪਣੀ ਕਰਵਾਈ ਗਈ ਖੋਜ ਦੇ ਨਤੀਜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਗੱਲ ਦੇ ਬਹੁਤ ਘੱਟ ਸਬੂਤ ਮਿਲੇ ਹਨ ਕਿ ਵੱਡੀ ਗਿਣਤੀ ਵਿੱਚ ਬੱਚੇ ਉਮਰ ਦੀ ਜਾਂਚ ਤੋਂ ਬਚਣ ਲਈ ਵੀਪੀਐਨਜ਼ ਦੀ ਵਰਤੋਂ ਕਰ ਰਹੇ ਹਨ।

ਕਨਿਸ਼ਕ ਨਰਾਇਣ ਨੇ ਬੀਬੀਸੀ ਬ੍ਰੇਕਫਾਸਟ ਨੂੰ ਕਿਹਾ, "ਅਸੀਂ ਅੱਜ ਵੀਪੀਐੱਨਜ਼ ਨੂੰ ਸੀਮਤ ਨਾ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਫਿਲਹਾਲ ਇਹੀ ਮੁੱਖ ਨਤੀਜਾ ਹੈ, ਪਰ ਅਸੀਂ ਇਸ ਮਾਮਲੇ ਦੀ ਲਗਾਤਾਰ ਸਮੀਖਿਆ ਕਰਦੇ ਰਹਾਂਗੇ।"

ਮੰਗਲਵਾਰ ਨੂੰ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਸਰਕਾਰ ਨੇ ਕਿਹਾ ਕਿ ਉਸ ਨੇ 300 ਕਿਸ਼ੋਰਾਂ ਨਾਲ ਵੱਖ-ਵੱਖ ਬਦਲਾਂ ਦੀ ਜਾਂਚ ਕੀਤੀ ਅਤੇ ਪਾਇਆ ਕਿ ਰਾਤ ਦਾ ਕਰਫਿਊ ਨੀਂਦ ਵਿੱਚ ਸੁਧਾਰ ਲਈ ਲਾਭਦਾਇਕ ਸਾਬਤ ਹੋਇਆ।

ਰਿਪੋਰਟ ਵਿੱਚ ਕਿਹਾ ਗਿਆ ਕਿ ਰਾਤ ਵੇਲੇ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਰੋਕ ਲਗਾਉਣ ਵਾਲਾ ਵਿਕਲਪ ਨੀਂਦ ਵਿੱਚ ਸੁਧਾਰ, ਪਰਿਵਾਰ ਨਾਲ ਬਿਹਤਰ ਗੱਲਬਾਤ ਅਤੇ ਮਾਪਿਆਂ 'ਤੇ ਘੱਟ ਬੋਝ ਦੇ ਮਾਮਲੇ ਵਿੱਚ ਫਾਇਦੇਮੰਦ ਰਿਹਾ।

ਰਿਪੋਰਟ ਨੇ ਇਹ ਵੀ ਕਿਹਾ ਕਿ ਤਿੰਨ ਵਿਕਲਪਾਂ ਵਿੱਚੋਂ ਇਹ ਸਭ ਤੋਂ ਆਸਾਨੀ ਨਾਲ ਲਾਗੂ ਕੀਤਾ ਜਾ ਸਕਣ ਵਾਲਾ ਬਦਲ ਸੀ।

ਤਕਨਾਲੋਜੀ ਸਕੱਤਰ ਲਿਜ਼ ਕੈਂਡਲ ਨੇ ਕਿਹਾ ਕਿ ਇਹ ਖੋਜਾਂ ਉਹੀ ਗੱਲ ਦਰਸਾਉਂਦੀਆਂ ਹਨ ਜੋ ਮਾਪੇ ਲੰਮੇ ਸਮੇਂ ਤੋਂ ਕਹਿੰਦੇ ਆ ਰਹੇ ਹਨ, ਜਦੋਂ ਬੱਚੇ ਸੋਸ਼ਲ ਮੀਡੀਆ 'ਤੇ ਘੱਟ ਸਮਾਂ ਬਿਤਾਉਂਦੇ ਹਨ ਤਾਂ ਇਸ ਦੇ ਫਾਇਦੇ ਹੁੰਦੇ ਹਨ।

ਹਾਲਾਂਕਿ ਬਾਥ ਸਪਾ ਯੂਨੀਵਰਸਿਟੀ ਵਿੱਚ ਸਾਇੰਸ ਕਮਿਊਨੀਕੇਸ਼ਨ ਦੇ ਪ੍ਰੋਫੈਸਰ ਪੀਟ ਏਚਲਜ਼ ਨੇ ਇਨ੍ਹਾਂ ਨਤੀਜਿਆਂ ਨੂੰ ਬਹੁਤ ਜ਼ਿਆਦਾ ਮਹੱਤਵ ਦੇਣ ਤੋਂ ਸਾਵਧਾਨ ਕੀਤਾ।

ਉਨ੍ਹਾਂ ਕਿਹਾ, "ਇਹ ਇੱਕ ਛੋਟਾ ਜਿਹਾ ਅਧਿਐਨ ਹੈ, ਜੋ ਇਹ ਸਮਝਣ ਵਾਲੀ ਵੱਡੀ ਪਹੇਲੀ ਦਾ ਸਿਰਫ਼ ਇੱਕ ਹਿੱਸਾ ਹੈ ਕਿ ਬੱਚੇ ਅਤੇ ਮਾਪੇ ਅਸਲ ਜ਼ਿੰਦਗੀ ਵਿੱਚ ਤਕਨਾਲੋਜੀ ਦੀ ਵਰਤੋਂ 'ਤੇ ਲੱਗੀਆਂ ਪਾਬੰਦੀਆਂ ਨਾਲ ਕਿਵੇਂ ਨਜਿੱਠਣਗੇ।"

# ਵਿਦੇਸ਼ ਜਾਣ ਦੀ ਲਹਿਰ: ਸੁਪਨੇ, ਸੰਘਰਸ਼ ਤੇ ਸੱਚਾਈ




ਪੰਜਾਬ ਦੇ ਕਿਸੇ ਵੀ ਸ਼ਹਿਰ ਦੀਆਂ ਕੰਧਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਜਾਂ ਅਖ਼ਬਾਰਾਂ ’ਤੇ ਨਜ਼ਰ ਮਾਰੋ ਤਾਂ ਤੁਹਾਨੂੰ ਹਰ ਪਾਸੇ ‘ਆਈਲੈਟਸ ਵਿੱਚ 5 ਬੈਂਡਾਂ ਵਾਲੇ ਵੀ ਆਓ’, ‘ਬਿਨਾਂ ਫੰਡ ਦਿਖਾਏ ਕੈਨੇਡਾ ਜਾਓ’ ਜਾਂ ‘ਡੌਂਕੀ ਲਗਾ ਕੇ ਅਮਰੀਕਾ ਪਹੁੰਚੋ’ ਦੇ ਇਸ਼ਤਿਹਾਰ ਇੰਜ ਮਿਲਣਗੇ ਜਿਵੇਂ ਸਰਦੀਆਂ ਵਿੱਚ ਰੇਹੜੀਆਂ ’ਤੇ ਮੂੰਗਫਲੀ ਵਿਕ ਰਹੀ ਹੋਵੇ। ਅੱਜ ਪੰਜਾਬ ਵਿੱਚ ਟਰੈਵਲ ਏਜੰਟੀ ਦਾ ਕੰਮ ਕੋਈ ਪੇਸ਼ਾ ਨਹੀਂ, ਸਗੋਂ ਪ੍ਰਸ਼ਾਸਨ ਦੀ ਕਥਿਤ ਛਤਰ-ਛਾਇਆ ਹੇਠ ਚੱਲਣ ਵਾਲਾ ਇੱਕ ਅਜਿਹਾ ਸ਼ਰੇਆਮ ‘ਗੋਰਖ ਧੰਦਾ’ ਬਣ ਚੁੱਕਾ ਹੈ, ਜੋ ਲੋਕਾਂ ਦੀਆਂ ਭਾਵਨਾਵਾਂ, ਮਜਬੂਰੀਆਂ ਅਤੇ ਸੁਪਨਿਆਂ ਦਾ ਸੌਦਾ ਕਰਕੇ ਦਿਨ-ਦੁੱਗਣੀ ਤੇ ਰਾਤ-ਚੌਗੁਣੀ ਤਰੱਕੀ ਕਰ ਰਿਹਾ ਹੈ।

ਪੰਜਾਬੀਆਂ ਦਾ ਵਿਦੇਸ਼ ਜਾਣ ਦਾ ਸਿਲਸਿਲਾ ਕੋਈ ਨਵਾਂ ਨਹੀਂ ਹੈ, ਇਹ ਆਜ਼ਾਦੀ ਤੋਂ ਪਹਿਲਾਂ 19ਵੀਂ ਸਦੀ ਦੇ ਆਖਰੀ ਸਾਲਾਂ (ਲਗਭਗ 1890-1900 ਦੇ ਆਸ-ਪਾਸ) ਤੋਂ ਸ਼ੁਰੂ ਹੋਇਆ ਸੀ। ਜਦੋਂ ਅੰਗਰੇਜ਼ੀ ਹਕੂਮਤ ਵੇਲੇ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਹੋਏ। ਫ਼ੌਜ ਦੀਆਂ ਨੌਕਰੀਆਂ ਦੌਰਾਨ ਜਦੋਂ ਉਹ ਹਾਂਗਕਾਂਗ, ਮਲਾਇਆ, ਸਿੰਗਾਪੁਰ ਅਤੇ ਹੋਰ ਮੁਲਕਾਂ ਵਿੱਚ ਗਏ, ਤਾਂ ਉਨ੍ਹਾਂ ਨੂੰ ਬਾਹਰਲੀ ਦੁਨੀਆ ਅਤੇ ਉੱਥੋਂ ਦੀ ਆਰਥਿਕ ਖੁਸ਼ਹਾਲੀ ਦਾ ਪਤਾ ਲੱਗਾ।

ਸਾਲ 1897 ਵਿੱਚ ਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਇੱਕ ਪੰਜਾਬੀ ਫ਼ੌਜੀ ਦਸਤਾ ਲੰਡਨ ਗਿਆ ਅਤੇ ਵਾਪਸੀ ਵੇਲੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਹੀਂ ਲੰਘਿਆ। ਉੱਥੋਂ ਦੀ ਉਪਜਾਊ ਜ਼ਮੀਨ ਅਤੇ ਰੁਜ਼ਗਾਰ ਦੇ ਮੌਕੇ ਦੇਖ ਕੇ ਪੰਜਾਬੀਆਂ ਦੇ ਮਨ ਵਿੱਚ ਉੱਥੇ ਵੱਸਣ ਦੀ ਇੱਛਾ ਜਾਗੀ। ਉਸ ਦੌਰ ਵਿੱਚ ਪੰਜਾਬ ਵਿੱਚ ਖੇਤੀ ’ਤੇ ਨਿਰਭਰਤਾ ਬਹੁਤ ਜ਼ਿਆਦਾ ਸੀ ਅਤੇ ਜ਼ਮੀਨਾਂ ਦੀ ਵੰਡ ਕਾਰਨ ਹਿੱਸੇ ਘਟ ਰਹੇ ਸਨ। ਆਰਥਿਕ ਸਥਿਰਤਾ, ਪਰਿਵਾਰ ਨੂੰ ਬਿਹਤਰ ਜ਼ਿੰਦਗੀ ਦੇਣ ਅਤੇ ਸਖ਼ਤ ਮਿਹਨਤ ਕਰਕੇ ਪੈਸਾ ਕਮਾਉਣ ਦੇ ਮਕਸਦ ਨਾਲ ਲੋਕਾਂ ਨੇ ਮਲਾਇਆ, ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ (ਯੂਕੇ) ਵੱਲ ਵਹੀਰਾਂ ਘੱਤੀਆਂ। ਇਹ ਉਹ ਦੌਰ ਸੀ ਜਦੋਂ ਲੋਕ ਸਿੱਧੇ, ਸੱਚੇ ਅਤੇ ਆਪਣੀ ਮਿਹਨਤ ਦੇ ਸਿਰ ’ਤੇ ਕਾਨੂੰਨੀ ਤਰੀਕੇ ਨਾਲ ਜਾਂਦੇ ਸਨ ਅਤੇ ਪਿੱਛੇ ਪਿੰਡਾਂ ਵਿੱਚ ਆਪਣੀ ਮਾਂ-ਧਰਤੀ ਨਾਲ ਜੁੜੇ ਰਹਿੰਦੇ ਸਨ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਖ਼ਾਸ ਕਰਕੇ 1960-1970 ਦੇ ਦਹਾਕੇ ਵਿੱਚ ਜਦੋਂ ਯੂਕੇ ਵਿੱਚ ਲੇਬਰ ਦੀ ਭਾਰੀ ਮੰਗ ਸੀ ਅਤੇ ਫਿਰ 1990 ਦੇ ਆਰਥਿਕ ਉਦਾਰੀਕਰਨ ਤੋਂ ਬਾਅਦ, ਵਿਦੇਸ਼ ਜਾਣ ਦੀ ਚਾਹਤ ਇੱਕ ‘ਜਨੂੰਨ’ ਵਿੱਚ ਬਦਲ ਗਈ। ਇਸ ਜਨੂੰਨ ਦਾ ਨਾਜਾਇਜ਼ ਫਾਇਦਾ ਚੁੱਕਣ ਲਈ ਸਮਾਜ ਵਿੱਚ ਕੁਝ ਸਵਾਰਥੀ, ਲਾਲਚੀ ਅਤੇ ਚਲਾਕ ਲੋਕਾਂ ਦਾ ਉਭਾਰ ਹੋਇਆ। ਉਨ੍ਹਾਂ ਨੇ ਦੇਖਿਆ ਕਿ ਪੰਜਾਬੀ ਨੌਜਵਾਨ ਬਾਹਰ ਜਾਣ ਲਈ ਆਪਣੀ ਜਾਨ ਅਤੇ ਜ਼ਮੀਨ ਦਾ ਦਾਅ ਲਗਾਉਣ ਨੂੰ ਵੀ ਤਿਆਰ ਹਨ। ਇੱਥੋਂ ਸ਼ੁਰੂ ਹੋਇਆ ਟਰੈਵਲ ਏਜੰਟਾਂ ਦਾ ਉਹ ਗੋਰਖ ਧੰਦਾ ਜੋ ਅੱਜ ਇੱਕ ਸੰਗਠਿਤ ਮਾਫੀਆ ਦਾ ਰੂਪ ਧਾਰਨ ਕਰ ਚੁੱਕਾ ਹੈ ਅਤੇ ਨਿਰੰਤਰ ਚੱਲ ਰਿਹਾ ਹੈ।

ਇਨ੍ਹਾਂ ਏਜੰਟਾਂ ਦੀ ਗੱਲਬਾਤ ਦੀ ਸ਼ੈਲੀ ਇੰਨੀ ਲੁਭਾਉਣੀ ਹੁੰਦੀ ਹੈ ਕਿ ਮਾਪੇ ਆਪਣੀ ਉਮਰ ਭਰ ਦੀ ਕਮਾਈ ਇਨ੍ਹਾਂ ਦੇ ਹੱਥਾਂ ਵਿੱਚ ਫੜਾ ਦਿੰਦੇ ਹਨ। ਇਹ ਏਜੰਟ ਭੋਲੇ-ਭਾਲੇ ਲੋਕਾਂ ਨੂੰ ਝੂਠੇ ਦਾਅਵੇ ਵੇਚਦੇ ਹਨ- ‘ਉੱਥੇ ਪਹੁੰਚਦਿਆਂ ਹੀ ਪੀ.ਆਰ. ਮਿਲ ਜਾਵੇਗੀ’, ‘ਡਾਲਰਾਂ ਦੀ ਬਾਰਿਸ਼ ਹੋਵੇਗੀ’ ਅਤੇ ‘ਕੰਮ ਦੀ ਕੋਈ ਕਮੀ ਨਹੀਂ।’

ਜੁਗਾੜਬਾਜ਼ੀ ਦਾ ਜਾਲ, ਫਰਜ਼ੀ ਕਾਲਜਾਂ ਦੇ ਆਫਰ ਲੈਟਰ ਤਿਆਰ ਕਰਨੇ, ਬੈਂਕਾਂ ਵਿੱਚ ਜਾਅਲੀ ਪੈਸੇ ਦਿਖਾਉਣਾ ਅਤੇ ਜਦੋਂ ਸਿੱਧਾ ਵੀਜ਼ਾ ਨਾ ਲੱਗੇ ਤਾਂ ‘ਡੌਂਕੀ’ (ਗ਼ੈਰ-ਕਾਨੂੰਨੀ ਰਸਤਿਆਂ ਰਾਹੀਂ ਜੰਗਲਾਂ, ਸਮੁੰਦਰਾਂ ਅਤੇ ਖ਼ਤਰਨਾਕ ਸਰਹੱਦਾਂ ਪਾਰ ਕਰਵਾਉਣਾ) ਵਰਗੇ ਜੁਗਾੜ ਲਗਾ ਕੇ ਲੋਕਾਂ ਨੂੰ ਜਹਾਜ਼ ਚਾੜ੍ਹਨਾ ਇਨ੍ਹਾਂ ਦਾ ਰੋਜ਼ ਦਾ ਕੰਮ ਬਣ ਗਿਆ।

ਸਭ ਤੋਂ ਦੁਖਦਾਈ ਅਤੇ ਹੈਰਾਨੀਜਨਕ ਪੱਖ ਇਹ ਹੈ ਕਿ ਇਹ ਸਾਰਾ ਗੋਰਖ ਧੰਦਾ ਕੋਈ ਲੁਕ-ਛਿਪ ਕੇ ਨਹੀਂ, ਸਗੋਂ ਪ੍ਰਸ਼ਾਸਨ ਅਤੇ ਸਿਸਟਮ ਦੀ ਕਥਿਤ ਛਤਰ-ਛਾਇਆ ਹੇਠ ਸ਼ਰੇਆਮ ਫੁੱਲ-ਫਲ ਰਿਹਾ ਹੈ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਇਹ ਏਜੰਟ ਉਨ੍ਹਾਂ ਦੀ ਉਮਰ ਭਰ ਦੀ ਖ਼ੂਨ-ਪਸੀਨੇ ਦੀ ਕਮਾਈ ਪਲਾਂ ਵਿੱਚ ਠੱਗ ਲੈਂਦੇ ਹਨ। ਮਾਪੇ ਕਰਜ਼ੇ ਚੁੱਕ ਕੇ ਇਨ੍ਹਾਂ ਦੀਆਂ ਜੇਬਾਂ ਭਰਦੇ ਹਨ।

ਇਸ ਖੇਡ ਵਿੱਚ ਪ੍ਰਸ਼ਾਸਨ ਦੀ ਮਿਲੀਭੁਗਤ ਉਦੋਂ ਸਾਫ਼ ਨਜ਼ਰ ਆਉਂਦੀ ਹੈ ਜਦੋਂ ਇਹ ਠੱਗ ਏਜੰਟ ਕਿਸੇ ਸ਼ਿਕਾਇਤ ਤੋਂ ਬਾਅਦ ਜੇਕਰ ਕਿਤੇ ਫੜੇ ਵੀ ਜਾਂਦੇ ਹਨ, ਤਾਂ ਕਾਨੂੰਨ ਦੀਆਂ ਕਮਜ਼ੋਰ ਬਾਰੀਕੀਆਂ ਅਤੇ ਸਿਸਟਮ ਦੀ ਢਿੱਲ-ਮੱਠ ਕਾਰਨ ਕੁਝ ਹੀ ਸਮੇਂ ਬਾਅਦ ਜ਼ਮਾਨਤ ’ਤੇ ਬਾਹਰ ਆ ਜਾਂਦੇ ਹਨ। ਜੇਲ੍ਹ ਵਿੱਚੋਂ ਬਾਹਰ ਆਉਂਦਿਆਂ ਹੀ ਉਨ੍ਹਾਂ ਅੰਦਰ ਨਾ ਤਾਂ ਕੋਈ ਪਛਤਾਵਾ ਹੁੰਦਾ ਹੈ ਅਤੇ ਨਾ ਹੀ ਕਾਨੂੰਨ ਦਾ ਕੋਈ ਡਰ। ਉਹ ਫਿਰ ਤੋਂ ਨਵੇਂ ਨਾਮ ਹੇਠ ਦਫ਼ਤਰ ਖੋਲ੍ਹ ਕੇ ਬੈਠ ਜਾਂਦੇ ਹਨ ਅਤੇ ਉਹੀ ‘ਗੋਰਖ ਧੰਦਾ’ ਦੁਬਾਰਾ ਸ਼ੁਰੂ ਕਰ ਦਿੰਦੇ ਹਨ। ਅਜਿਹੇ ਅਪਰਾਧੀਆਂ ਨੂੰ ਸਖ਼ਤ ਅਤੇ ਮਿਸਾਲੀ ਸਜ਼ਾਵਾਂ ਨਾ ਮਿਲਣਾ ਇਹ ਸਾਬਤ ਕਰਦਾ ਹੈ ਕਿ ਸਿਸਟਮ ਅੰਦਰ ਬੈਠੇ ਕੁਝ ਲੋਕਾਂ ਦੇ ਹੱਥ ਇਨ੍ਹਾਂ ਦੀ ਪਿੱਠ ’ਤੇ ਹਨ, ਜਿਸ ਕਾਰਨ ਇਹ ਧੰਦਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

ਇੱਕ ਪਾਸੇ ਤਾਂ ਭਾਰਤੀ ਟਰੈਵਲ ਏਜੰਟ ਇੱਥੇ ਭੋਲੇ-ਭਾਲੇ ਲੋਕਾਂ ਨਾਲ ਠੱਗੀ ਕਰਦੇ ਹਨ, ਪਰ ਦੂਜੇ ਪਾਸੇ ਜਦੋਂ ਇਹ ਵਿਦਿਆਰਥੀ ਵਰਗ ਵੱਡੇ ਸੁਪਨੇ ਲੈ ਕੇ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨੀ ਅਤੇ ਹੋਰ ਵਿਦੇਸ਼ੀ ਮੁਲਕਾਂ ਵਿੱਚ ਪਹੁੰਚਦਾ ਹੈ, ਤਾਂ ਉੱਥੋਂ ਦਾ ਪੜ੍ਹਾਈ ਸਿਸਟਮ ਵੀ ਇਨ੍ਹਾਂ ਵਿਦਿਆਰਥੀਆਂ ਦੀ ਛਿੱਲ ਲਾਹੁਣ ਵਿੱਚ ਕੋਈ ਕਸਰ ਨਹੀਂ ਛੱਡਦਾ। ਲੱਖਾਂ ਦੀਆਂ ਫੀਸਾਂ ਦਾ ਬੋਝ, ਵਿਦੇਸ਼ੀ ਯੂਨੀਵਰਸਿਟੀਆਂ ਅਤੇ ਕਾਲਜ ਸਥਾਨਕ ਨਾਗਰਿਕਾਂ ਦੇ ਮੁਕਾਬਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਤਿੰਨ ਤੋਂ ਚਾਰ ਗੁਣਾ ਜ਼ਿਆਦਾ ਫੀਸ ਵਸੂਲਦੇ ਹਨ। ਸਾਲਾਨਾ 25 ਤੋਂ 30 ਲੱਖ ਰੁਪਏ ਫੀਸ ਵਸੂਲ ਕੇ ਉਹ ਆਪਣੀਆਂ ਤਿਜੋਰੀਆਂ ਭਰ ਰਹੇ ਹਨ, ਜਦਕਿ ਇਨ੍ਹਾਂ ਪੈਸਿਆਂ ਲਈ ਪੰਜਾਬ ਵਿੱਚ ਮਾਪਿਆਂ ਨੇ ਆਪਣੀਆਂ ਜ਼ਮੀਨਾਂ ਦਾਅ ’ਤੇ ਲਗਾਈਆਂ ਹੁੰਦੀਆਂ ਹਨ।

ਇੰਨੀਆਂ ਮਹਿੰਗੀਆਂ ਫੀਸਾਂ ਲੈਣ ਦੇ ਬਾਵਜੂਦ, ਉੱਥੋਂ ਦੀਆਂ ਸਰਕਾਰਾਂ ਵੱਲੋਂ ਕੰਮ ਦੇ ਨਾਂ ’ ਤੇ ਵਿਦਿਆਰਥੀਆਂ ਨੂੰ ਹਫ਼ਤੇ ਵਿੱਚ ਕੁਝ ਸੀਮਤ ਘੰਟੇ (ਜਿਵੇਂ 20 ਘੰਟੇ) ਹੀ ਦਿੱਤੇ ਜਾਂਦੇ ਹਨ। ਇਸ ਮਹਿੰਗਾਈ ਦੇ ਦੌਰ ਵਿੱਚ ਇਨ੍ਹਾਂ ਸੀਮਤ ਘੰਟਿਆਂ ਦੀ ਕਮਾਈ ਨਾਲ ਬੱਚੇ ਆਪਣੇ ਕਮਰੇ ਦਾ ਕਿਰਾਇਆ, ਬੱਸ-ਟਰੇਨ ਦਾ ਪਾਸ ਅਤੇ ਰੋਜ਼ਾਨਾ ਦੇ ਖਾਣ-ਪੀਣ ਦਾ ਖ਼ਰਚਾ ਤੱਕ ਵੀ ਨਹੀਂ ਕੱਢ ਪਾਉਂਦੇ। ਵਿਦਿਆਰਥੀਆਂ ’ਤੇ ਸਖ਼ਤ ਸ਼ਿਕੰਜਾ ਕੱਸਿਆ ਜਾਂਦਾ ਹੈ ਕਿ ਉਹ ਤੈਅ ਘੰਟਿਆਂ ਤੋਂ ਵਾਧੂ ਕੰਮ ਨਾ ਕਰ ਸਕਣ। ਜੇਕਰ ਕੋਈ ਕਰਦਾ ਫੜਿਆ ਜਾਵੇ ਤਾਂ ਦੇਸ਼ ਨਿਕਾਲੇ ਦਾ ਡਰ ਦਿਖਾਇਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਫੀਸਾਂ ਦਾ ਜੁਗਾੜ ਕਰਨ ਲਈ ਬੱਚਿਆਂ ਨੂੰ ਮਜਬੂਰਨ ਲੁਕ-ਛਿਪ ਕੇ, ਰਾਤ-ਬਰਾਤੇ ਬਹੁਤ ਘੱਟ ਉਜਰਤ ਵਿੱਚ ਕੰਮ ਕਰਨਾ ਪੈਂਦਾ ਹੈ, ਜਿੱਥੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਹੁੰਦਾ ਹੈ।

ਇਸ ਸਾਰੇ ਦੁਖਾਂਤ ਦਾ ਸਭ ਤੋਂ ਸ਼ਰਮਨਾਕ ਪੱਖ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਵਿਦੇਸ਼ਾਂ ਵਿੱਚ ਬੈਠੇ ਸਾਡੇ ਆਪਣੇ ਹੀ ਲੋਕ (ਭਾਰਤੀ/ਪੰਜਾਬੀ ਮਾਲਕ) ਇਨ੍ਹਾਂ ਬੱਚਿਆਂ ਦੀ ਮਜਬੂਰੀ ਦਾ ਨਾਜਾਇਜ਼ ਫਾਇਦਾ ਚੁੱਕਦੇ ਹਨ। ਬਹੁਤ ਵਾਰ ਦੇਖਿਆ ਗਿਆ ਹੈ ਕਿ ਸਟੋਰਾਂ, ਰੈਸਟੋਰੈਂਟਾਂ ਜਾਂ ਕੰਸਟ੍ਰਕਸ਼ਨ (ਉਸਾਰੀ) ਦੇ ਕੰਮਾਂ ਵਿੱਚ ਇਹੀ ਭਾਰਤੀ ਲੋਕ ਵਿਦਿਆਰਥੀਆਂ ਤੋਂ ਰਾਤ-ਦਿਨ ਕੰਮ ਕਰਵਾ ਲੈਂਦੇ ਹਨ, ਪਰ ਜਦੋਂ ਪੈਸੇ ਦੇਣ ਦੀ ਵਾਰੀ ਆਉਂਦੀ ਹੈ, ਤਾਂ ਉਹ ਬੱਚਿਆਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰਨ ਦਾ ਡਰ ਦਿਖਾ ਕੇ ਜਾਂ ਪੁਲੀਸ ਦੀ ਧਮਕੀ ਦੇ ਕੇ ਉਨ੍ਹਾਂ ਦੇ ਹਜ਼ਾਰਾਂ ਡਾਲਰ/ਪੌਂਡ ਦੱਬ ਲੈਂਦੇ ਹਨ। ਬੱਚੇ ਕਾਨੂੰਨੀ ਤੌਰ ’ਤੇ ਕਮਜ਼ੋਰ ਹੋਣ ਕਾਰਨ ਕਿਤੇ ਸ਼ਿਕਾਇਤ ਵੀ ਨਹੀਂ ਕਰ ਸਕਦੇ। ਇਹ ‘ਆਪਣਿਆਂ ਹੱਥੋਂ ਆਪਣਿਆਂ ਦੀ ਲੁੱਟ’ ਇਸ ਗੋਰਖ ਧੰਦੇ ਦਾ ਸਭ ਤੋਂ ਕੌੜਾ ਸੱਚ ਹੈ।

ਜ਼ਿਆਦਾਤਰ ਭਾਰਤੀਆਂ ਵੱਲੋਂ ਵਿਦੇਸ਼ ਵਿੱਚ ਜਾ ਕੇ ਆਪਣੇ ਛੋਟੇ ਛੋਟੇ ਕਮਰੇ ਵਿਦਿਆਰਥੀਆਂ ਨੂੰ ਮੂੰਹੋਂ ਮੰਗੇ ਕਿਰਾਏ ’ਤੇ ਦੇਣ ਦਾ ਗੋਰਖ ਧੰਦਾ ਵੀ ਧੜੱਲੇ ਨਾਲ ਕੀਤਾ ਜਾ ਰਿਹਾ ਹੈ। ਜਿੱਥੇ ਇੱਕ ਵਿਦਿਆਰਥੀ ਤੋਂ ਇੱਕ ਮਹੀਨੇ ਦਾ 60 /70 ਹਜ਼ਾਰ ਕਿਰਾਇਆ ਵਸੂਲਿਆ ਜਾਂਦਾ ਹੈ।

ਸਮੇਂ ਦੇ ਨਾਲ ਪੰਜਾਬ ਦੇ ਲੋਕਾਂ ਅੰਦਰ ਇੱਕ ਅਜਿਹੀ ਖ਼ਤਰਨਾਕ ‘ਭੇਡ ਚਾਲ’ ਸ਼ੁਰੂ ਹੋ ਗਈ, ਜਿਸ ਨੇ ਪੂਰੇ ਸਮਾਜਿਕ ਤਾਣੇ-ਬਾਣੇ ਨੂੰ ਤਬਾਹ ਕਰ ਦਿੱਤਾ। ਅੱਜ ਸਾਡੇ ਸਮਾਜ ਦੀ ਮਾਨਸਿਕਤਾ ਇਹ ਬਣ ਚੁੱਕੀ ਹੈ ਕਿ ‘ਜਿਹੜਾ ਨੌਜਵਾਨ ਬਾਹਰ (ਵਿਦੇਸ਼) ਜਾ ਕੇ ਕਮਾਈ ਨਹੀਂ ਕਰ ਸਕਿਆ, ਉਸ ਦਾ ਦੁਨੀਆ ’ਤੇ ਆਉਣਾ ਹੀ ਬੇਕਾਰ ਸਮਝਿਆ ਜਾਂਦਾ ਹੈ। ਇਸੇ ਹਉਮੈ, ਦਿਖਾਵੇ ਅਤੇ ਮੁਕਾਬਲੇਬਾਜ਼ੀ ਦੀ ਭੇਡ ਚਾਲ ਨੇ ਪੰਜਾਬ ਦੇ ਘਰਾਂ ਦੇ ਘਰ ਅਤੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਹਨ।

ਵਿਦੇਸ਼ਾਂ ਤੋਂ ਆਉਂਦੇ ਪੈਸੇ ਕਾਰਨ ਪੰਜਾਬ ਦੀ ਮਾਲੀ ਹਾਲਤ ਉੱਪਰੋਂ ਦੇਖਣ ਨੂੰ ਬੇਸ਼ੱਕ ਖਰੀ ਅਤੇ ਚਮਕਦਾਰ ਲੱਗਣ ਲੱਗੀ ਹੈ। ਪਿੰਡਾਂ ਵਿੱਚ ਵੱਡੀਆਂ-ਵੱਡੀਆਂ ਕੋਠੀਆਂ, ਮਾਰਬਲ ਅਤੇ ਲਗਜ਼ਰੀ ਗੱਡੀਆਂ ਆ ਗਈਆਂ, ਪਰ ਅੰਦਰੂਨੀ ਤੌਰ ’ਤੇ ਪੰਜਾਬ ਬਿਲਕੁਲ ਖੋਖਲਾ ਹੁੰਦਾ ਗਿਆ। ਪੰਜਾਬ ਨੇ ਆਪਣਾ ਅਸਲ ਸਰਮਾਇਆ-ਆਪਣੀ ਨੌਜਵਾਨੀ, ਆਪਣਾ ਬੁੱਧੀਜੀਵੀ ਵਰਗ ਅਤੇ ਹੁਨਰ ਹਮੇਸ਼ਾਂ ਲਈ ਗੁਆ ਦਿੱਤਾ।

ਜਿਹੜੇ ਪੰਜਾਬੀ ਕਿਸੇ ਵੇਲੇ ਅਣਖ ਨਾਲ ਕਿਹਾ ਕਰਦੇ ਸਨ, ‘ਕੰਧ ਓਹਲੇ ਪਰਦੇਸ’ (ਯਾਨੀ ਘਰ ਦੀ ਕੰਧ ਤੋਂ ਪਰ੍ਹੇ ਜਾਣਾ ਵੀ ਪਰਦੇਸ ਵਰਗਾ ਦੁੱਖ ਹੈ), ਅੱਜ ਉਹੀ ਪੰਜਾਬੀ ਮਾਪੇ ਆਪਣੇ ਲਾਡਲੇ, ਇਕੱਲੇ-ਇਕੱਲੇ ਪੁੱਤਾਂ-ਧੀਆਂ ਨੂੰ ਵੀ ਹੱਸ ਕੇ ਵਿਦੇਸ਼ ਭੇਜਣ ਦੀ ਹੋੜ ਵਿੱਚ ਲੱਗੇ ਹੋਏ ਹਨ। ਪਿੱਛੇ ਘਰਾਂ ਵਿੱਚ ਸਿਰਫ਼ ਬਜ਼ੁਰਗ ਇਕੱਲੇ ਰਹਿ ਗਏ ਹਨ।

ਵਿਦੇਸ਼ ਗਏ ਬੱਚੇ ਪੰਜਾਬ ਬੈਠੇ ਆਪਣੇ ਮਾਪਿਆਂ ਨਾਲ ਫੋਨ ’ਤੇ ਹੱਸ ਕੇ ਗੱਲ ਕਰਦੇ ਹਨ ਅਤੇ ਕਹਿੰਦੇ ਹਨ, ‘‘ਮੈਂ ਬਹੁਤ ਵਧੀਆ ਹਾਂ, ਇੱਥੇ ਬਹੁਤ ਨਜ਼ਾਰੇ ਹਨ।’’ ਉਹ ਸੱਚ ਇਸ ਲਈ ਛੁਪਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮਾਪਿਆਂ ਨੇ ਪਹਿਲਾਂ ਹੀ ਜ਼ਮੀਨਾਂ ਵੇਚ ਕੇ, ਗਹਿਣੇ ਰੱਖ ਕੇ ਜਾਂ ਵੱਡੇ ਕਰਜ਼ੇ ਚੁੱਕ ਕੇ ਉਨ੍ਹਾਂ ਨੂੰ ਭੇਜਿਆ ਹੈ। ਜੇਕਰ ਉਹ ਆਪਣਾ ਦੁੱਖ ਦੱਸਣਗੇ, ਤਾਂ ਪਿੱਛੇ ਮਾਪੇ ਜਿਊਂਦੇ ਜੀਅ ਮਰ ਜਾਣਗੇ। ਇਸੇ ਚੱਕਰ ਵਿੱਚ ਉਹ ਅੰਦਰੋਂ-ਅੰਦਰੀਂ ਘੁਟਦੇ ਰਹਿੰਦੇ ਹਨ।

ਜਿਨ੍ਹਾਂ ਪੰਜਾਬੀਆਂ ਦੇ ਪੁਰਖਿਆਂ ਨੇ ਜ਼ਮੀਨ ਨੂੰ ‘ਮਾਂ’ ਮੰਨਿਆ, ਖ਼ੂਨ-ਪਸੀਨਾ ਵਹਾਇਆ ਅਤੇ ਅਣਖ ਨਾਲ ਖੇਤੀ ਕੀਤੀ, ਅੱਜ ਉਨ੍ਹਾਂ ਨੇ ਹੀ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲਈ ਏਜੰਟਾਂ ਦੇ ਮੂੰਹ ਵਿੱਚ ਲੱਖਾਂ ਰੁਪਏ ਪਾਉਣ ਵਾਸਤੇ ਜ਼ਮੀਨ ਵੇਚਣੀ ਸਭ ਤੋਂ ਪਹਿਲਾਂ ਕਬੂਲੀ ਹੈ। ਆਪਣੀਆਂ ਉਪਜਾਊ ਜ਼ਮੀਨਾਂ ਜੋ ਕਰੋੜਾਂ ਰੁਪਏ ਦੀਆਂ ਸਨ, ਉਨ੍ਹਾਂ ਨੂੰ ਵੇਚ ਕੇ ਨੌਜਵਾਨ ਬਾਹਰ ਜਾ ਕੇ ਦੂਜੇ ਮੁਲਕਾਂ ਵਿੱਚ ਦਿਹਾੜੀਆਂ, ਪੈਟਰੋਲ ਪੰਪਾਂ, ਫੈਕਟਰੀਆਂ ਜਾਂ ਸਟੋਰਾਂ ’ਤੇ ਨੌਕਰੀ ਕਰਨ ਨੂੰ ਵਡਿਆਈ ਸਮਝ ਰਹੇ ਹਨ। ਪੰਜਾਬ ਦੇ ਇਸ ਵਰਗ ਦਾ ਇਹ ਫ਼ੈਸਲਾ ਨੌਜਵਾਨੀ ਦੇ ਪਲਾਇਨ (ਹਿਜਰਤ) ਦਾ ਸਭ ਤੋਂ ਵੱਡਾ ਕਾਰਨ ਬਣਿਆ।

ਇਸ ਪੂਰੇ ਘਟਨਾਕ੍ਰਮ ਦਾ ਇੱਕ ਹੋਰ ਗੰਭੀਰ ਅਤੇ ਦੂਰਗਾਮੀ ਪਹਿਲੂ ਇਹ ਹੈ ਕਿ ਪੰਜਾਬ ਦੇ ਅੰਦਰ ਪਰਵਾਸੀ ਮਜ਼ਦੂਰਾਂ ਨੂੰ ਸਥਾਪਿਤ ਕਰਨ ਵਿੱਚ ਵੀ ਇਨ੍ਹਾਂ ਦਾ ਸਿੱਧੇ ਤੌਰ ’ਤੇ ਵੱਡਾ ਹੱਥ ਨਜ਼ਰ ਆਉਂਦਾ ਹੈ। ਜਦੋਂ ਪੰਜਾਬ ਦੇ ਜ਼ਿਮੀਂਦਾਰਾਂ ਨੇ ਖੁਦ ਖੇਤਾਂ ਵਿੱਚ ਹੱਥੀਂ ਮਿਹਨਤ ਕਰਨੀ ਬੰਦ ਕਰ ਦਿੱਤੀ, ਕੰਮ ਨੂੰ ਛੋਟਾ ਸਮਝਣ ਲੱਗੇ ਅਤੇ ਆਪਣੇ ਬੱਚਿਆਂ ਨੂੰ ਵਿਦੇਸ਼ ਤੋਰ ਦਿੱਤਾ, ਤਾਂ ਪੰਜਾਬ ਦੀ ਖੇਤੀ ਪੂਰੀ ਤਰ੍ਹਾਂ ਪਰਵਾਸੀ ਮਜ਼ਦੂਰਾਂ ਦੇ ਸਿਰ ’ਤੇ ਨਿਰਭਰ ਹੋ ਗਈ।

ਸ਼ੁਰੂ ਵਿੱਚ ਇਹ ਮਜ਼ਦੂਰ ਸਿਰਫ਼ ਝੋਨੇ ਦੀ ਲਵਾਈ ਜਾਂ ਕਣਕ ਦੀ ਵਾਢੀ ਵਰਗੇ ਸੀਜ਼ਨ ਦੇ ਕੰਮਾਂ ਵੇਲੇ ਆਉਂਦੇ ਸਨ, ਪਰ ਜ਼ਿਮੀਂਦਾਰਾਂ ਦੀ ਵਧਦੀ ਨਿਰਭਰਤਾ ਕਾਰਨ ਉਹ ਇੱਥੇ ਪੱਕੇ ਤੌਰ ’ਤੇ ਸਥਾਪਿਤ ਹੋ ਗਏ। ਅੱਜ ਪੰਜਾਬ ਦੇ ਪਿੰਡਾਂ ਵਿੱਚ ਜ਼ਮੀਨਾਂ ਦੇ ਠੇਕੇ, ਸਾਂਝੀ ਖੇਤੀ, ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਸਾਰਾ ਸਥਾਨਕ ਕੰਮ-ਕਾਜ ਪਰਵਾਸੀਆਂ ਦੇ ਹੱਥਾਂ ਵਿੱਚ ਹੈ। ਪੰਜਾਬੀ ਨੌਜਵਾਨ ਵਿਦੇਸ਼ਾਂ ਵਿੱਚ ਜਾ ਕੇ ਮਜ਼ਦੂਰੀ ਕਰ ਰਿਹਾ ਹੈ ਅਤੇ ਪੰਜਾਬ ਦੇ ਖੇਤਾਂ ਵਿੱਚ ਦੂਜੇ ਸੂਬਿਆਂ ਦੇ ਲੋਕ ਮੁੱਖ ਕਾਮੇ ਅਤੇ ਪ੍ਰਬੰਧਕ ਬਣ ਕੇ ਸਥਾਪਿਤ ਹੋ ਰਹੇ ਹਨ।

ਪੰਜਾਬ ਦੀ ਇੱਕ ਹੋਰ ਵੱਡੀ ਤਰਾਸਦੀ ਇਹ ਵੀ ਬਣਦੀ ਜਾ ਰਹੀ ਹੈ ਕਿ ਇੱਕ ਪਾਸੇ ਪੰਜਾਬ ਦੀ ਆਪਣੀ ਜਵਾਨੀ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵੱਲ ਪਲਾਇਨ ਕਰ ਰਹੀ ਹੈ, ਜਦਕਿ ਦੂਜੇ ਪਾਸੇ ਯੂਪੀ, ਬਿਹਾਰ ਅਤੇ ਹੋਰ ਬਾਹਰੀ ਸੂਬਿਆਂ ਤੋਂ ਮਜ਼ਦੂਰ ਪੰਜਾਬ ਵਿੱਚ ਆ ਕੇ ਧੜਾ-ਧੜ ਵੱਸ ਰਹੇ ਹਨ। ਸ਼ੁਰੂਆਤੀ ਦੌਰ ਵਿੱਚ ਇਹ ਲੋਕ ਸਿਰਫ਼ ਮਜ਼ਦੂਰੀ ਕਰਨ ਲਈ ਆਉਂਦੇ ਸਨ, ਪਰ ਹੁਣ ਵੱਡੀ ਗਿਣਤੀ ਵਿੱਚ ਆਪਣੇ ਪਰਿਵਾਰਾਂ ਸਮੇਤ ਇੱਥੇ ਪੱਕੇ ਤੌਰ ’ਤੇ ਸਥਾਪਿਤ ਹੋ ਰਹੇ ਹਨ।

ਪੰਜਾਬ ਦੀ ਖੇਤੀ, ਇਮਾਰਤੀ ਕੰਮ, ਫੈਕਟਰੀਆਂ ਅਤੇ ਛੋਟੇ ਉਦਯੋਗਾਂ ਦਾ ਵੱਡਾ ਹਿੱਸਾ ਹੁਣ ਪਰਵਾਸੀ ਮਜ਼ਦੂਰਾਂ ’ਤੇ ਨਿਰਭਰ ਹੋ ਚੁੱਕਾ ਹੈ। ਕਾਰਨ ਸਾਫ਼ ਹੈ-ਪੰਜਾਬ ਦਾ ਨੌਜਵਾਨ ਵਿਦੇਸ਼ ਜਾਣ ਦੇ ਸੁਪਨਿਆਂ ਵਿੱਚ ਆਪਣੀ ਮਿੱਟੀ ਅਤੇ ਰਵਾਇਤੀ ਰੁਜ਼ਗਾਰਾਂ ਤੋਂ ਦੂਰ ਹੋ ਗਿਆ ਹੈ। ਜਿਸ ਕਰਕੇ ਪੰਜਾਬ ਦੇ ਅੰਦਰ ਪੈਦਾ ਹੋਇਆ ਖਾਲੀਪਣ ਹੁਣ ਬਾਹਰੀ ਸੂਬਿਆਂ ਤੋਂ ਆਏ ਲੋਕ ਭਰ ਰਹੇ ਹਨ।

ਇਸ ਬਦਲਾਅ ਦਾ ਪ੍ਰਭਾਵ ਹੁਣ ਸਿਰਫ਼ ਆਰਥਿਕ ਜਾਂ ਸਮਾਜਿਕ ਪੱਧਰ ਤੱਕ ਸੀਮਤ ਨਹੀਂ ਰਿਹਾ, ਸਗੋਂ ਪੰਜਾਬ ਦੀ ਸਿਆਸਤ ਵਿੱਚ ਵੀ ਪਰਵਾਸੀਆਂ ਦੀ ਭੂਮਿਕਾ ਤੇਜ਼ੀ ਨਾਲ ਵਧ ਰਹੀ ਹੈ। ਵੱਡੇ ਸ਼ਹਿਰਾਂ ਅਤੇ ਉਦਯੋਗਿਕ ਇਲਾਕਿਆਂ ਵਿੱਚ ਪਰਵਾਸੀ ਵੋਟਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਕਈ ਹਲਕਿਆਂ ਵਿੱਚ ਹੁਣ ਇਹ ਵੋਟ ਬੈਂਕ ਚੋਣਾਂ ਦੇ ਨਤੀਜੇ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਿਆਸੀ ਪਾਰਟੀਆਂ ਵੀ ਹੁਣ ਇਸ ਵਰਗ ਨੂੰ ਖੁਸ਼ ਕਰਨ ਲਈ ਵੱਖ-ਵੱਖ ਵਾਅਦੇ ਅਤੇ ਰਣਨੀਤੀਆਂ ਬਣਾਉਂਦੀਆਂ ਨਜ਼ਰ ਆਉਂਦੀਆਂ ਹਨ।

ਇਹ ਮਸਲਾ ਸਿਰਫ਼ ਗਿਣਤੀ ਦਾ ਨਹੀਂ, ਸਗੋਂ ਪੰਜਾਬ ਦੀ ਪਛਾਣ, ਭਾਸ਼ਾ, ਸੱਭਿਆਚਾਰ ਅਤੇ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ। ਜੇ ਪੰਜਾਬ ਦੀ ਆਪਣੀ ਜਵਾਨੀ ਇਸੇ ਤਰ੍ਹਾਂ ਵਿਦੇਸ਼ਾਂ ਵੱਲ ਰੁਖ਼ ਕਰਦੀ ਰਹੀ ਅਤੇ ਇੱਥੇ ਦੀ ਧਰਤੀ ਨਾਲ ਉਸ ਦਾ ਨਾਤਾ ਕਮਜ਼ੋਰ ਹੁੰਦਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਮਾਜਿਕ ਬਣਤਰ ਅਤੇ ਰਾਜਨੀਤਕ ਦਿਸ਼ਾ ਵਿੱਚ ਵੱਡੇ ਬਦਲਾਅ ਵੇਖਣ ਨੂੰ ਮਿਲ ਸਕਦੇ ਹਨ।

ਹਾਲਾਂਕਿ ਇਹ ਵੀ ਸੱਚ ਹੈ ਕਿ ਪੰਜਾਬ ਦੀ ਅਰਥਵਿਵਸਥਾ ਵਿੱਚ ਪਰਵਾਸੀ ਮਜ਼ਦੂਰਾਂ ਦਾ ਵੱਡਾ ਯੋਗਦਾਨ ਹੈ ਅਤੇ ਉਹ ਆਪਣੀ ਮਿਹਨਤ ਨਾਲ ਪੰਜਾਬ ਦੀ ਤਰੱਕੀ ਵਿੱਚ ਹਿੱਸੇਦਾਰ ਬਣੇ ਹੋਏ ਹਨ, ਪਰ ਨਾਲ ਹੀ ਇਹ ਸੋਚਣ ਦੀ ਲੋੜ ਹੈ ਕਿ ਆਖ਼ਿਰ ਕਿਉਂ ਪੰਜਾਬ ਦਾ ਆਪਣਾ ਨੌਜਵਾਨ ਆਪਣੇ ਹੀ ਸੂਬੇ ਵਿੱਚ ਭਵਿੱਖ ਸੁਰੱਖਿਅਤ ਨਹੀਂ ਸਮਝਦਾ? ਜਦ ਤੱਕ ਪੰਜਾਬ ਵਿੱਚ ਰੁਜ਼ਗਾਰ, ਉਦਯੋਗ, ਸਿੱਖਿਆ ਅਤੇ ਖੇਤੀ ਨੂੰ ਨਵੀਂ ਦਿਸ਼ਾ ਨਹੀਂ ਮਿਲੇਗੀ, ਉਦੋਂ ਤੱਕ ਇਹ ਪਲਾਇਨ ਅਤੇ ਬਦਲਦੀ ਸਮਾਜਿਕ ਤਸਵੀਰ ਇੱਕ ਗੰਭੀਰ ਚਿੰਤਾ ਬਣੀ ਰਹੇਗੀ।

ਏਜੰਟ ਆਪਣੇ ਜੁਗਾੜਾਂ ਨਾਲ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੂੰ ਬਾਹਰ ਤਾਂ ਭੇਜ ਦਿੰਦੇ ਹਨ, ਪਰ ਉਸ ਤੋਂ ਬਾਅਦ ਜੋ ਨਰਕ ਉਹ ਵਿਦੇਸ਼ੀ ਧਰਤੀ ’ਤੇ ਇਕੱਲੇ ਹੰਢਾਉਂਦੇ ਹਨ। ਖਾੜੀ ਦੇਸ਼ਾਂ ਵਿੱਚ ਮਜ਼ਦੂਰਾਂ ਦੇ ਪਾਸਪੋਰਟ ਜ਼ਬਤ ਕਰਕੇ ਬੰਧੂਆ ਮਜ਼ਦੂਰ ਬਣਾਉਣਾ ਅਤੇ ਵਿਦਿਆਰਥੀਆਂ ਵੱਲੋਂ ਅੰਨ੍ਹੇਵਾਹ ਮਿਹਨਤ ਕਰਨਾ-ਇਹ ਉਹ ਨਰਕ ਹੈ ਜਿਸ ਦਾ ਵਿਦਿਆਰਥੀ, ਕਾਮੇ ਉੱਥੇ ਇਕੱਲੇ ਹੀ ਸਾਹਮਣਾ ਕਰਦੇ ਹਨ।

ਜਿਹੜਾ ਪਰਵਾਸ ਕਦੇ ਪੰਜਾਬੀਆਂ ਦੀ ਅਣਖ, ਸਖ਼ਤ ਮਿਹਨਤ ਅਤੇ ਉੱਨਤੀ ਦਾ ਪ੍ਰਤੀਕ ਹੁੰਦਾ ਸੀ, ਅੱਜ ਉਹ ਸਾਡੀ ਆਪਣੀ ਭੇਡ ਚਾਲ, ਪੰਜਾਬੀਆਂ ਦੀ ਗ਼ਲਤ ਸੋਚ, ਲਾਲਚੀ ਏਜੰਟਾਂ ਦੇ ਜਾਲ, ਬਾਹਰਲੇ ਮੁਲਕਾਂ ਦੇ ਲੁਟੇਰੇ ਸਿੱਖਿਆ ਸਿਸਟਮ ਅਤੇ ਪ੍ਰਸ਼ਾਸਨ ਦੀ ਨਾਕਾਮੀ ਕਾਰਨ ਦਲਦਲ ਦਾ ਰੂਪ ਧਾਰ ਚੁੱਕਾ ਹੈ। ਜਦੋਂ ਤੱਕ ਪ੍ਰਸ਼ਾਸਨ ਅਤੇ ਕਾਨੂੰਨ ਅਜਿਹੇ ਠੱਗ ਏਜੰਟਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪੱਕੇ ਤੌਰ ’ਤੇ ਬੰਦ ਨਹੀਂ ਕਰਦਾ, ਉਦੋਂ ਤੱਕ ਇਹ ਜਾਰੀ ਰਹੇਗਾ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆ ਕੇ ਰੁਜ਼ਗਾਰ ਦੇ ਨਵੇਂ ਮੌਕੇ ਮੁਹੱਈਆ ਕਰਵਾਏ। ਜਦੋਂ ਤੱਕ ਅਸੀਂ ਖੁਦ ਇਸ ‘ਭੇਡ ਚਾਲ’ ਵਿੱਚੋਂ ਬਾਹਰ ਨਿਕਲ ਕੇ ਆਪਣੀ ਜ਼ਮੀਨ, ਆਪਣੇ ਵਤਨ ਅਤੇ ਹੱਥੀਂ ਕਿਰਤ ਦੀ ਕਦਰ ਨਹੀਂ ਕਰਦੇ, ਉਦੋਂ ਤੱਕ ਪੰਜਾਬ ਅੰਦਰੂਨੀ ਤੌਰ ’ਤੇ ਇੰਜ ਹੀ ਖਾਲੀ ਹੁੰਦਾ ਰਹੇਗਾ। ਸਾਨੂੰ ਇਹ ਗੱਲ ਗੰਭੀਰਤਾ ਨਾਲ ਸਮਝਣੀ ਹੋਵੇਗੀ ਕਿ ਆਪਣੀ ਜਨਮ ਭੂਮੀ ’ਤੇ ਇੱਜ਼ਤ ਨਾਲ ਕੀਤੀ ਮਿਹਨਤ, ਬੇਗਾਨੇ ਮੁਲਕ ਦੀ ਚਾਕਰੀ ਅਤੇ ਉੱਥੋਂ ਦੇ ਸ਼ੋਸ਼ਣ ਨਾਲੋਂ ਹਜ਼ਾਰ ਗੁਣਾ ਬਿਹਤਰ ਹੈ ਕਿਉਂਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।


STAR STAGE PRODUCTIONS
GREEN JADE ENTERTAINMENTS
STAR STAGE PRODUCTIONS AND GREEN JADE ENTERTAINMENTS
PRESENTS
LIVE IN CONCERT
NEERAJ Shridhar
Bombay Vikings
BUY TICKET
DOORS OPEN
7:30PM
VANCOUVER
BELL PERFORMING ARTS CENTRE
6250 144TH ST. SURREY, BC
FRIDAY 31ST JULY 2026
TICKET AVAILABLE AT BELLPERFORMINGARTSCENTRE.COM
FOR SPONSORSHIP & DETAILS
ROCK JASWAL
587-999-3688
KAM
403-619-5566
NEO
403-827-2491

## ਸਪੋਰਟਸ/ਖੇਡਾਂ

# ਫੀਫਾ ਵਰਲਡ ਕੱਪ: ਮੇਸੀ ਨੇ ਆਖ਼ਰੀ ਪਲਾਂ ਵਿੱਚ ਇੰਗਲੈਂਡ ਦੇ ਸੁਪਨੇ ਤੋੜ ਦਿੱਤੇ!

"ਅਰਜਨਟੀਨਾ, ਲਿਓ ਦੇ ਆਖ਼ਰੀ ਗੋਲ ਲਈ, ਮੈਂ ਤੈਨੂੰ ਲਗਾਤਾਰ ਦੂਜੀ ਵਾਰ ਵਿਸ਼ਵ ਚੈਂਪੀਅਨ ਬਣਦਾ ਦੇਖਣਾ ਚਾਹੁੰਦਾ ਹਾਂ।"

2026 ਦੇ ਫੀਫਾ ਵਰਲਡ ਕੱਪ ਦੌਰਾਨ ਅਰਜਨਟੀਨਾ ਦੇ ਪ੍ਰਸ਼ੰਸਕਾਂ ਦਾ ਇਹ ਗੀਤ ਹਰ ਜਗ੍ਹਾ ਅਤੇ ਹਰ ਵੇਲੇ ਗੂੰਜਦਾ ਰਿਹਾ ਹੈ। ਸਭ ਤੋਂ ਮੁਸ਼ਕਿਲ ਪਲਾਂ ਵਿੱਚ ਵੀ ਉਨ੍ਹਾਂ ਨੇ ਇਸੇ ਗੀਤ ਨਾਲ ਆਪਣੀ ਟੀਮ ਦਾ ਹੌਸਲਾ ਵਧਾਇਆ।

ਤਾਜ਼ਾ ਮਿਸਾਲ ਬੁੱਧਵਾਰ ਦਾ ਸੈਮੀਫਾਈਨਲ ਹੈ। ਟੀਮ 85ਵੇਂ ਮਿੰਟ ਤੱਕ 0-1 ਨਾਲ ਪਿੱਛੇ ਸੀ, ਉਸੇ ਵੇਲੇ ਐਂਜ਼ੋ ਫਰਨਾਂਦੇਜ਼ ਨੇ ਸ਼ਾਨਦਾਰ ਗੋਲ ਕਰਕੇ ਸਕੋਰ ਬਰਾਬਰ ਕਰ ਦਿੱਤਾ।

ਐਟਲਾਂਟਾ ਸਟੇਡੀਅਮ ਵਿੱਚ ਮੌਜੂਦ ਅਰਜਨਟੀਨਾ ਦੇ ਪ੍ਰਸ਼ੰਸਕਾਂ ਦਾ ਜੋਸ਼ ਦੇਖਣ ਵਾਲਾ ਸੀ।

ਉਹੀ ਜੋਸ਼ ਮੈਦਾਨ 'ਤੇ ਅਰਜਨਟੀਨਾ ਦੇ ਖਿਡਾਰੀਆਂ ਵਿੱਚ ਵੀ ਨਜ਼ਰ ਆਇਆ। ਲਗਾਤਾਰ ਹਮਲਿਆਂ ਦੇ ਦਰਮਿਆਨ 92ਵੇਂ ਮਿੰਟ (ਇੰਜਰੀ ਟਾਈਮ) ਵਿੱਚ ਲੌਤਾਰੋ ਮਾਰਟੀਨੇਜ਼ ਨੇ ਜੇਤੂ ਗੋਲ ਕਰਕੇ ਅਰਜਨਟੀਨਾ ਨੂੰ ਫਾਈਨਲ ਵਿੱਚ ਪਹੁੰਚਾ ਦਿੱਤਾ।

ਇਸ ਨਾਟਕੀ ਜਿੱਤ ਨਾਲ ਅਰਜਨਟੀਨਾ ਨੇ ਫਾਈਨਲ ਵਿੱਚ ਜਗ੍ਹਾ ਬਣਾ ਲਈ, ਜਿੱਥੇ ਅਗਲੇ ਐਤਵਾਰ ਉਸ ਦਾ ਸਾਹਮਣਾ ਸਪੇਨ ਨਾਲ ਹੋਵੇਗਾ। ਅਰਜਨਟੀਨਾ ਦੀ ਟੀਮ ਲਗਾਤਾਰ ਦੂਜੀ ਵਾਰ ਵਰਲਡ ਕੱਪ ਜਿੱਤਣ ਦੀ ਕੋਸ਼ਿਸ਼ ਕਰੇਗੀ।

ਮੈਚ ਤੋਂ ਬਾਅਦ ਕੋਚ ਲਿਓਨੇਲ ਸਕਾਲੋਨੀ ਨੇ ਕਿਹਾ, "ਅਸੀਂ ਵੱਖਰੇ ਹਾਂ। ਇਹ ਹੰਕਾਰ ਨਹੀਂ, ਦਿਲ ਦੀ ਤਾਕਤ ਹੈ। ਇਨ੍ਹਾਂ ਖਿਡਾਰੀਆਂ ਨੇ ਜੋ ਕੀਤਾ, ਉਹ ਗਜ਼ਬ ਹੈ।"

ਲਿਓਨੇਲ ਮੇਸੀ ਦੀ ਅਗਵਾਈ ਵਾਲੀ ਅਰਜਨਟੀਨਾ ਦੀ ਇਹ ਟੀਮ, ਜਿਸ ਦੇ ਕਪਤਾਨ ਹੁਣ ਤੱਕ ਅੱਠ ਗੋਲ ਕਰ ਚੁੱਕੇ ਹਨ, ਹਰ ਵਾਰ ਮੁਸ਼ਕਲ ਹਾਲਾਤਾਂ ਵਿੱਚ ਵਾਪਸੀ ਕਰਨ ਦਾ ਰਾਹ ਲੱਭਣ ਵਿੱਚ ਕਾਮਯਾਬ ਰਹੀ ਹੈ।

ਅਜਿਹੇ ਹੀ ਮੌਕਿਆਂ 'ਤੇ ਅਰਜਨਟੀਨਾ ਵਿੱਚ ਫੁੱਟਬਾਲ ਦਾ ਜਨੂੰਨ ਸਭ ਤੋਂ ਵੱਧ ਨਜ਼ਰ ਆਉਂਦਾ ਹੈ। ਨਾਲ ਹੀ ਇਹ ਵੀ ਸਪਸ਼ਟ ਹੁੰਦਾ ਹੈ ਕਿ ਬਾਕੀ 25 ਖਿਡਾਰੀ ਮੇਸੀ ਨੂੰ ਉਨ੍ਹਾਂ ਦੇ ਸੰਭਾਵੀ ਤੌਰ 'ਤੇ ਆਖ਼ਰੀ ਵਰਲਡ ਕੱਪ ਵਿੱਚ ਚੈਂਪੀਅਨ ਬਣਾਉਣ ਲਈ ਕਿਸ ਹੱਦ ਤੱਕ ਵਚਨਬੱਧ ਹਨ।

ਕਹਾਣੀ ਅਜੇ ਖ਼ਤਮ ਨਹੀਂ ਹੋਈ ਹੈ

ਚਾਰ ਸਾਲ ਪਹਿਲਾਂ ਅਜਿਹਾ ਲੱਗ ਰਿਹਾ ਸੀ ਕਿ ਲਿਓਨੇਲ ਮੇਸੀ ਦੀ ਕਹਾਣੀ ਪੂਰੀ ਹੋ ਚੁੱਕੀ ਹੈ।

35 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਆਖ਼ਿਰਕਾਰ ਵਰਲਡ ਕੱਪ ਜਿੱਤ ਲਿਆ ਸੀ। ਉਨ੍ਹਾਂ ਨੇ ਉਸ ਵੇਲੇ ਕਿਹਾ ਸੀ ਕਿ ਇਹ ਟੂਰਨਾਮੈਂਟ ਵਿੱਚ ਉਨ੍ਹਾਂ ਦਾ ਆਖ਼ਰੀ ਮੈਚ ਹੋਵੇਗਾ। ਕਈ ਲੋਕਾਂ ਦੀ ਨਜ਼ਰ ਵਿੱਚ ਉਸੇ ਜਿੱਤ ਨਾਲ ਉਨ੍ਹਾਂ ਨੇ ਖੁਦ ਨੂੰ ਫੁੱਟਬਾਲ ਇਤਿਹਾਸ ਦਾ ਸਭ ਤੋਂ ਮਹਾਨ ਖਿਡਾਰੀ ਸਾਬਿਤ ਕਰ ਦਿੱਤਾ ਸੀ।

ਪਰ ਇਸ ਤੋਂ ਵੀ ਚਾਰ ਸਾਲ ਪਹਿਲਾਂ, ਜਦੋਂ ਉਨ੍ਹਾਂ ਦੀ ਉਮਰ 31 ਸਾਲ ਸੀ, ਉਦੋਂ ਬਹੁਤ ਸਾਰੇ ਲੋਕਾਂ ਨੂੰ, ਇੱਥੋਂ ਤੱਕ ਕਿ ਉਨ੍ਹਾਂ ਦੇ ਕਰੀਬੀਆਂ ਨੂੰ ਵੀ ਇਹ ਲੱਗਦਾ ਸੀ ਕਿ ਉਹ ਆਪਣਾ ਆਖ਼ਰੀ ਵਰਲਡ ਕੱਪ ਖੇਡ ਚੁੱਕੇ ਹਨ ਅਤੇ ਵਰਲਡ ਚੈਂਪੀਅਨ ਬਣੇ ਬਿਨਾਂ ਹੀ ਕਰੀਅਰ ਖ਼ਤਮ ਕਰ ਦੇਣਗੇ।

ਪਰ ਹੁਣ 39 ਸਾਲ ਦੀ ਉਮਰ ਵਿੱਚ ਮੇਸੀ ਇੱਕ ਵਾਰ ਫਿਰ ਅਰਜਨਟੀਨਾ ਨੂੰ ਲਗਾਤਾਰ ਦੂਜੇ ਵਰਲਡ ਕੱਪ ਫਾਈਨਲ ਵਿੱਚ ਪਹੁੰਚਾਉਣ ਵਾਲੇ ਸਭ ਤੋਂ ਵੱਡੇ ਨਾਇਕ ਬਣ ਕੇ ਸਾਹਮਣੇ ਆਏ ਹਨ। ਇਸ ਵਾਰ ਉਨ੍ਹਾਂ ਨੇ ਇੰਗਲੈਂਡ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ।

ਇੰਗਲੈਂਡ 'ਤੇ 2-1 ਦੀ ਜਿੱਤ ਵਿੱਚ ਮੇਸੀ ਨੇ ਦੋਵੇਂ ਗੋਲ ਦਾਗਣ ਵਿੱਚ ਮਦਦ ਕੀਤੀ। ਇਸ ਨਾਲ ਹੀ 2026 ਵਰਲਡ ਕੱਪ ਵਿੱਚ ਉਨ੍ਹਾਂ ਦੇ ਅੱਠ ਗੋਲ ਅਤੇ ਚਾਰ ਅਸਿਸਟ ਹੋ ਚੁੱਕੇ ਹਨ।

ਉਹ ਇਸ ਵਰਲਡ ਕੱਪ ਵਿੱਚ ਸਾਂਝੇ ਤੌਰ 'ਤੇ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀ ਹਨ ਅਤੇ ਸਭ ਤੋਂ ਵੱਧ ਅਸਿਸਟ ਦੇਣ ਵਾਲੇ ਖਿਡਾਰੀਆਂ ਦੀ ਸੂਚੀ ਵਿੱਚ ਦੂਜੇ ਸਥਾਨ 'ਤੇ ਹਨ।



ਹੁਣ ਐਤਵਾਰ ਨੂੰ ਨਿਊ ਜਰਸੀ ਵਿੱਚ ਹੋਣ ਵਾਲੇ ਫਾਈਨਲ ਵਿੱਚ ਅਰਜਨਟੀਨਾ ਦਾ ਸਾਹਮਣਾ ਸਪੇਨ ਨਾਲ ਹੋਵੇਗਾ। ਸਪੇਨ ਉਹੀ ਦੇਸ਼ ਹੈ, ਜਿੱਥੇ ਮੇਸੀ ਨੇ ਬਾਰਸਿਲੋਨਾ ਲਈ ਆਪਣੇ ਕਰੀਅਰ ਦਾ ਸਭ ਤੋਂ ਵੱਡਾ ਹਿੱਸਾ ਖੇਡਿਆ।

ਅਰਜਨਟੀਨਾ ਦੇ ਕੋਚ ਲਿਓਨੇਲ ਸਕਾਲੋਨੀ ਨੇ ਕਿਹਾ, "ਉਹ ਇਤਿਹਾਸ ਦੇ ਸਭ ਤੋਂ ਮਹਾਨ ਖਿਡਾਰੀ ਹਨ। ਮੈਨੂੰ ਨਹੀਂ ਪਤਾ ਕਿ ਇਹ ਸਾਬਤ ਕਰਨ ਲਈ ਉਨ੍ਹਾਂ ਨੂੰ ਹੋਰ ਕੀ ਕਰਨਾ ਪਵੇਗਾ। ਸਪੇਨ ਦੇ ਜ਼ਿਆਦਾਤਰ ਲੋਕ ਵੀ ਉਨ੍ਹਾਂ ਨੂੰ ਪਿਆਰ ਕਰਦੇ ਹਨ।"

"ਅਰਜਨਟੀਨਾ ਕੋਲ ਲਿਓਨੇਲ ਮੇਸੀ ਹਨ। ਉਨ੍ਹਾਂ ਕੋਲ 'ਗ੍ਰੇਟੈਸਟ ਆਫ ਆਲ ਟਾਈਮ' ਹੈ। ਫੁੱਟਬਾਲ ਇਤਿਹਾਸ ਦਾ ਸਭ ਤੋਂ ਮਹਾਨ ਖਿਡਾਰੀ।"

ਉਨ੍ਹਾਂ ਕਿਹਾ, "ਅਜਿਹੇ ਮੁਕਾਬਲੇ ਖ਼ਾਸ ਪਲਾਂ ਨਾਲ ਤੈਅ ਹੁੰਦੇ ਹਨ। ਸਾਨੂੰ ਲੱਗਿਆ ਸੀ ਕਿ ਇਹ ਕੰਮ ਜੂਡ ਬੇਲਿੰਗਹੈਮ ਜਾਂ ਹੈਰੀ ਕੇਨ ਕਰਨਗੇ, ਪਰ ਇਹੀ ਕਾਰਨ ਹੈ ਕਿ ਮੇਸੀ ਅੱਜ ਵੀ ਬਾਦਸ਼ਾਹ ਹਨ।"

ਮੇਸੀ ਨੇ ਇੰਗਲੈਂਡ ਦੀਆਂ ਉਮੀਦਾਂ ਕਿਵੇਂ ਤੋੜੀਆਂ

ਬਾਰਸਿਲੋਨਾ ਅਤੇ ਪੈਰਿਸ ਸੈਂਟ-ਜਰਮੇਨ ਦੇ ਸਾਬਕਾ ਖਿਡਾਰੀ ਮੇਸੀ ਨੇ ਆਪਣੇ ਲੰਬੇ ਕਰੀਅਰ ਵਿੱਚ ਇਸ ਤੋਂ ਪਹਿਲਾਂ ਕਦੇ ਵੀ ਇੰਗਲੈਂਡ ਖ਼ਿਲਾਫ਼ ਨਹੀਂ ਖੇਡਿਆ ਸੀ। ਹੁਣ ਇੰਗਲੈਂਡ ਦੇ ਕੋਚ ਥੋਮਸ ਟਸ਼ੇਲ ਅਤੇ ਉਨ੍ਹਾਂ ਦੇ ਪ੍ਰਸ਼ੰਸਕ ਸ਼ਾਇਦ ਇਹੀ ਚਾਹੁਣਗੇ ਕਿ ਅਜਿਹਾ ਕਦੇ ਹੋਇਆ ਹੀ ਨਾ ਹੁੰਦਾ।

ਪਹਿਲੇ ਹਾਫ ਵਿੱਚ ਮੇਸੀ ਨੇ ਵਿਚਕਾਰਲੇ ਹਿੱਸੇ ਵਿੱਚ ਖੇਡਦੇ ਹੋਏ ਆਪਣੀ ਤਕਨੀਕ ਦੀਆਂ ਕੁਝ ਝਲਕਾਂ ਦਿਖਾਈਆਂ, ਪਰ ਅਸਲ ਕਹਾਣੀ ਉਦੋਂ ਸ਼ੁਰੂ ਹੋਈ ਜਦੋਂ 55ਵੇਂ ਮਿੰਟ ਵਿੱਚ ਐਂਥਨੀ ਗੋਰਡਨ ਨੇ ਇੰਗਲੈਂਡ ਨੂੰ ਲੀਡ ਦਿਵਾਈ।

ਇਸ ਤੋਂ ਬਾਅਦ ਟੂਖੇਲ ਨੇ ਵਾਧੂ ਡਿਫੈਂਸਿਵ ਖਿਡਾਰੀ ਮੈਦਾਨ ਵਿੱਚ ਉਤਾਰ ਦਿੱਤੇ ਅਤੇ ਇੰਗਲੈਂਡ ਪਿੱਛੇ ਹਟ ਕੇ ਬਚਾਅ ਕਰਨ ਲੱਗ ਪਿਆ। ਅਗਲੇ 37 ਮਿੰਟਾਂ ਵਿੱਚ ਅਰਜਨਟੀਨਾ ਕੋਲ 88 ਫ਼ੀਸਦੀ ਗੇਂਦ 'ਤੇ ਕਬਜ਼ਾ ਰਿਹਾ।

ਇਸੇ ਦੌਰਾਨ ਮੇਸੀ ਸੱਜੇ ਵਿੰਗ 'ਤੇ ਚਲੇ ਗਏ ਅਤੇ ਉੱਥੋਂ ਹੀ ਪੂਰੇ ਮੈਚ ਦੀ ਦਿਸ਼ਾ ਬਦਲ ਦਿੱਤੀ।

ਮੈਚ ਤੋਂ ਬਾਅਦ ਗੋਲਕੀਪਰ ਐਮਿਲਿਆਨੋ ਮਾਰਟੀਨੇਜ਼ ਨੇ ਕਿਹਾ, "ਮੇਸੀ ਨੂੰ ਵਿੰਗ 'ਤੇ ਲਿਜਾਣਾ ਸਾਡੇ ਲਈ ਸਭ ਤੋਂ ਅਹਿਮ ਫ਼ੈਸਲਾ ਸਾਬਿਤ ਹੋਇਆ।"

ਮੇਸੀ ਨੇ ਇੰਗਲੈਂਡ ਦੇ ਖ਼ਿਲਾਫ਼ ਨੌਂ ਸਫ਼ਲ ਡ੍ਰਿਬਲਿੰਗ ਕੀਤੀਆਂ ਅਤੇ ਦੋ ਗੋਲਾਂ ਵਿੱਚ ਅਸਿਸਟ ਦਿੱਤਾ। 1966 ਤੋਂ ਉਪਲੱਬਧ ਅੰਕੜਿਆਂ ਅਨੁਸਾਰ, ਵਰਲਡ ਕੱਪ ਦੇ ਕਿਸੇ ਨਾਕਆਊਟ ਮੁਕਾਬਲੇ ਵਿੱਚ ਅਜਿਹਾ ਕਰਨ ਵਾਲੇ ਉਹ ਪਹਿਲੇ ਖਿਡਾਰੀ ਬਣ ਗਏ ਹਨ।

ਪੂਰੀ ਇੰਗਲੈਂਡ ਟੀਮ ਨੇ ਮਿਲ ਕੇ ਸਿਰਫ਼ ਸੱਤ ਸਫ਼ਲ ਡ੍ਰਿਬਲਿੰਗ ਕੀਤੀਆਂ।

ਮੇਸੀ ਨੇ ਵਿਰੋਧੀ ਟੀਮ ਦੇ ਪੈਨਲਟੀ ਬਾਕਸ ਵਿੱਚ ਸੱਤ ਵਾਰ ਗੇਂਦ ਨੂੰ ਛੂਹਿਆ। ਇਹ ਗਿਣਤੀ ਪੂਰੀ ਇੰਗਲੈਂਡ ਟੀਮ ਦੇ ਕੁੱਲ ਟੱਚ ਦੇ ਬਰਾਬਰ ਸੀ।

ਉਨ੍ਹਾਂ ਨੇ ਚਾਰ ਵਾਰ ਗੋਲ ਦੇ ਮੌਕੇ ਵੀ ਬਣਾਏ, ਜੋ ਇੰਗਲੈਂਡ ਦੀ ਪੂਰੀ ਟੀਮ ਦੇ ਬਰਾਬਰ ਸਨ।

ਇਸ ਤੋਂ ਇਲਾਵਾ, ਉਨ੍ਹਾਂ ਨੇ ਮੈਚ ਵਿੱਚ ਸਭ ਤੋਂ ਵੱਧ ਨੌ ਕ੍ਰਾਸ ਲਗਾਏ।

ਪਰ ਸਭ ਤੋਂ ਅਹਿਮ ਗੱਲ ਇਹ ਰਹੀ ਕਿ ਅਰਜਨਟੀਨਾ ਦੇ ਦੋਵੇਂ ਗੋਲ ਮੇਸੀ ਦੀ ਮਦਦ ਨਾਲ ਆਏ।

ਪਹਿਲਾਂ ਉਨ੍ਹਾਂ ਨੇ ਕਾਰਨਰ ਦੀ ਰਣਨੀਤੀ ਦੇ ਤਹਿਤ ਐਂਜ਼ੋ ਫਰਨਾਂਦੇਜ਼ ਨੂੰ ਪਾਸ ਦਿੱਤਾ, ਜਿਨ੍ਹਾਂ ਨੇ 85ਵੇਂ ਮਿੰਟ ਵਿੱਚ ਬਾਕਸ ਦੇ ਬਾਹਰੋਂ ਬਰਾਬਰੀ ਦਾ ਸ਼ਾਨਦਾਰ ਗੋਲ ਕੀਤਾ।

ਇਸ ਤੋਂ ਬਾਅਦ ਇੰਜਰੀ ਟਾਈਮ ਵਿੱਚ ਮੇਸੀ ਦੇ ਸ਼ਾਨਦਾਰ ਕ੍ਰਾਸ 'ਤੇ ਲੌਤਾਰੋ ਮਾਰਟੀਨੇਜ਼ ਨੇ ਹੈਡਰ ਰਾਹੀਂ ਜੇਤੂ ਗੋਲ ਕਰ ਦਿੱਤਾ।

ਸਾਬਕਾ ਇੰਗਲੈਂਡ ਡਿਫੈਂਡਰ ਮਿਕਾ ਰਿਚਰਡਜ਼ ਨੇ ਕਿਹਾ, "ਉਹ ਪੂਰੇ ਮੈਚ ਦੌਰਾਨ ਮੈਦਾਨ 'ਤੇ ਆਰਾਮ ਨਾਲ ਤੁਰਦੇ ਹੋਏ ਨਜ਼ਰ ਆਉਂਦੇ ਹਨ, ਪਰ ਜਿਵੇਂ ਹੀ ਗੇਂਦ ਉਨ੍ਹਾਂ ਦੇ ਪੈਰਾਂ ਵਿੱਚ ਆਉਂਦੀ ਹੈ, ਉਹ ਅਚਾਨਕ ਜੀਵੰਤ ਹੋ ਉੱਠਦੇ ਹਨ।"

ਉਨ੍ਹਾਂ ਕਿਹਾ, "ਇਹੀ ਉਨ੍ਹਾਂ ਦਾ ਹੁਨਰ ਹੈ ਅਤੇ ਕਈ ਵਾਰ ਉਹੀ ਮੁਕਾਬਲੇ ਦਾ ਸਭ ਤੋਂ ਵੱਡਾ ਫ਼ਰਕ ਬਣ ਜਾਂਦਾ ਹੈ।"

ਇੰਗਲੈਂਡ ਦੇ ਸਾਬਕਾ ਗੋਲਕੀਪਰ ਜੋ ਹਾਰਟ ਨੇ ਕਿਹਾ, "ਇੰਗਲੈਂਡ ਨੇ ਉਹੀ ਗ਼ਲਤੀ ਦੁਹਰਾਈ ਜੋ ਉਸ ਨੇ ਮੈਕਸੀਕੋ ਅਤੇ ਨਾਰਵੇ ਦੇ ਖ਼ਿਲਾਫ਼ ਕੀਤੀ ਸੀ। ਟੀਮ ਪੂਰੀ ਤਰ੍ਹਾਂ ਡਿਫੈਂਸਿਵ ਹੋ ਗਈ।"

ਉਨ੍ਹਾਂ ਕਿਹਾ, "ਇਸ ਦਾ ਫ਼ਾਇਦਾ ਮੇਸੀ ਨੂੰ ਮਿਲਿਆ। ਉਨ੍ਹਾਂ ਕੋਲ ਹਰ ਤਾਲੇ ਦੀ ਚਾਬੀ ਸੀ। ਆਖ਼ਰੀ 15 ਮਿੰਟਾਂ ਵਿੱਚ ਉਨ੍ਹਾਂ ਨੇ ਇਕੱਲੇ ਹੀ ਪੂਰੇ ਮੈਚ 'ਤੇ ਕਾਬੂ ਕਰ ਲਿਆ।"

ਇੰਗਲੈਂਡ ਦੇ ਕਪਤਾਨ ਹੈਰੀ ਕੇਨ ਨੇ ਕਿਹਾ, "ਮੈਚ ਦੇ ਵੱਡੇ ਹਿੱਸੇ ਵਿੱਚ ਅਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਰੋਕ ਕੇ ਰੱਖਿਆ। ਪਰ ਦੁਨੀਆ ਦੇ ਸਭ ਤੋਂ ਖ਼ਤਰਨਾਕ ਖਿਡਾਰੀਆਂ ਨਾਲ ਇਹੀ ਹੁੰਦਾ ਹੈ। ਜਿਵੇਂ ਹੀ ਉਨ੍ਹਾਂ ਦੇ ਕੋਲ ਗੇਂਦ ਆਉਂਦੀ ਹੈ, ਉਹ ਕੁਝ ਵੀ ਕਰ ਸਕਦੇ ਹਨ। ਆਖ਼ਿਰ ਉਹ ਇਤਿਹਾਸ ਦੇ ਮਹਾਨਤਮ ਖਿਡਾਰੀਆਂ ਵਿੱਚੋਂ ਇੱਕ ਹਨ।"

2016 ਵਿੱਚ ਹੀ ਮੇਸੀ ਨੇ ਸੰਨਿਆਸ ਦਾ ਐਲਾਨ ਕਰ ਦਿੱਤਾ ਸੀ

ਇਸ ਤੋਂ ਪਹਿਲਾਂ ਉਹ 2014 ਵਰਲਡ ਕੱਪ ਫਾਈਨਲ ਵਿੱਚ ਜਰਮਨੀ ਤੋਂ ਹਾਰ ਚੁੱਕੇ ਸਨ ਅਤੇ ਲਗਾਤਾਰ ਤਿੰਨ ਕੋਪਾ ਅਮਰੀਕਾ ਫਾਈਨਲ ਵੀ ਗੁਆ ਚੁੱਕੇ ਸਨ।

ਪਰ ਸੰਨਿਆਸ ਦਾ ਫ਼ੈਸਲਾ ਵਾਪਸ ਲੈਣ ਤੋਂ ਬਾਅਦ ਉਨ੍ਹਾਂ ਨੇ ਅਰਜਨਟੀਨਾ ਨੂੰ ਦੋ ਵਾਰ ਕੋਪਾ ਅਮਰੀਕਾ ਦਾ ਚੈਂਪੀਅਨ ਬਣਾਇਆ।

ਸਾਲ 2022 ਵਿੱਚ, ਜਦੋਂ ਪੈਰਿਸ ਸੈਂਟ-ਜਰਮੇਨ (ਪੀਐਸਜੀ) ਦੇ ਖਿਡਾਰੀ ਵਜੋਂ ਮੇਸੀ ਨੇ ਕਤਰ ਵਿੱਚ ਵਰਲਡ ਕੱਪ ਟਰਾਫ਼ੀ ਚੁੱਕੀ, ਤਾਂ ਲੱਗਿਆ ਕਿ ਉਨ੍ਹਾਂ ਦੇ ਸ਼ਾਨਦਾਰ ਕਰੀਅਰ ਦੀ ਆਖ਼ਰੀ ਅਧੂਰੀ ਕੜੀ ਵੀ ਪੂਰੀ ਹੋ ਗਈ।

ਬਹੁਤ ਸਾਰੇ ਲੋਕਾਂ ਦਾ ਮੰਨਣਾ ਸੀ ਕਿ ਵਰਲਡ ਕੱਪ ਜਿੱਤਣਾ ਹੀ ਉਹ ਉਪਲੱਬਧੀ ਸੀ, ਜਿਸ ਦੀ ਕਮੀ ਕਾਰਨ ਪੇਲੇ ਅਤੇ ਡੀਏਗੋ ਮਾਰਾਡੋਨਾ ਵਰਗੇ ਵਿਸ਼ਵ ਜੇਤੂਆਂ ਨਾਲ ਉਨ੍ਹਾਂ ਦੀ ਤੁਲਨਾ ਅਧੂਰੀ ਮੰਨੀ ਜਾਂਦੀ ਸੀ।

2022 ਵਰਲਡ ਕੱਪ ਫਾਈਨਲ ਤੋਂ ਪਹਿਲਾਂ ਮੇਸੀ ਨੇ ਕਿਹਾ ਸੀ, "ਮੈਂ ਬਹੁਤ ਖੁਸ਼ ਹਾਂ ਕਿ ਵਰਲਡ ਕੱਪ ਵਿੱਚ ਮੇਰਾ ਸਫ਼ਰ ਫਾਈਨਲ ਤੱਕ ਪਹੁੰਚਿਆ ਅਤੇ ਆਖ਼ਰੀ ਮੈਚ ਫਾਈਨਲ ਵਿੱਚ ਖੇਡਣ ਦਾ ਮੌਕਾ ਮਿਲਿਆ। ਇਸ ਤੋਂ ਵੱਡੀ ਤਸੱਲੀ ਹੋਰ ਕੀ ਹੋ ਸਕਦੀ ਹੈ।"

ਉਨ੍ਹਾਂ ਕਿਹਾ ਸੀ, "ਅਗਲੇ ਵਰਲਡ ਕੱਪ ਤੱਕ ਕਾਫ਼ੀ ਸਮਾਂ ਹੈ। ਮੈਨੂੰ ਨਹੀਂ ਲੱਗਦਾ ਕਿ ਮੈਂ ਉੱਥੇ ਤੱਕ ਖੇਡ ਸਕਾਂਗਾ। ਇਸ ਲਈ, ਇਸ ਤਰ੍ਹਾਂ ਆਪਣੇ ਸਫ਼ਰ ਦਾ ਅੰਤ ਕਰਨਾ ਸ਼ਾਨਦਾਰ ਹੋਵੇਗਾ।"

2023 ਵਿੱਚ ਜਦੋਂ ਉਨ੍ਹਾਂ ਨੇ ਯੂਰਪ ਛੱਡ ਕੇ ਮੇਜਰ ਲੀਗ ਸਾਕਰ (ਐਮਐਲਐਸ) ਦੀ ਟੀਮ ਇੰਟਰ ਮਿਆਮੀ ਦਾ ਰੁਖ਼ ਕੀਤਾ, ਤਾਂ ਲੱਗਿਆ ਕਿ ਹੁਣ ਉਹ ਆਪਣੇ ਕਰੀਅਰ ਦੇ ਆਖ਼ਰੀ ਦੌਰ ਵਿੱਚ ਹਨ।

ਪਿਛਲੇ ਸਾਲ ਫੀਫਾ ਕਲੱਬ ਵਰਲਡ ਕੱਪ ਵਿੱਚ ਖੇਡਣ ਦੇ ਬਾਵਜੂਦ ਇਹ ਬਿਲਕੁਲ ਤੈਅ ਨਹੀਂ ਸੀ ਕਿ ਉਹ ਇਸ ਸਾਲ ਵਰਲਡ ਕੱਪ ਵਿੱਚ ਵੀ ਨਜ਼ਰ ਆਉਣਗੇ।

ਪਰ 39 ਸਾਲ ਦੀ ਉਮਰ ਵਿੱਚ ਵੀ ਮੇਸੀ ਦਾ ਸਫ਼ਰ ਰੁਕਦਾ ਨਹੀਂ ਦਿਖ ਰਿਹਾ, ਭਾਵੇਂ ਉਨ੍ਹਾਂ ਦੇ ਖੇਡਣ ਦਾ ਅੰਦਾਜ਼ ਪਹਿਲਾਂ ਨਾਲੋਂ ਬਦਲ ਚੁੱਕਾ ਹੋਵੇ।

ਸਪੈਨਿਸ਼ ਪੱਤਰਕਾਰ ਗੁਈਯੇਮ ਬਲਾਗੇ, ਜਿਨ੍ਹਾਂ ਨੇ ਮੇਸੀ ਦੀ ਜੀਵਨੀ ਲਿਖੀ ਹੈ, ਕਹਿੰਦੇ ਹਨ ਕਿ ਮੇਸੀ ਨੇ ਆਪਣੇ ਕਰੀਅਰ ਵਿੱਚ ਘੱਟੋ-ਘੱਟ ਪੰਜ ਵਾਰ ਆਪਣੇ ਖੇਡ ਨੂੰ ਨਵੇਂ ਤਰੀਕੇ ਨਾਲ ਢਾਲਿਆ ਹੈ।

ਇੰਟਰ ਮਿਆਮੀ ਅਤੇ ਅਰਜਨਟੀਨਾ ਲਈ ਮੇਸੀ ਹੁਣ ਲਗਾਤਾਰ 13 ਮੈਚਾਂ ਵਿੱਚ ਜਾਂ ਤਾਂ ਗੋਲ ਕਰ ਚੁੱਕੇ ਹਨ ਜਾਂ ਗੋਲ ਕਰਵਾਉਣ ਵਿੱਚ ਮਦਦ ਕਰ ਚੁੱਕੇ ਹਨ।

ਜੇਕਰ ਉਹ ਐਤਵਾਰ ਨੂੰ ਸਪੇਨ ਦੇ ਖ਼ਿਲਾਫ਼ ਫਾਈਨਲ ਵਿੱਚ ਵੀ ਕਿਸੇ ਗੋਲ ਵਿੱਚ ਯੋਗਦਾਨ ਪਾਉਂਦੇ ਹਨ, ਤਾਂ 2011 ਵਿੱਚ ਬਣਾਏ ਗਏ ਲਗਾਤਾਰ 14 ਮੈਚਾਂ ਦੇ ਆਪਣੇ ਰਿਕਾਰਡ ਦੀ ਬਰਾਬਰੀ ਕਰ ਲੈਣਗੇ।

ਇਸ ਤੋਂ ਇਲਾਵਾ, ਉਹ ਬ੍ਰਾਜ਼ੀਲ ਦੇ ਮਹਾਨ ਖਿਡਾਰੀ ਕਾਫੂ ਤੋਂ ਬਾਅਦ ਵਰਲਡ ਕੱਪ ਦੇ ਤਿੰਨ ਫਾਈਨਲ ਖੇਡਣ ਵਾਲੇ ਇਤਿਹਾਸ ਦੇ ਸਿਰਫ਼ ਦੂਜੇ ਖਿਡਾਰੀ ਬਣ ਜਾਣਗੇ।

ਕੀ ਇਹੀ ਉਨ੍ਹਾਂ ਦਾ ਆਖ਼ਰੀ ਵਰਲਡ ਕੱਪ ਮੁਕਾਬਲਾ ਹੋਵੇਗਾ? ਆਖ਼ਿਰ 2030 ਵਿੱਚ ਉਨ੍ਹਾਂ ਦੀ ਉਮਰ 43 ਸਾਲ ਹੋ ਜਾਵੇਗੀ।

ਪਰ ਸ਼ਾਇਦ ਹੁਣ ਅੱਠ ਵਾਰ ਦੇ ਬੈਲਨ ਡੀ'ਓਰ ਜੇਤੂ ਮੇਸੀ ਬਾਰੇ ਕੋਈ ਵੀ ਪੱਕਾ ਅੰਦਾਜ਼ਾ ਲਗਾਉਣਾ ਠੀਕ ਨਹੀਂ ਹੋਵੇਗਾ।

ਇਸ ਵਰਲਡ ਕੱਪ ਵਿੱਚ ਅਰਜਨਟੀਨਾ ਫੁੱਟਬਾਲ ਦੇ ਚਾਰ ਯਾਦਗਾਰ ਪਲ

15 ਜੁਲਾਈ, 2026 ਨੂੰ ਅਮਰੀਕਾ ਦੇ ਜਾਰਜੀਆ ਸੂਬੇ ਦੇ ਅਟਲਾਂਟਾ ਸਟੇਡੀਅਮ ਵਿੱਚ ਇੰਗਲੈਂਡ ਅਤੇ ਅਰਜਨਟੀਨਾ ਵਿਚਕਾਰ ਖੇਡੇ ਗਏ ਫੀਫਾ ਵਿਸ਼ਵ ਕੱਪ ਸੈਮੀਫਾਈਨਲ ਮੈਚ ਦੌਰਾਨ ਅਰਜਨਟੀਨਾ ਦੇ ਲਿਓਨੇਲ ਮੇਸੀ ਗਰੁੱਪ ਸਟੇਜ ਵਿੱਚ ਤਿੰਨ ਤੁਲਨਾਤਮਕ ਤੌਰ 'ਤੇ ਆਸਾਨ ਜਿੱਤਾਂ ਤੋਂ ਬਾਅਦ ਸਕਾਲੋਨੀ ਦੀ ਟੀਮ ਦੀ ਅਸਲੀ ਪਰਖ ਸ਼ੁਰੂ ਹੋਈ।

ਸਭ ਤੋਂ ਪਹਿਲਾਂ ਪ੍ਰੀ-ਕੁਆਰਟਰ ਫਾਈਨਲ ਵਿੱਚ ਇਸ ਵਰਲਡ ਕੱਪ ਦੀ ਸਭ ਤੋਂ ਵੱਡੀ ਸਰਪ੍ਰਾਈਜ਼ ਟੀਮ ਕੇਪ ਵਰਡੇ ਨਾਲ ਮੁਕਾਬਲਾ ਹੋਇਆ। ਨਿਰਧਾਰਿਤ ਸਮੇਂ ਤੱਕ ਮੈਚ 1-1 ਨਾਲ ਬਰਾਬਰੀ 'ਤੇ ਰਿਹਾ।

ਵਾਧੂ ਸਮੇਂ ਦੇ ਪਹਿਲੇ ਹਾਫ਼ ਦੀ ਸ਼ੁਰੂਆਤ ਵਿੱਚ ਲਿਸਾਂਦਰੋ ਮਾਰਟੀਨੇਜ਼ ਨੇ ਅਰਜਨਟੀਨਾ ਨੂੰ ਲੀਡ ਦਿਵਾਈ, ਪਰ ਲਗਭਗ 10 ਮਿੰਟ ਬਾਅਦ ਕੇਪ ਵਰਡੇ ਨੇ ਬਾਕਸ ਦੇ ਬਾਹਰੋਂ ਸ਼ਾਨਦਾਰ ਗੋਲ ਕਰਕੇ ਫਿਰ ਬਰਾਬਰੀ ਕਰ ਲਈ।

ਇਸ ਤੋਂ ਬਾਅਦ ਅਰਜਨਟੀਨਾ ਦਾ ਦਬਾਅ ਰੰਗ ਲਿਆਇਆ। ਕਾਰਨਰ ਤੋਂ ਆਏ ਹੈਡਰ ਨੂੰ ਕੇਪ ਵਰਡੇ ਦੇ ਇੱਕ ਖਿਡਾਰੀ ਨੇ ਅਣਜਾਣੇ ਵਿੱਚ ਆਪਣੇ ਹੀ ਗੋਲ ਵਿੱਚ ਪਹੁੰਚਾ ਦਿੱਤਾ ਅਤੇ ਅਰਜਨਟੀਨਾ ਨੇ ਜਿੱਤ ਦਰਜ ਕਰ ਲਈ।

ਇਸ ਤੋਂ ਬਾਅਦ ਮਿਸਰ ਦੇ ਖ਼ਿਲਾਫ਼ ਰੋਮਾਂਚਕ ਵਾਪਸੀ ਦੇਖਣ ਨੂੰ ਮਿਲੀ। 79ਵੇਂ ਮਿੰਟ ਤੱਕ ਮਿਸਰ 2-0 ਨਾਲ ਅੱਗੇ ਸੀ, ਉਸੇ ਸਮੇਂ ਕ੍ਰਿਸਟੀਅਨ "ਕੂਟੀ" ਰੋਮੇਰੋ ਨੇ ਗੋਲ ਕਰਕੇ ਅਰਜਨਟੀਨਾ ਦੀਆਂ ਉਮੀਦਾਂ ਜਗਾ ਦਿੱਤੀਆਂ।

ਇੱਕ ਵਾਰ ਫਿਰ ਅਰਜਨਟੀਨਾ ਦੀ ਹਮਲਾਵਰ ਖੇਡ ਨੇ ਅਸਰ ਦਿਖਾਇਆ ਅਤੇ 83ਵੇਂ ਮਿੰਟ ਵਿੱਚ ਮੇਸੀ ਨੇ ਬਰਾਬਰੀ ਦਾ ਸ਼ਾਨਦਾਰ ਗੋਲ ਕਰ ਦਿੱਤਾ।

ਜਦੋਂ ਮੁਕਾਬਲਾ ਵਾਧੂ ਸਮੇਂ (ਐਕਸਟਰਾ ਟਾਈਮ) ਵਿੱਚ ਜਾਂਦਾ ਦਿਖਾਈ ਦੇ ਰਿਹਾ ਸੀ, ਓਦੋਂ 93ਵੇਂ ਮਿੰਟ ਵਿੱਚ ਐਂਜ਼ੋ ਫਰਨਾਂਦੇਜ਼ ਨੇ ਜੇਤੂ ਗੋਲ ਕਰਕੇ ਅਰਜਨਟੀਨਾ ਨੂੰ ਯਾਦਗਾਰ ਜਿੱਤ ਦਿਵਾ ਦਿੱਤੀ। ਹਾਲਾਂਕਿ ਇਸ ਮੁਕਾਬਲੇ ਵਿੱਚ ਰੈਫਰਿੰਗ ਨੂੰ ਲੈ ਕੇ ਵਿਵਾਦ ਵੀ ਰਿਹਾ।

ਕੁਆਰਟਰ ਫਾਈਨਲ ਵੀ ਅਰਜਨਟੀਨਾ ਨੇ ਵਾਧੂ ਸਮੇਂ ਵਿੱਚ ਜਿੱਤਿਆ। ਟੀਮ ਨੇ 10ਵੇਂ ਮਿੰਟ ਤੋਂ ਲੀਡ ਬਣਾਈ ਹੋਈ ਸੀ, ਪਰ ਸਵਿਟਜ਼ਰਲੈਂਡ ਦੇ ਡੈਨ ਨਦੋਏ ਨੇ 67ਵੇਂ ਮਿੰਟ ਵਿੱਚ ਸਕੋਰ ਬਰਾਬਰ ਕਰ ਦਿੱਤਾ।

ਪੂਰਾ ਸਟੇਡੀਅਮ ਅਰਜਨਟੀਨਾ ਦੇ ਸਮਰਥਨ ਵਿੱਚ ਗੂੰਜ ਰਿਹਾ ਸੀ। 112ਵੇਂ ਮਿੰਟ ਵਿੱਚ ਜੂਲੀਅਨ ਅਲਵਾਰੇਜ਼ ਨੇ ਸ਼ਾਨਦਾਰ ਗੋਲ ਕਰਕੇ ਗਤੀਰੋਧ ਤੋੜਿਆ ਅਤੇ ਨੌਂ ਮਿੰਟ ਬਾਅਦ ਲੌਤਾਰੋ ਮਾਰਟੀਨੇਜ਼ ਨੇ ਇੱਕ ਹੋਰ ਗੋਲ ਕਰਕੇ ਜਿੱਤ ਪੱਕੀ ਕਰ ਦਿੱਤੀ।

ਅਰਜਨਟੀਨਾ ਦੀ ਚੌਥੀ ਯਾਦਗਾਰ ਰਾਤ ਸੈਮੀਫਾਈਨਲ ਵਿੱਚ ਆਈ, ਜਦੋਂ ਇੰਜਰੀ ਟਾਈਮ ਵਿੱਚ ਲੌਤਾਰੋ ਮਾਰਟੀਨੇਜ਼ ਦੇ ਗੋਲ ਨੇ ਟੀਮ ਨੂੰ ਫਾਈਨਲ ਵਿੱਚ ਪਹੁੰਚਾ ਦਿੱਤਾ।

ਇਨ੍ਹਾਂ ਸਾਰੇ ਮੁਕਾਬਲਿਆਂ ਵਿੱਚ ਖਿਡਾਰੀਆਂ ਦੇ ਜਸ਼ਨ ਦਾ ਇੱਕ ਖ਼ਾਸ ਦ੍ਰਿਸ਼ ਵਾਰ-ਵਾਰ ਦੇਖਣ ਨੂੰ ਮਿਲਿਆ। ਹਰ ਵੱਡੀ ਜਿੱਤ ਤੋਂ ਬਾਅਦ ਪੂਰੀ ਟੀਮ ਲਿਓਨੇਲ ਮੇਸੀ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਜਸ਼ਨ ਮਨਾਉਂਦੀ ਰਹੀ।

# ਜ਼ਖ਼ਮਾਂ ਨੂੰ ਭਰਨ ਦਾ ਵੇਲਾ



ਪਿਛਲੇ ਕੁਝ ਹਫ਼ਤਿਆਂ ਤੋਂ ਜ਼ਿੰਦਗੀ ਕਲਾ ਦੇ ਅਜਿਹੇ ਦੋ ਨਮੂਨਿਆਂ ਦਾ ਪਰਛਾਵਾਂ ਬਣੀ ਹੋਈ ਹੈ, ਜੋ ਦਹਾਕਿਆਂ ਪਹਿਲਾਂ ਵਾਪਰੇ ਘਟਨਾਕ੍ਰਮ ਦੇ ਸੱਚ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਕੜੀ ਦੀ ਪਹਿਲੀ ਕਲਾਤਮਕ ਪੇਸ਼ਕਾਰੀ 1947 ਦੀ ਵੰਡ 'ਤੇ ਆਧਾਰਿਤ ਇਮਤਿਆਜ਼ ਅਲੀ ਦੀ ਫ਼ਿਲਮ 'ਮੈਂ ਵਾਪਸ ਆਊਂਗਾ' ਹੈ। ਇਹ ਫ਼ਿਲਮ 80 ਸਾਲ ਪਿੱਛੇ ਜਾ ਕੇ ਉਨ੍ਹਾਂ ਲੋਕਾਂ ਦੀ ਉਜਾੜੇ ਦੀ ਦਾਸਤਾਨ ਬਿਆਨ ਕਰਦੀ ਹੈ, ਜਿਨ੍ਹਾਂ ਨੂੰ ਆਪਣੀਆਂ ਜੜ੍ਹਾਂ ਤੋਂ ਪੁੱਟ ਕੇ ਕਿਸੇ ਹੋਰ ਘਰ ਦੀ ਭਾਲ ਵਿੱਚ ਭਟਕਣ ਲਈ ਮਜਬੂਰ ਹੋਣਾ ਪਿਆ। ਉਹ ਸਦੀਵੀ ਤੌਰ 'ਤੇ 'ਸ਼ਰਨਾਰਥੀ' ਕਹਾਉਣ ਦੇ ਸਰਾਪ ਨੂੰ ਹੰਢਾ ਰਹੇ ਹਨ। ਲਾਹੌਰ ਵਿੱਚ ਛੱਡੇ ਆਪਣੇ ਮਾਡਲ ਟਾਊਨ ਦੀ ਯਾਦ ਵਿੱਚ ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਦੇ ਘੇਰੇ ਤੋਂ ਪਾਰ ਦਿੱਲੀ ਦੇ ਬਾਹਰੀ ਇਲਾਕਿਆਂ ਵਿੱਚ ਉਸੇ 'ਮਾਡਲ ਟਾਊਨ' ਨਾਮ ਦੀਆਂ ਕਲੋਨੀਆਂ ਵਸਾ ਲਈਆਂ। ਉਹ ਆਪਣੇ ਬੱਚਿਆਂ ਨੂੰ ਜਲੰਧਰ ਦੇ ਲਾਇਲਪੁਰ ਸੀਨੀਅਰ ਸੈਕੰਡਰੀ ਗਰਲਜ਼ ਸਕੂਲ ਵਰਗੇ ਸਕੂਲਾਂ ਵਿੱਚ ਭੇਜਦੇ ਹਨ ਤਾਂ ਜੋ ਆਪਣੇ ਵਤਨ ਦੇ ਉਸ 'ਲਾਇਲਪੁਰ' ਸ਼ਹਿਰ ਦੀ ਯਾਦ ਨੂੰ ਤਾਜ਼ਾ ਰੱਖ ਸਕਣ ਜਿਸ ਦਾ ਹੁਣ ਕੋਈ ਵਜੂਦ ਹੀ ਨਹੀਂ ਰਿਹਾ। ਲਾਇਲਪੁਰ ਦਾ ਨਾਮ ਬਦਲ ਕੇ ਕਦੋਂ ਦਾ ਫ਼ੈਸਲਾਬਾਦ ਕਰ ਦਿੱਤਾ ਗਿਆ ਹੈ ਪਰ ਜਲੰਧਰ ਦੇ ਇਨ੍ਹਾਂ ਲੋਕਾਂ ਨੂੰ ਇਹ ਗੱਲ ਕੌਣ ਸਮਝਾਵੇ?

ਯਾਦਾਂ ਦਾ ਇਹੀ ਤਾਂ ਸਭ ਤੋਂ ਬੇਰਹਿਮ ਸੱਚ ਹੈ, ਤੁਸੀਂ ਆਪਣੀਆਂ ਅੱਖਾਂ ਨਾਲ ਦੇਖੇ ਹੋਏ ਨੂੰ ਅਣਦੇਖਿਆ ਨਹੀਂ ਕਰ ਸਕਦੇ ਅਤੇ ਕੰਨੀਂ ਸੁਣੇ ਨੂੰ ਅਣਸੁਣਿਆ ਨਹੀਂ ਕਰ ਸਕਦੇ। ਭਾਵੇਂ ਤੁਸੀਂ ਖ਼ੁਦ ਉਹ ਸਭ ਕੁਝ ਨਾ ਵੀ ਹੰਢਾਇਆ ਹੋਵੇ ਫਿਰ ਵੀ ਉਸ ਦੌਰ ਦੀ ਮਹਿਜ਼ ਯਾਦ ਹੀ ਭਿਆਨਕ ਸੁਪਨੇ ਮੁੜ ਜਗਾਉਣ ਲਈ ਕਾਫ਼ੀ ਹੈ। ਚੰਡੀਗੜ੍ਹ ਰਹਿੰਦੇ ਮੇਰੇ ਕੁਝ ਦੋਸਤ ਆਪਣੇ ਬਜ਼ੁਰਗ ਮਾਪਿਆਂ ਨੂੰ ਇਹ ਫ਼ਿਲਮ ਦਿਖਾਉਣ ਤੋਂ ਗੁਰੇਜ਼ ਕਰ ਰਹੇ ਹਨ, ਮਤੇ ਉਨ੍ਹਾਂ ਦੇ ਪੁਰਾਣੇ ਜ਼ਖ਼ਮ ਮੁੜ ਹਰੇ ਨਾ ਹੋ ਜਾਣ।

ਇੰਝ ਵੀ ਨਹੀਂ ਹੈ ਕਿ ਪੰਜਾਬ ਮਾਨਸਿਕ ਪੀੜਾ ਤੋਂ ਅਣਜਾਣ ਹੈ। ਜਿਵੇਂ ਕਿ ਰਾਜਮੋਹਨ ਗਾਂਧੀ ਨੇ ਆਪਣੀ ਕਿਤਾਬ (ਇਵਇਨਗਇ ਓਨਦ ਇਚੋਨਚਿਲਿਓਟਿਨ) ਵਿੱਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਦਲੇ ਅਤੇ ਸੁਲ੍ਹਾ-ਸਫ਼ਾਈ ਦੇ ਦੋਵੇਂ ਰੂਪਾਂ ਬਾਰੇ ਲਿਖਿਆ ਹੈ ਜੋ ਸਦੀਆਂ ਤੋਂ ਪੂਰੇ ਪੰਜਾਬ ਦੇ ਇਤਿਹਾਸ ਵਿੱਚ ਗੂੰਜਦੇ ਆ ਰਹੇ ਹਨ। ਜੇਕਰ ਦਿੱਲੀ ਸੱਤਾ ਦੀ ਲਾਲਸਾ ਦਾ ਸਿਖਰ ਯਾਨੀ 'ਸੋਨੇ ਦੀ ਚਿੜੀ' ਸੀ ਤਾਂ ਪੰਜਾਬ ਉਸ ਦੇ ਰਾਹ ਵਿੱਚ ਆਉਂਦਾ ਸੀ ਅਤੇ ਦਿੱਲੀ ਤੱਕ ਪਹੁੰਚਣ ਲਈ ਪੰਜਾਬ ਦੇ ਸਾਰੇ ਦਰਿਆਵਾਂ ਨੂੰ ਪਾਰ ਕਰਨਾ ਜ਼ਰੂਰੀ ਹੁੰਦਾ ਸੀ। ਪਰ ਕੁਝ ਲੋਕ ਇੱਥੇ ਆ ਕੇ ਰੁਕ ਗਏ, ਜਿਨ੍ਹਾਂ ਵਿੱਚੋਂ 326 ਈਸਵੀ ਪੂਰਵ ਵਿੱਚ ਸਿਕੰਦਰ ਸਭ ਤੋਂ ਪ੍ਰਮੁੱਖ ਸੀ, ਉਹ ਪੰਜਾਬ ਦੀ ਧਰਤੀ ਤੋਂ ਹੀ ਉਲਟੇ ਪੈਰੀਂ ਮੁੜ ਗਿਆ ਸੀ। ਇਹ ਭਾਰਤ ਦਾ ਇੱਕੋ-ਇੱਕ ਅਜਿਹਾ ਸੂਬਾ ਹੈ ਜਿਸ ਦੇ ਨਾਮ ਅੱਗੇ ਅੰਗਰੇਜ਼ੀ ਵਿੱਚ 'ਠਹਏ' (ਦਿ ਪੰਜਾਬ) ਲੱਗਦਾ ਹੈ। ਜਿਵੇਂ ਪੰਜਾਬ ਦੇ ਦਰਿਆ ਆਪਣੇ ਨਾਲ ਸਭ ਕੁਝ ਵਹਾ ਕੇ ਲੈ ਜਾਂਦੇ ਹਨ, ਬਿਲਕੁਲ ਉਵੇਂ ਹੀ ਵਕਤ ਦੇ ਬਦਲਦੇ ਵਹਾਅ ਨੇ ਇਸ ਧਰਤੀ 'ਤੇ ਹਮਲਾਵਰਾਂ, ਘੁਸਪੈਠੀਆਂ, ਜਮਹੂਰੀਅਤ ਪਸੰਦਾਂ ਤੋਂ ਲੈ ਕੇ ਖਾੜਕੂਆਂ, ਕਾਤਲਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਤੱਕ ਸਭ ਨੂੰ ਆਪਣੇ ਵੇਗ ਵਿੱਚ ਵਹਾ ਲਿਆ, ਸਮੇਂ ਦੀਆਂ ਭੁੱਲਾਂ ਅਤੇ ਗੁਨਾਹਾਂ ਦੀ ਇਹ ਸੂਚੀ ਬਹੁਤ ਲੰਮੀ ਹੈ। ਅੱਜਕੱਲ੍ਹ ਜਦੋਂ ਮੌਨਸੂਨ ਪੂਰੇ ਦੇਸ਼ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਹੈ, ਸਾਡੇ ਦਰਿਆ ਉਫ਼ਾਨ 'ਤੇ ਹਨ। ਚਨਾਬ, ਜਿਸ ਨੂੰ 1947 ਤੋਂ ਬਾਅਦ ਭਾਰਤੀ ਪੰਜਾਬ ਦੀ ਸਰਹੱਦ ਨਾ ਛੂਹਣ ਦੇ ਬਾਵਜੂਦ ਅੱਜ ਵੀ ਪੰਜਾਬੀ ਦਰਿਆ ਕਿਹਾ ਜਾਂਦਾ ਹੈ, ਜਦੋਂ ਪਾਕਿਸਤਾਨੀ ਪੰਜਾਬ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਜੰਮੂ ਖੇਤਰ ਵਿੱਚ ਆਪਣੇ ਬੰਨ੍ਹ ਤੋੜਦਾ ਹੋਇਆ ਗਰਜਦਾ ਹੈ ਤਾਂ ਤੁਸੀਂ ਇਸ ਦੇ ਵਹਾਅ ਨੂੰ ਡੱਕ ਨਹੀਂ ਸਕਦੇ। ਭੂਗੋਲਿਕ ਸਚਾਈਆਂ ਸਿਆਸਤ ਦੀਆਂ ਗੁਲਾਮ ਨਹੀਂ ਹੁੰਦੀਆਂ ਭਾਵੇਂ ਉਹ ਅਪਰੇਸ਼ਨ ਸਿੰਧੂਰ ਤੋਂ ਪਹਿਲਾਂ ਦਾ ਸਮਾਂ ਹੋਵੇ ਜਾਂ ਬਾਅਦ ਦਾ।

ਜੇ ਚਨਾਬ ਦਾ ਜ਼ਿਕਰ ਛਿੜਿਆ ਹੈ ਤਾਂ ਸਤਲੁਜ ਭਲਾ ਕਿਵੇਂ ਪਿੱਛੇ ਰਹਿ ਸਕਦਾ ਹੈ, ਇੱਥੇ ਇਸ਼ਾਰਾ ਦਰਿਆ ਵੱਲ ਨਹੀਂ ਸਗੋਂ ਫ਼ਿਲਮ ਵੱਲ ਹੈ। ਇਸ ਵੇਲੇ ਪੂਰਾ ਪੰਜਾਬ ਇਹ ਫ਼ਿਲਮ ਦੇਖ ਰਿਹਾ ਹੈ, ਕਿਤੇ ਦੇਖੀ ਜਾ ਚੁੱਕੀ ਹੈ ਤੇ ਕਿਤੇ ਦੇਖੀ ਜਾ ਰਹੀ ਹੈ। ਪਿੰਡਾਂ ਦੀਆਂ ਪ੍ਰਬੰਧਕੀ ਕਮੇਟੀਆਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਜਾਂ ਖੁੱਲ੍ਹੇ ਮੈਦਾਨਾਂ ਵਿੱਚ ਵੱਡੇ ਪਰਦੇ ਗੱਡ ਦਿੱਤੇ ਜਾਂਦੇ ਹਨ ਅਤੇ ਸ਼ਾਮ ਢਲਦਿਆਂ ਹੀ ਕੇਂਦਰ ਸਰਕਾਰ ਦੀ ਪਾਬੰਦੀ ਨੂੰ ਛਿੱਕੇ ਟੰਗ ਕੇ ਸ਼ੋਅ ਸ਼ੁਰੂ ਹੋ ਜਾਂਦੇ ਹਨ। ਹੱਦ ਤਾਂ ਇਹ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਦੇਸ਼ ਦੀ ਰਾਜਧਾਨੀ ਦੇ ਐਨ ਦਿਲ ਵਿੱਚ ਇਸ ਦੇ ਸ਼ੋਅ ਕਰਵਾ ਰਹੀ ਹੈ। ਵਿਅੰਗ ਦੀ ਇਹੀ ਤਾਂ ਸਿਖਰ ਹੈ।

ਚੋਣਾਂ ਵਿੱਚ ਮਹਿਜ਼ ਛੇ ਮਹੀਨਿਆਂ ਦਾ ਸਮਾਂ ਬਾਕੀ ਹੋਣ ਕਾਰਨ ਹਰ ਸਿਆਸੀ ਧਿਰ ਸਮੁੱਚੇ ਘਟਨਾਕ੍ਰਮ 'ਤੇ ਬੜੀ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਸਭ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਅਹਿਸਾਸ ਹੈ ਕਿ ਜੇਕਰ ਉਨ੍ਹਾਂ ਨੇ ਸਹੀ ਵਕਤ 'ਤੇ ਸਹੀ ਸ਼ਬਦਾਂ ਦੀ ਚੋਣ ਨਾ ਕੀਤੀ ਤਾਂ ਉਹ ਸੂਬੇ ਵਿੱਚ ਉੱਠੀ ਜਜ਼ਬਾਤ ਦੀ ਇਸ ਪ੍ਰਚੰਡ ਲਹਿਰ ਵਿੱਚ ਤਿਣਕੇ ਵਾਂਗ ਵਹਿ ਜਾਣਗੇ। 'ਦਿ ਟ੍ਰਿਬਿਊਨ' ਵਿੱਚ ਮੇਰੇ ਸਾਰੇ ਸਹਿਕਰਮੀ ਇਹੀ ਆਖਦੇ ਹਨ ਕਿ 'ਉਨ੍ਹਾਂ ਵਰ੍ਹਿਆਂ ਦੌਰਾਨ ਜੋ ਕੁਝ ਵੀ ਵਾਪਰਿਆ, ਉਸ ਬਾਰੇ ਹਰ ਕੋਈ ਸਭ ਕੁਝ ਜਾਣਦਾ ਹੈ।' ਪਰ ਇਸ ਦੇ ਅਸਲ ਮਾਅਨੇ ਕੀ ਹਨ? ਸਤਲੁਜ ਵਿੱਚ ਅਜਿਹਾ ਕੀ ਹੈ ਜਿਸ ਨੇ ਪੰਜਾਬੀਆਂ ਦੇ ਮਨਾਂ ਦੀਆਂ ਤਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ? ਕੀ ਕੇਂਦਰ ਵੱਲੋਂ ਲਾਈ ਗਈ ਪਾਬੰਦੀ ਦਾ ਮਤਲਬ ਇਹ ਹੈ ਕਿ ਅਜੇ ਬਹੁਤ ਜਲਦੀ ਹੈ? ਕੀ ਪੰਜਾਬ ਨੂੰ ਆਪਣੇ ਪੁਰਾਣੇ ਸੰਤਾਪ ਵੱਲ ਮੁੜ ਕੇ ਦੇਖਣ ਲਈ ਅਜੇ ਕੁਝ ਹੋਰ ਦਹਾਕਿਆਂ ਦੀ ਲੋੜ ਹੈ, ਠੀਕ ਉਸੇ ਤਰ੍ਹਾਂ ਜਿਵੇਂ 'ਮੈਂ ਵਾਪਸ ਆਊਂਗਾ' ਨੇ 80 ਸਾਲਾਂ ਬਾਅਦ ਕੀਤਾ ਹੈ? ਅਤੇ ਕੀ ਫਿਲਹਾਲ ਇਸ ਅੰਧਕਾਰ ਨੂੰ ਚੁਣੌਤੀ ਦੇਣਾ ਤਾਂ ਦੂਰ, ਇਸ ਨੂੰ ਨਾ ਛੇੜਨਾ ਹੀ ਬਿਹਤਰ ਹੈ? ਪਰ ਅਖੀਰ ਵਿੱਚ ਸਾਨੂੰ ਇਸ ਕੌੜੀ ਹਕੀਕਤ ਦਾ ਸਾਹਮਣਾ ਵੀ ਕਰਨਾ ਪਵੇਗਾ ਕਿ ਦਿਲਜੀਤ ਦੋਸਾਂਝ ਹੁਣ ਆਪਣੇ ਪਿੰਡ ਨਹੀਂ ਸਗੋਂ 'ਅਮਰੀਕਾ' ਵਿੱਚ ਰਹਿੰਦਾ ਹੈ।

ਅਸਲ ਡਰ ਇਹੀ ਹੈ ਕਿ ਪੰਜਾਬ ਇੱਕ ਵਾਰ ਫਿਰ ਵੰਡਿਆ ਜਾਵੇਗਾ, ਲੋਕ ਧੜਿਆਂ ਵਿੱਚ ਵੰਡ ਜਾਣਗੇ। ਫ਼ਿਲਮ ਦੇ ਇੱਕਪਾਸੜ ਹੋਣ ਦੀ ਨੁਕਤਾਚੀਨੀ ਦਾ ਅਸਲ ਮਤਲਬ ਇਹ ਹੈ ਕਿ ਇਸ ਵਿੱਚ ਸਿਰਫ਼ ਇੱਕੋ ਪੱਖ (ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦਾ ਪੱਖ) ਹੀ ਪਰਦੇ 'ਤੇ ਆ ਸਕਿਆ ਹੈ। ਇਸ ਵਿੱਚ ਇਹ ਨਹੀਂ ਦਿਖਾਇਆ ਗਿਆ ਕਿ ਕਿਵੇਂ ਖਾੜਕੂਆਂ ਨੇ ਬੇਗੁਨਾਹ ਹਿੰਦੂਆਂ ਅਤੇ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ। ਇਹ ਵੀ ਓਹਲੇ ਰਹਿ ਗਿਆ ਕਿ ਕਿਵੇਂ ਪੰਜਾਬ ਪੁਲੀਸ ਦੇ ਜਵਾਨ ਇਸ ਅੱਗ ਦੀ ਭੇਟ ਚੜ੍ਹੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਕੀ-ਕੀ ਸੰਤਾਪ ਹੰਢਾਇਆ। ਨਾ ਹੀ ਇਸ ਵਿੱਚ ਹਿੰਦੂਆਂ ਦੇ ਦਰਦ ਦੀ ਕੋਈ ਦਾਸਤਾਨ ਹੈ ਅਤੇ ਨਾ ਹੀ ਰੱਬ ਦਾ ਭੈਅ ਮੰਨਣ ਵਾਲੇ ਉਨ੍ਹਾਂ ਹਿੰਦੂਆਂ ਤੇ ਸਿੱਖਾਂ ਦਾ ਜ਼ਿਕਰ ਹੈ ਜਿਨ੍ਹਾਂ ਨੇ ਮਿਲ ਕੇ ਇਸ ਦੌਰ ਦਾ ਟਾਕਰਾ ਕੀਤਾ ਸੀ। ਅਤੇ ਸਭ ਤੋਂ ਵੱਡੀ ਗੱਲ, ਇਸ ਵਿੱਚ ਇਹ ਬਿਲਕੁਲ ਨਹੀਂ ਦਿਖਾਇਆ ਗਿਆ ਕਿ ਪੰਜਾਬ ਦੀ ਧਰਤੀ 'ਤੇ ਪਹਿਲਾਂ ਤੋਂ ਸੁਲਘ ਰਹੀ ਇਸ ਚੰਗਿਆੜੀ ਨੂੰ ਹਵਾ ਦੇਣ ਵਿੱਚ ਪਾਕਿਸਤਾਨ ਨੇ ਕੀ ਭੂਮਿਕਾ ਨਿਭਾਈ।

ਹਕੀਕਤ ਇਹ ਹੈ ਕਿ 'ਸਤਲੁਜ' ਨੇ ਜ਼ਖ਼ਮਾਂ ਦੀ ਉੱਪਰਲੀ ਪਰਤ ਨੂੰ ਖੁਰਚ ਕੇ ਉਸ ਦੇ ਹੇਠਾਂ ਦੱਬੇ ਇੱਕ ਕਾਲੇ ਤੇ ਬਦਸੂਰਤ ਦੌਰ ਨੂੰ ਮੁੜ ਸਾਹਮਣੇ ਲਿਆ ਖੜ੍ਹਾ ਕੀਤਾ ਹੈ ਅਤੇ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਲੋਕ ਇਸ ਤਲਖ਼ ਹਕੀਕਤ ਨਾਲ ਕਿਵੇਂ ਲੈਣਗੇ। ਫ਼ਿਲਮ ਵਿੱਚ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਸ ਦੌਰ ਵਿੱਚ 25,000 ਬੇਗੁਨਾਹ ਲੋਕ ਮਾਰੇ ਗਏ ਸਨ। ਦੂਜੇ ਪਾਸੇ ਸੁਰੱਖਿਆ ਮਾਹਿਰ ਅਤੇ ਪੰਜਾਬ ਦੇ ਸਾਬਕਾ ਡੀ ਜੀ ਪੀ, ਕੇ ਪੀ ਐੱਸ ਗਿੱਲ ਦੇ ਰਿਸ਼ਤੇਦਾਰ ਅਜੈ ਸਾਹਨੀ ਨੇ 2019 ਵਿੱਚ 'ਦਿ ਟ੍ਰਿਬਿਊਨ' ਵਿੱਚ ਲਿਖਦਿਆਂ ਦੱਸਿਆ ਸੀ ਕਿ 1981 ਤੋਂ 1995 ਦੇ ਦਰਮਿਆਨ ਜਿਸ ਸਾਲ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਜਸਵੰਤ ਸਿੰਘ ਖਾਲੜਾ ਦੋਵੇਂ ਮਾਰੇ ਗਏ ਸਨ, ਖਾੜਕੂਆਂ ਹੱਥੋਂ 11,696 ਆਮ ਨਾਗਰਿਕ ਅਤੇ ਸੁਰੱਖਿਆ ਬਲਾਂ ਦੇ 1,746 ਜਵਾਨ (ਜਿਨ੍ਹਾਂ ਵਿੱਚੋਂ 1,415 ਪੰਜਾਬ ਪੁਲੀਸ ਦੇ ਜਵਾਨ ਸਨ) ਮਾਰੇ ਗਏ, ਜਦੋਂ ਕਿ ਪੁਲੀਸ ਹੱਥੋਂ 8,090 ਖਾੜਕੂ ਮਾਰੇ ਗਏ। ਇਹ ਕੁੱਲ ਮਿਲਾ ਕੇ ਗਿਣਤੀ 21,532 ਬਣਦੀ ਹੈ।

ਇਸੇ ਦੌਰਾਨ ਸੋਸ਼ਲ ਮੀਡੀਆ 'ਤੇ ਬਹਿਸ ਅਤੇ ਤੋਹਮਤਬਾਜ਼ੀ ਦਾ ਇੱਕ ਵੱਡਾ ਤੂਫ਼ਾਨ ਉੱਠਿਆ ਹੋਇਆ ਹੈ, ਜਿਸ ਵਿੱਚ ਸ਼ੋਰ-ਸ਼ਰਾਬਾ ਜ਼ਿਆਦਾ ਹੈ। ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਦਾ 'ਐਕਸ' ਹੈਂਡਲ ਉਸ ਦੌਰ ਦੀਆਂ ਅਜਿਹੀਆਂ ਸਿਆਹ-ਚਿੱਟੀਆਂ ਵੀਡੀਓਜ਼ ਨਾਲ ਭਰਿਆ ਪਿਆ ਹੈ, ਜਿਨ੍ਹਾਂ ਵਿੱਚ ਮਾਰੇ ਗਏ ਮੋਨੇ ਵਿਅਕਤੀਆਂ ਦੀਆਂ ਲਾਸ਼ਾਂ ਦਿਖਾਈਆਂ ਗਈਆਂ ਹਨ ਅਤੇ ਇਨ੍ਹਾਂ ਵਿੱਚੋਂ ਕਿਸੇ ਵੀ ਮ੍ਰਿਤਕ ਦਾ ਚਿਹਰਾ ਢੱਕਿਆ ਹੋਇਆ ਨਹੀਂ ਹੈ। ਇੱਥੇ ਇਹ ਜਾਇਜ਼ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਇਨ੍ਹਾਂ ਵੀਡੀਓਜ਼ ਨੂੰ ਐਨ ਇਸੇ ਵਕਤ ਕਿਉਂ ਕੁਰੇਦ ਕੇ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਸੋਸ਼ਲ ਮੀਡੀਆ ਦੇ ਸਖ਼ਤ ਸੈਂਸਰ ਨਿਯਮਾਂ ਦੇ ਬਾਵਜੂਦ ਇਨ੍ਹਾਂ ਨੂੰ ਨਸ਼ਰ ਹੋਣ ਦੀ ਇਜਾਜ਼ਤ ਕਿਵੇਂ ਮਿਲ ਰਹੀ ਹੈ? ਪਰ ਜਿਵੇਂ ਬਿੱਟੂ ਨੇ ਮੇਰੀ ਸਹਿਕਰਮੀ ਸ਼ਿਵਾਨੀ ਭਾਕੂ ਨੂੰ ਦੱਸਿਆ ਕਿ ਭਾਜਪਾ ਨੇ ਇਸ ਫ਼ਿਲਮ 'ਤੇ ਕੋਈ ਪਾਬੰਦੀ ਨਹੀਂ ਲਾਈ ਹੈ। ਸ਼ਾਇਦ ਉਨ੍ਹਾਂ ਦੀ ਨਜ਼ਰ ਅਜੇ ਤੱਕ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਉਸ ਹੁਕਮ 'ਤੇ ਨਹੀਂ ਪਈ।

ਇਸੇ ਹਫ਼ਤੇ ਦੇ ਸ਼ੁਰੂ ਵਿੱਚ ਇਸੇ ਅਖ਼ਬਾਰ ਦੇ ਇੱਕ ਸੰਪਾਦਕੀ ਵਿੱਚ ਲਿਖਿਆ ਗਿਆ ਸੀ 'ਪ੍ਰਗਟਾਵੇ ਦੀ ਆਜ਼ਾਦੀ ?'। ਉਸ ਸੰਪਾਦਕੀ ਵਿੱਚ ਇਹ ਦਲੀਲ ਦਿੱਤੀ ਗਈ ਸੀ ਕਿ ਪੰਜਾਬ ਦੇ ਇਸ ਸਾਂਝੇ ਸੰਤਾਪ ਅਤੇ ਮਾਨਸਿਕ ਪੀੜਾ ਦਾ ਨਿਬੇੜਾ ਕੇਵਲ ਉਦੋਂ ਹੀ ਸੰਭਵ ਹੈ, ਜੇਕਰ ਵੱਧ ਤੋਂ ਵੱਧ ਲੇਖਕ, ਫ਼ਿਲਮਸਾਜ਼, ਮੀਡੀਆ ਯਾਨੀ ਕਿ ਸਭ ਲੋਕ ਇਸ ਗੱਲ 'ਤੇ ਖੁੱਲ੍ਹ ਕੇ ਚਰਚਾ ਕਰਨ ਕਿ ਉਸ ਦੌਰ ਵਿੱਚ ਕੀ ਵਾਪਰਿਆ ਸੀ, ਕਿਵੇਂ ਵਾਪਰਿਆ ਸੀ ਅਤੇ ਸ਼ਾਇਦ ਇਹ ਵੀ ਕਿ ਕਿਉਂ ਵਾਪਰਿਆ ਸੀ। ਪਰ ਸ਼ਰਤ ਇਹ ਹੈ ਕਿ ਲੋਕਾਂ ਦੇ ਇਸ ਗ਼ੁਬਾਰ ਨੂੰ ਕੱਢਣ ਲਈ ਸਾਂਝੇ ਰੂਪ ਵਿੱਚ ਦੁੱਖ ਸਾਂਝਾ ਕਰਨ ਦੀ ਲੋੜ ਹੁੰਦੀ ਹੈ, ਇੱਕ-ਦੂਜੇ ਵੱਲ ਉਂਗਲ ਉਠਾਉਣ, ਮਿਹਣੋ-ਮਿਹਣੀ ਹੋਣ ਜਾਂ ਦੋਸ਼ ਮੜ੍ਹਨ ਦੀ ਨਹੀਂ। ਸੱਤਾ ਵਿੱਚ ਰਹਿਣ ਦੇ ਬਾਵਜੂਦ ਨਾ ਤਾਂ ਕਾਂਗਰਸ ਨਾ ਅਕਾਲੀ ਦਲ ਅਤੇ ਨਾ ਹੀ ਭਾਜਪਾ (ਜਦੋਂ ਉਹ ਅਕਾਲੀ ਦਲ ਨਾਲ ਗੱਠਜੋੜ ਵਿੱਚ ਸੀ) ਨੇ ਪਿਛਲੇ ਵਰ੍ਹਿਆਂ ਦੌਰਾਨ ਇਸ ਦਿਸ਼ਾ ਵਿੱਚ ਕੋਈ ਸਾਰਥਿਕ ਕਦਮ ਚੁੱਕਿਆ ਹੈ।

ਫ਼ਿਲਮ 'ਮੈਂ ਵਾਪਸ ਆਊਂਗਾ' ਨੂੰ ਦੇਖਣ ਦੇ ਕਾਬਲ ਹੋਣ ਲਈ ਸਾਨੂੰ 80 ਸਾਲ ਦਾ ਲੰਮਾ ਸਮਾਂ ਲੱਗ ਗਿਆ ਅਤੇ ਇਸ ਦੌਰਾਨ ਇੱਕ ਪੂਰੀ ਪੀੜ੍ਹੀ ਸਦੀਵੀ ਅਲਵਿਦਾ ਕਹਿ ਗਈ ਪਰ ਇਹ ਫ਼ਿਲਮ ਅੱਜ ਵੀ ਅੱਖਾਂ ਨਮ ਕਰ ਦਿੰਦੀ ਹੈ। ਪੰਜਾਬ ਵਿੱਚੋਂ ਖਾੜਕੂਵਾਦ ਦੇ ਦੌਰ ਨੂੰ ਖ਼ਤਮ ਹੋਇਆਂ ਵੀ ਤਕਰੀਬਨ 30 ਵਰ੍ਹੇ ਹੋ ਚੁੱਕੇ ਹਨ, ਆਓ, ਅੱਜ ਆਪਣੇ ਉਸ ਸਿਆਹ ਕਾਲੇ ਅਤੀਤ ਨੂੰ ਭੁਲਾਉਣ ਜਾਂ ਉਸ ਤੋਂ ਇਨਕਾਰ ਕਰਨ ਦੀ ਬਜਾਏ, ਚੇਤਿਆਂ ਦੇ ਰੂਬਰੂ ਹੋਣ ਅਤੇ ਜ਼ਖ਼ਮਾਂ ਨੂੰ ਭਰਨ ਵੱਲ ਪਹਿਲਾ ਕਦਮ ਵਧਾਈਏ। ਇਸ ਦਾ ਵੇਲਾ ਆ ਗਿਆ ਹੈ।




# ਦਿੱਲੀ ਦੇ ਲਾਈਵ ਸ਼ੋਅ ਦੌਰਾਨ ਜੈਸਮੀਨ ਸੈਂਡਲਾਸ ਨੇ ਦਿੱਤਾ ਵੱਡਾ ਸਰਪ੍ਰਾਈਜ਼, ਮੰਗੇਤਰ ਨਾਲ ਸਟੇਜ 'ਤੇ ਕਰਵਾਈ ਪਹਿਲੀ ਅਧਿਕਾਰਕ ਮੁਲਾਕਾਤ



ਪੰਜਾਬੀ ਅਤੇ ਬਾਲੀਵੁੱਡ ਸੰਗੀਤ ਜਗਤ ਦੀ ਮਸ਼ਹੂਰ ਗਾਇਕਾ ਜੈਸਮੀਨ ਸੈਂਡਲਾਸ ਨੇ ਆਪਣੇ ਪ੍ਰਸ਼ੰਸਕਾਂ ਨੂੰ ਉਸ ਵੇਲੇ ਭਾਵੁਕ ਅਤੇ ਖੁਸ਼ ਕਰ ਦਿੱਤਾ, ਜਦੋਂ ਉਨ੍ਹਾਂ ਨੇ ਦਿੱਲੀ ਵਿੱਚ ਹੋਏ ਆਪਣੇ ਲਾਈਵ ਕੰਸਰਟ ਦੌਰਾਨ ਮੰਗਣੀ ਦਾ ਅਧਿਕਾਰਕ ਐਲਾਨ ਕਰ ਦਿੱਤਾ। ਆਪਣੇ 'ਦਿ ਡ੍ਰੀਮ ਗਰਲ ਇੰਡੀਆ ਟੂਰ' ਦੀ ਸ਼ੁਰੂਆਤ ਮੌਕੇ ਜੈਸਮੀਨ ਨੇ ਸਟੇਜ ਤੋਂ ਨਾ ਸਿਰਫ਼ ਆਪਣੀ ਮੰਗਣੀ ਦੀ ਅੰਗੂਠੀ ਦਿਖਾਈ, ਸਗੋਂ ਆਪਣੇ ਮੰਗੇਤਰ ਸ਼ੇਖਰ ਚੌਧਰੀ ਨੂੰ ਵੀ ਹਜ਼ਾਰਾਂ ਦਰਸ਼ਕਾਂ ਦੇ ਸਾਹਮਣੇ ਪਹਿਲੀ ਵਾਰ ਸਟੇਜ 'ਤੇ ਸੱਦ ਕੇ ਸਭ ਨਾਲ ਜਾਣ-ਪਛਾਣ ਕਰਵਾਈ।ਦਿੱਲੀ ਦੇ ਯਸ਼ੋਭੂਮੀ ਕਨਵੈਨਸ਼ਨ ਸੈਂਟਰ ਵਿੱਚ ਸ਼ਨੀਵਾਰ ਰਾਤ ਹੋਏ ਇਸ ਸ਼ਾਨਦਾਰ ਸੰਗੀਤ ਸਮਾਰੋਹ ਦੌਰਾਨ ਜੈਸਮੀਨ ਸੈਂਡਲਾਸ ਕਾਫ਼ੀ ਭਾਵੁਕ ਨਜ਼ਰ ਆਈ। ਜਿਵੇਂ ਹੀ ਸ਼ੇਖਰ ਚੌਧਰੀ ਸਟੇਜ 'ਤੇ ਪਹੁੰਚੇ, ਗਾਇਕਾ ਨੇ ਉਨ੍ਹਾਂ ਦਾ ਹੱਥ ਫੜ ਕੇ ਦਰਸ਼ਕਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਹ ਉਹ ਇਨਸਾਨ ਹੈ ਜਿਸ ਨੇ ਮੈਨੂੰ ਅੰਗੂਠੀ ਪਹਿਨਾਈ ਹੈ... ਇਹ ਮੇਰਾ ਹਮਸਫ਼ਰ ਹੈ।" ਉਨ੍ਹਾਂ ਦੇ ਇਹ ਸ਼ਬਦ ਸੁਣਦੇ ਹੀ ਪੂਰਾ ਹਾਲ ਤਾੜੀਆਂ ਅਤੇ ਖੁਸ਼ੀ ਦੇ ਨਾਅਰਿਆਂ ਨਾਲ ਗੂੰਜ ਉੱਠਿਆ।ਸੋਸ਼ਲ ਮੀਡੀਆ 'ਤੇ ਇਸ ਖ਼ਾਸ ਪਲ ਦੀਆਂ ਵੀਡੀਓਜ਼ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਵੀਡੀਓ ਵਿੱਚ ਜੈਸਮੀਨ ਅਤੇ ਸ਼ੇਖਰ ਇੱਕ-ਦੂਜੇ ਨੂੰ ਗਲੇ ਮਿਲਦੇ ਨਜ਼ਰ ਆ ਰਹੇ ਹਨ। ਇਸ ਤੋਂ ਬਾਅਦ ਦੋਵਾਂ ਨੇ ਸਟੇਜ 'ਤੇ ਜੈਸਮੀਨ ਦੇ ਪ੍ਰਸਿੱਧ ਗੀਤ 'ਲਾਵਾਂ' 'ਤੇ ਰੋਮਾਂਟਿਕ ਡਾਂਸ ਵੀ ਕੀਤਾ। ਪ੍ਰਸ਼ੰਸਕਾਂ ਨੇ ਇਸ ਪਲ ਦਾ ਖੜ੍ਹੇ ਹੋ ਕੇ ਸਵਾਗਤ ਕੀਤਾ ਅਤੇ ਲਗਾਤਾਰ ਤਾੜੀਆਂ ਨਾਲ ਦੋਵਾਂ ਨੂੰ ਵਧਾਈ ਦਿੱਤੀ।ਕੰਸਰਟ ਦੇ ਅੰਤ ਵਿੱਚ ਜਦੋਂ ਸ਼ੇਖਰ ਚੌਧਰੀ ਸਟੇਜ ਤੋਂ ਹੇਠਾਂ ਉਤਰੇ ਤਾਂ ਉਨ੍ਹਾਂ ਨੇ ਜੈਸਮੀਨ ਵੱਲ ਫਲਾਇੰਗ ਕਿਸ ਭੇਜੀ। ਇਹ ਪਲ ਗਾਇਕਾ ਲਈ ਇੰਨਾ ਭਾਵੁਕ ਸੀ ਕਿ ਉਹ ਆਪਣੇ ਹੰਝੂ ਨਹੀਂ ਰੋਕ ਸਕੀ। ਦਰਸ਼ਕਾਂ ਨੇ ਵੀ ਇਸ ਖੂਬਸੂਰਤ ਪਲ ਨੂੰ ਆਪਣੇ ਮੋਬਾਈਲ ਕੈਮਰਿਆਂ ਵਿੱਚ ਕੈਦ ਕਰ ਲਿਆ, ਜਿਸ ਕਾਰਨ ਇਹ ਵੀਡੀਓਜ਼ ਹੁਣ ਇੰਟਰਨੈੱਟ 'ਤੇ ਖੂਬ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ।ਆਪਣੇ ਸੰਗੀਤਕ ਪ੍ਰੋਗਰਾਮ ਦੌਰਾਨ ਜੈਸਮੀਨ ਸੈਂਡਲਾਸ ਨੇ ਆਪਣੀ ਖ਼ਾਸ ਸਟੇਜ ਮੌਜੂਦਗੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਲਿਆ। ਸੁਨਹਿਰੀ ਰੰਗ ਦੇ ਖੂਬਸੂਰਤ ਲਹਿੰਗੇ ਅਤੇ ਭਾਰੀ ਗਹਿਣਿਆਂ ਵਿੱਚ ਸਜੀ ਜੈਸਮੀਨ ਨੇ ਆਪਣੇ ਕਈ ਸੁਪਰਹਿੱਟ ਗੀਤ ਪੇਸ਼ ਕੀਤੇ। 'ਤਰਸ', 'ਇਲੀਗਲ ਵੈਪਨ', 'ਪੰਜੇਬਾਂ' ਅਤੇ 'ਸਿਪ ਸਿਪ' ਵਰਗੇ ਪ੍ਰਸਿੱਧ ਗੀਤਾਂ 'ਤੇ ਦਿੱਲੀ ਦੇ ਦਰਸ਼ਕ ਲੰਮੇ ਸਮੇਂ ਤੱਕ ਝੂਮਦੇ ਰਹੇ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੀ ਚਰਚਿਤ ਐਲਬਮ 'ਧੁਰੰਧਰ' ਦੇ ਗੀਤ 'ਸ਼ਰਾਰਤ' ਅਤੇ 'ਜਾਈਏ ਸੱਜਣਾ' ਵੀ ਗਾ ਕੇ ਸਮਾਗਮ ਨੂੰ ਹੋਰ ਯਾਦਗਾਰ ਬਣਾ ਦਿੱਤਾ।ਦਿੱਲੀ ਵਿੱਚ ਸਫ਼ਲ ਸ਼ੁਰੂਆਤ ਤੋਂ ਬਾਅਦ ਜੈਸਮੀਨ ਸੈਂਡਲਾਸ ਹੁਣ ਆਪਣੇ ਟੂਰ ਦੇ ਅਗਲੇ ਪੜਾਅ ਲਈ ਤਿਆਰ ਹੈ। ਉਨ੍ਹਾਂ ਦਾ ਅਗਲਾ ਲਾਈਵ ਸ਼ੋਅ 18 ਜੁਲਾਈ ਨੂੰ ਮੁੰਬਈ, 25 ਜੁਲਾਈ ਨੂੰ ਬੈਂਗਲੁਰੂ ਅਤੇ 29 ਅਗਸਤ ਨੂੰ ਚੰਡੀਗੜ੍ਹ ਵਿੱਚ ਹੋਵੇਗਾ, ਜਿੱਥੇ ਪ੍ਰਸ਼ੰਸਕ ਇੱਕ ਵਾਰ ਫਿਰ ਉਨ੍ਹਾਂ ਦੀ ਲਾਈਵ ਪਰਫਾਰਮੈਂਸ ਦਾ ਆਨੰਦ ਲੈ ਸਕਣਗੇ।ਜਲੰਧਰ ਵਿੱਚ ਜਨਮੀ ਅਤੇ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸਟਾਕਟਨ ਵਿੱਚ ਪਲੀ-ਵਧੀ ਜੈਸਮੀਨ ਸੈਂਡਲਾਸ ਨੇ ਸਾਲ 2007 ਵਿੱਚ ਆਪਣੇ ਗੀਤ 'ਮੁਸਕਾਨ' ਨਾਲ ਸੰਗੀਤਕ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਬਾਲੀਵੁੱਡ ਵਿੱਚ ਉਨ੍ਹਾਂ ਨੂੰ ਵੱਡੀ ਪਛਾਣ ਸਲਮਾਨ ਖ਼ਾਨ ਦੀ ਫ਼ਿਲਮ 'ਕਿੱਕ' ਦੇ ਹਿੱਟ ਗੀਤ 'ਯਾਰ ਨਾ ਮਿਲੇ' ਨਾਲ ਮਿਲੀ। ਇਸ ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਅਤੇ ਹਿੰਦੀ ਸੰਗੀਤ ਜਗਤ ਵਿੱਚ ਲਗਾਤਾਰ ਕਈ ਹਿੱਟ ਗੀਤ ਦਿੱਤੇ। ਹਾਲੀਆ ਸਾਲਾਂ ਵਿੱਚ ਵੀ 'ਤਰਸ', 'ਮੈਂ ਔਰ ਤੂ', 'ਜਾਈਏ ਸੱਜਣਾ' ਅਤੇ 'ਧੁਰੰਧਰ: ਦਿ ਰਿਵੇਂਜ' ਵਰਗੇ ਗੀਤਾਂ ਰਾਹੀਂ ਉਨ੍ਹਾਂ ਨੇ ਆਪਣੀ ਲੋਕਪ੍ਰਿਯਤਾ ਨੂੰ ਕਾਇਮ ਰੱਖਿਆ ਹੈ।ਜੈਸਮੀਨ ਸੈਂਡਲਾਸ ਦੀ ਮੰਗਣੀ ਦੇ ਐਲਾਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕਾਂ, ਕਲਾਕਾਰਾਂ ਅਤੇ ਸੰਗੀਤ ਜਗਤ ਨਾਲ ਜੁੜੀਆਂ ਕਈ ਸ਼ਖ਼ਸੀਅਤਾਂ ਵੱਲੋਂ ਨਵੀਂ ਜੋੜੀ ਨੂੰ ਲਗਾਤਾਰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੇ ਇਸ ਖ਼ਾਸ ਪਲ ਨੇ ਪ੍ਰਸ਼ੰਸਕਾਂ ਲਈ ਦਿੱਲੀ ਦਾ ਇਹ ਕੰਸਰਟ ਹੋਰ ਵੀ ਯਾਦਗਾਰ ਬਣਾ ਦਿੱਤਾ।

FIXMAN GLASS REPAIR LTD
Fixman Glass
Auto Glass Supplie Ltd.
Windshield Repair & Replacement
We do ICBC and Private Claims on Cars, Vans, SUV, Trucks & Taxis and Offer Mobile Service
ਹਰ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ
Mandeep Dhaliwal
Email:Fixmanglass@gmail.com www.fixmanglass.com
Surrey Location
Unit 301-14640-64 Ave.
604-657-0003
Langley Location
#102 5968 205A Street
778-258-3000




# ਇਨਸਾਨੀ ਹੱਕਾਂ ਦਾ ਧਾਰਨੀ – ਜਸਵੰਤ ਸਿੰਘ ਖਾਲੜਾ

ਮਨੁੱਖੀ ਹੱਕਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਆਪਣੇ ਆਪ ਵਿੱਚ ਇੱਕ ਮਨੁੱਖਤਾਵਾਦੀ ਸੋਚ ਦੇ ਧਾਰਨੀ ਸਨ। ਆਪਣੀ ਹੋਸ਼ ਸੰਭਾਲਦਿਆਂ ਹੀ ਉਨ੍ਹਾਂ ਨੇ ਸਮਾਜ ਲਈ ਕੁਝ ਕਰਨ ਦਾ ਪ੍ਰਣ ਕਰ ਲਿਆ ਸੀ। ਉਹ ਪੰਜਾਬ ਅੰਦਰ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਦੀ ਪੈਰਵੀ ਕਰਨ ਵਾਲੀ ਇੱਕ ਵਿਲੱਖਣ ਸੋਚ ਦੇ ਮਾਲਕ ਸਨ। ਜਦੋਂ ਉਨ੍ਹਾਂ ਨੇ ਤਰਨ ਤਾਰਨ ਤੋਂ ਇੱਕ ਖ਼ਬਰ ਪੜ੍ਹੀ ਕਿ ਨਗਰ ਕੌਂਸਲ ਵੱਲੋਂ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਉੱਤੇ ਲੋੜ ਨਾਲੋਂ ਵੱਧ ਪੈਸਾ ਖ਼ਰਚ ਕੀਤਾ ਗਿਆ ਹੈ ਤਾਂ ਉਨ੍ਹਾਂ ਨੇ ਇਸ ਮੁੱਦੇ ਨੂੰ ਬੇਹੱਦ ਗੰਭੀਰਤਾ ਨਾਲ ਲਿਆ। ਉਨ੍ਹਾਂ ਨੇ ਤਰਨ ਤਾਰਨ, ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰਨਾਂ ਸ਼ਮਸ਼ਾਨਘਾਟਾਂ ਤੋਂ ਜਾਣਕਾਰੀ ਇਕੱਤਰ ਕਰਕੇ ਇਹ ਸਿੱਟਾ ਕੱਢਿਆ ਕਿ ਸੂਬੇ ਅੰਦਰ ਲਗਪਗ 25,000 ਨੌਜਵਾਨਾਂ ਨੂੰ ਕਥਿਤ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਕਹਿ ਕੇ ਸਾੜ ਦਿੱਤਾ ਗਿਆ ਹੈ। ਉਹ ਸ਼ਰੇਆਮ ਆਖਦੇ ਸਨ ਕਿ ਇਹ ਮੁਕਾਬਲੇ ਪੂਰੀ ਤਰ੍ਹਾਂ ਝੂਠੇ ਸਨ। ਉਨ੍ਹਾਂ ਨੇ ਇਸ ਮਾਮਲੇ ਨੂੰ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਜਾ ਕੇ ਕੌਮਾਂਤਰੀ ਪੱਧਰ ’ਤੇ ਲੋਕਾਂ ਸਾਹਮਣੇ ਰੱਖਿਆ।

ਉਨ੍ਹਾਂ ਨੇ ਉਸ ਵੇਲੇ ਦੇ ਡੀ ਜੀ ਪੀ, ਕੇ ਪੀ ਐੱਸ ਗਿੱਲ ਨੂੰ ਸ਼ਰੇਆਮ ਵੰਗਾਰਿਆ ਸੀ ਕਿ ਉਹ ਝੂਠੇ ਪੁਲੀਸ ਮੁਕਾਬਲਿਆਂ ਅਤੇ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਵਿੱਚ ਕਿਸੇ ਵੀ ਮੰਚ ’ਤੇ ਬਹਿਸ ਕਰਨ ਲਈ ਤਿਆਰ ਹਨ ਪਰ ਇਹ ਗੱਲ ਉਸ ਸਮੇਂ ਦੇ ਪ੍ਰਬੰਧਕੀ ਢਾਂਚੇ ਨੂੰ ਮਨਜ਼ੂਰ ਨਹੀਂ ਸੀ। ਆਖ਼ਰਕਾਰ 6 ਸਤੰਬਰ 1995 ਨੂੰ ਉਨ੍ਹਾਂ ਨੂੰ ਅੰਮ੍ਰਿਤਸਰ ਦੀ ਕਬੀਰ ਪਾਰਕ ਸਥਿਤ ਰਿਹਾਇਸ਼ ਤੋਂ ਅਗਵਾ ਕਰ ਲਿਆ ਗਿਆ। ਅੰਨ੍ਹੇ ਤਸ਼ੱਦਦ ਤੋਂ ਬਾਅਦ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਲਾਸ਼ ਹਰੀਕੇ ਪੱਤਣ ਦਰਿਆ ਵਿੱਚ ਰੋੜ੍ਹ ਦਿੱਤੀ ਗਈ।

ਜਸਵੰਤ ਸਿੰਘ ਖਾਲੜਾ ਦੇ ਰਿਸ਼ਤੇਦਾਰ ਅਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲੀ ਅਨੁਸਾਰ, ਇਹ ਸਾਰੇ ਤੱਥ ਉਸ ਮੌਕੇ ਥਾਣਾ ਝਬਾਲ ਦੇ ਮੁਖੀ ਸਤਨਾਮ ਸਿੰਘ ਦੇ ਗੰਨਮੈਨ (ਪੰਜਾਬ ਹੋਮ ਗਾਰਡ ਦੇ ਜਵਾਨ) ਕੁਲਦੀਪ ਸਿੰਘ ਬਚੜੇ ਨੇ ਅਦਾਲਤ ਵਿੱਚ ਦਿੱਤੀ ਗਵਾਹੀ ਦੌਰਾਨ ਨੋਟ ਕਰਵਾਏ ਸਨ। ਗਵਾਹੀ ਮੁਤਾਬਿਕ ਖਾਲੜਾ ਨੂੰ ਉਸ ਵੇਲੇ ਦੇ ਐੱਸ ਐੱਸ ਪੀ ਅਜੀਤ ਸਿੰਘ ਸੰਧੂ ਦੀ ਮਾਨਾਵਾਲਾ ਸਥਿਤ ਕੋਠੀ ਵਿੱਚ ਡੀ ਜੀ ਪੀ, ਕੇ ਪੀ ਐੱਸ ਗਿੱਲ ਸਾਹਮਣੇ ਪੇਸ਼ ਕੀਤਾ ਗਿਆ ਸੀ। ਗਿੱਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਜੇਕਰ ਉਹ ਪੁਲੀਸ ਨੂੰ ਵੰਗਾਰਨਾ ਬੰਦ ਕਰ ਦੇਣ ਅਤੇ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਵਿੱਚ ਆਪਣਾ ਸਟੈਂਡ ਬਦਲ ਲੈਣ ਤਾਂ ਉਨ੍ਹਾਂ ਦੀ ਜਾਨ ਬਖ਼ਸ਼ੀ ਜਾ ਸਕਦੀ ਹੈ ਪਰ ਉਨ੍ਹਾਂ ਨੇ ਮੁਆਫ਼ੀ ਮੰਗਣ ਦੀ ਬਜਾਏ ਸ਼ਹਾਦਤ ਦਾ ਰਾਹ ਚੁਣਿਆ। ਕੁਲਦੀਪ ਸਿੰਘ ਬਚੜੇ ਨੇ ਵਿਸਥਾਰ ਸਹਿਤ ਦੱਸਿਆ ਕਿ ਉਸ ਵੇਲੇ ਦੇ ਜ਼ਿਲ੍ਹਾ ਪੁਲੀਸ ਅਧਿਕਾਰੀਆਂ ਨੇ ਵੀ ਜਸਵੰਤ ਸਿੰਘ ਖਾਲੜਾ ਨੂੰ ਪੁਲੀਸ ਮੁਖੀ ਕੇ ਪੀ ਐੱਸ ਗਿੱਲ ਤੋਂ ਮੁਆਫ਼ੀ ਨਾ ਮੰਗਣ ਦੀ ਸੂਰਤ ਵਿੱਚ ਭਿਆਨਕ ਨਤੀਜੇ ਭੁਗਤਣ ਦੀ ਚੇਤਾਵਨੀ ਦਿੱਤੀ ਸੀ। ਇੱਕ ਵਾਰ ਜਦੋਂ ਇਸ ਪੱਤਰਕਾਰ ਦੀ ਤਰਨ ਤਾਰਨ ਵਿਖੇ ਜਸਵੰਤ ਸਿੰਘ ਖਾਲੜਾ ਨਾਲ ਮੁਲਾਕਾਤ ਹੋਈ ਤਾਂ ਪੱਤਰਕਾਰ ਨੇ ਉਨ੍ਹਾਂ ਨੂੰ ਪੁਲੀਸ ਨਾਲ ਸਿੱਧਾ ਮੱਥਾ ਲਾਉਣ ਦੀ ਬਜਾਏ ਚੁੱਪ ਰਹਿਣ ਦੀ ਸਲਾਹ ਦਿੱਤੀ। ਪੱਤਰਕਾਰ ਨੇ ਉਸ ਵੇਲੇ ਦੇ ਐੱਸ ਐੱਸ ਪੀ ਅਜੀਤ ਸਿੰਘ ਸੰਧੂ ਦੇ ਹੰਕਾਰੇ ਬੋਲਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਕਹਿੰਦਾ ਹੈ, ‘ਅੜੇ ਸੋ ਝੜੇ, ਸ਼ਰਨ ਪਰੇ ਸੋ ਤਰੇ’।



ਇਸ ਦੇ ਜਵਾਬ ਵਿੱਚ ਜਸਵੰਤ ਸਿੰਘ ਖਾਲੜਾ ਨੇ ਦ੍ਰਿੜ੍ਹਤਾ ਨਾਲ ਕਿਹਾ ਸੀ “ਤੁਸੀਂ ਐੱਸ ਐੱਸ ਪੀ ਨੂੰ ਮੇਰਾ ਇਹ ਸੁਨੇਹਾ ਦੇ ਦੇਣਾ ਕਿ ਅਸੀਂ ਉਸ ਗੁਰੂ ਦੇ ਸਿੱਖ ਹਾਂ ਜੋ ਕਹਿੰਦਾ ਹੈ ‘ਜੋ ਸਰਨਿ ਆਵੈ ਤਿਸੁ ਕੰਠਿ ਲਾਵੈ’।” ਖਾਲੜਾ ਪੁਲੀਸ ਅੱਗੇ ਕਿਸੇ ਵੀ ਕੀਮਤ ’ਤੇ ਝੁਕਣ ਲਈ ਤਿਆਰ ਨਹੀਂ ਸਨ ਅਤੇ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਆਪਣੀ ਕੁਰਬਾਨੀ ਦੇਣ ਲਈ ਪੂਰੀ ਤਰ੍ਹਾਂ ਤਿਆਰ ਸਨ। ਉਨ੍ਹਾਂ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮਹਿਜ਼ 42 ਸਾਲ ਦੀ ਉਮਰ ਤੱਕ ਕੌਮ ਲਈ ਕੀਤੇ ਸਰਬੰਸਦਾਨ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਜੇਕਰ ਅਸੀਂ ਉਨ੍ਹਾਂ ਦੇ ਸੱਚੇ ਸਿੱਖ ਹਾਂ ਤਾਂ ਸਾਨੂੰ ਵੀ ਹੱਕ-ਸੱਚ ਲਈ ਛੋਟੀ ਉਮਰੇ ਕੁਰਬਾਨੀ ਦੇਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਜਸਵੰਤ ਸਿੰਘ ਖਾਲੜਾ ਕੁਝ ਸਮਾਂ ‘ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)’ ਵਿੱਚ ਵੀ ਸਰਗਰਮ ਰਹੇ ਪਰ ਉਨ੍ਹਾਂ ਦਾ ਮੁੱਖ ਨਿਸ਼ਾਨਾ ਆਪਣੀ ਜ਼ਿੰਦਗੀ ਮਨੁੱਖਤਾ ਦੇ ਲੇਖੇ ਲਾਉਣਾ ਹੀ ਸੀ।

ਮਨੁੱਖੀ ਹੱਕਾਂ ਦੇ ਇਸ ਰਾਖੇ ਦੇ ਕਾਤਲਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਵਿੱਚ ਹੋਮਗਾਰਡ ਦੇ ਜਵਾਨ ਕੁਲਦੀਪ ਸਿੰਘ ਬਚੜੇ ਨੇ ਇਤਿਹਾਸਕ ਭੂਮਿਕਾ ਨਿਭਾਈ। ਕੁਲਦੀਪ ਸਿੰਘ, ਜਸਵੰਤ ਸਿੰਘ ਖਾਲੜਾ ਨੂੰ ਸ਼ਹੀਦ ਕੀਤੇ ਜਾਣ ਦੇ ਅੰਨ੍ਹੇ ਕਾਰੇ ਦਾ ਚਸ਼ਮਦੀਦ ਗਵਾਹ ਸੀ। ਉਹ ਇਸ ਘਿਣਾਉਣੇ ਕਾਂਡ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਥਾਣਾ ਝਬਾਲ ਦੇ ਤਤਕਾਲੀ ਮੁਖੀ ਸਤਨਾਮ ਸਿੰਘ ਦਾ ਗੰਨਮੈਨ ਸੀ।

ਉਸ ਨੇ ਹੀ ਅਦਾਲਤ ਵਿੱਚ ਖ਼ੁਲਾਸਾ ਕੀਤਾ ਸੀ ਕਿ ਖਾਲੜਾ ਨੂੰ ਕਤਲ ਕਰਨ ਤੋਂ ਬਾਅਦ ਉਨ੍ਹਾਂ ਦੀ ਮ੍ਰਿਤਕ ਦੇਹ ਹਰੀਕੇ ਦਰਿਆ ਵਿੱਚ ਸੁੱਟ ਦਿੱਤੀ ਗਈ ਸੀ। ਬਚੜੇ ਮੁਤਾਬਿਕ, ਲਾਸ਼ ਦਰਿਆ ਵਿੱਚ ਸੁੱਟਣ ਤੋਂ ਬਾਅਦ ਪੁਲੀਸ ਟੀਮ ਹਰੀਕੇ ਦੇ ਰੈਸਟ ਹਾਊਸ ਵਿੱਚ ਆ ਗਈ, ਜਿੱਥੇ ਸਾਰਿਆਂ ਨੂੰ ਪੀਣ ਲਈ ਖੁੱਲ੍ਹੀ ਸ਼ਰਾਬ ਦਿੱਤੀ ਗਈ। ਉਸ ਦੌਰ ਵਿੱਚ ਇਹ ਦਸਤੂਰ ਬਣ ਚੁੱਕਾ ਸੀ ਕਿ ਜਦੋਂ ਵੀ ਪੁਲੀਸ ਕਿਸੇ ਵਿਅਕਤੀ ਨੂੰ ਝੂਠੇ ਮੁਕਾਬਲੇ ਵਿੱਚ ਮਾਰ ਕੇ ਲਾਸ਼ ਦਰਿਆ ਵਿੱਚ ਸੁੱਟਦੀ ਤਾਂ ਸਬੰਧਿਤ ਪੁਲੀਸ ਟੀਮ ਨੂੰ ਸਰਕਾਰੀ ਸ਼ਹਿ ’ਤੇ ਸ਼ਰਾਬ ਪਰੋਸੀ ਜਾਂਦੀ ਸੀ ਤਾਂ ਜੋ ਉਹ ‘ਆਰਾਮ ਦੀ ਨੀਂਦ’ ਸੌਂ ਸਕਣ। ਪਰ ਇਸ ਦੇ ਬਾਵਜੂਦ ਪਾਪ ਦੇ ਇਸ ਬੋਝ ਕਾਰਨ ਬਹੁਤੇ ਪੁਲੀਸ ਮੁਲਾਜ਼ਮਾਂ ਦੀ ਰਾਤਾਂ ਦੀ ਨੀਂਦ ਉੱਡ ਚੁੱਕੀ ਸੀ। ਇੱਕ ਮੁਲਾਜ਼ਮ ਨੇ ਤਾਂ ਇੱਥੋਂ ਤੱਕ ਕਬੂਲਿਆ ਸੀ ਕਿ ਉਨ੍ਹਾਂ ਕੋਲੋਂ ਕੁਦਰਤੀ ਨੀਂਦ ਹਮੇਸ਼ਾ ਲਈ ਖੰਭ ਲਾ ਕੇ ਉੱਡ ਗਈ ਸੀ।

ਕੁਲਦੀਪ ਸਿੰਘ ਬਚੜੇ ਹੋਰੀਂ ਦੋ ਭਰਾ ਸਨ ਅਤੇ ਉਨ੍ਹਾਂ ਕੋਲ ਮਹਿਜ਼ ਡੇਢ ਏਕੜ ਜ਼ਮੀਨ ਸੀ। ਅਜਿਹੇ ਗ਼ਰੀਬੀ ਦੇ ਹਾਲਾਤ ਵਿੱਚ ਪਰਿਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਸੀ। ਉਹ ਚਾਹੁੰਦਾ ਤਾਂ ਆਸਾਨੀ ਨਾਲ ਲਾਲਚ ਵਿੱਚ ਆ ਸਕਦਾ ਸੀ ਪਰ ਉਸ ਨੇ ਜ਼ਮੀਰ ਦਾ ਸੌਦਾ ਨਹੀਂ ਕੀਤਾ। ਧਰਮ ਅਤੇ ਸੱਚ ਦੇ ਰਾਹ ’ਤੇ ਪਹਿਰਾ ਦਿੰਦਿਆਂ ਉਸ ਨੇ ਅਦਾਲਤ ਵਿੱਚ ਸਾਰੀ ਹਕੀਕਤ ਬਿਨਾਂ ਕਿਸੇ ਡਰ ਦੇ ਬਿਆਨ ਕਰ ਦਿੱਤੀ, ਜਿਸ ਸਦਕਾ ਜਸਵੰਤ ਸਿੰਘ ਖਾਲੜਾ ਦੇ ਅਸਲ ਕਾਤਲਾਂ ਦਾ ਚਿਹਰਾ ਬੇਨਕਾਬ ਹੋ ਸਕਿਆ।

ਕੁਲਦੀਪ ਸਿੰਘ ਹੁਣ ਇਸ ਦੁਨੀਆ ਵਿੱਚ ਨਹੀਂ ਅਤੇ ਉਸ ਦਾ ਭਰਾ ਪਿੰਡ ਵਿੱਚ ਇੱਕ ਛੋਟੀ ਜਿਹੀ ਦੁਕਾਨ ਚਲਾਉਂਦਾ ਹੈ। ਜੇਕਰ ਕੁਲਦੀਪ ਸਿੰਘ ਨੇ ਉਦੋਂ ਆਪਣੀ ਆਤਮਾ ਦੀ ਆਵਾਜ਼ ਨਾ ਸੁਣੀ ਹੁੰਦੀ ਤਾਂ ਸ਼ਾਇਦ ਖਾਲੜਾ ਦੇ ਕਾਤਲਾਂ ਦਾ ਸੱਚ ਕਦੇ ਵੀ ਦੁਨੀਆ ਦੇ ਸਾਹਮਣੇ ਨਾ ਆਉਂਦਾ। ਉਹ ਕਈ ਵਾਰ ਮੈਨੂੰ ਮਿਲਣ ਵੀ ਆਇਆ ਅਤੇ ਦੱਸਦਾ ਹੁੰਦਾ ਸੀ ਕਿ ਉਸ ਨੂੰ ਬਿਆਨ ਬਦਲਣ ਲਈ ਕਈ ਪਾਸਿਆਂ ਤੋਂ ਮੋਟੀਆਂ ਰਕਮਾਂ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਹ ਹਮੇਸ਼ਾ ਉਨ੍ਹਾਂ ਦੀਆਂ ਪੇਸ਼ਕਸ਼ਾਂ ਨੂੰ ਠੁਕਰਾਉਂਦਾ ਰਿਹਾ।

6 ਸਤੰਬਰ 1995 ਨੂੰ ਜਦੋਂ ਜਸਵੰਤ ਸਿੰਘ ਖਾਲੜਾ ਨੂੰ ਅੰਮ੍ਰਿਤਸਰ ਸਥਿਤ ਕਬੀਰ ਪਾਰਕ ਰਿਹਾਇਸ਼ ਤੋਂ ਅਗਵਾ ਕੀਤਾ ਗਿਆ ਤਾਂ ਜਿਉਂ ਹੀ ਇਹ ਖ਼ਬਰ ਉਨ੍ਹਾਂ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਮਿਲੀ, ਉਹ ਤੁਰੰਤ ਆਪਣੇ ਸਾਰੇ ਦਫ਼ਤਰੀ ਰੁਝੇਵੇਂ ਛੱਡ ਕੇ ਘਰ ਪਹੁੰਚ ਗਏ। ਬੀਬੀ ਖਾਲੜਾ ਉਸ ਵੇਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਤਾਇਨਾਤ ਸਨ। ਉਸ ਸਮੇਂ ਉਨ੍ਹਾਂ ਦੇ ਦੋਵੇਂ ਬੱਚੇ ਬੇਟੀ ਨਵਕਿਰਨ ਕੌਰ ਅਤੇ ਬੇਟਾ ਜਨਮੀਤ ਸਿੰਘ ਬਹੁਤ ਛੋਟੇ ਸਨ। ਉਨ੍ਹਾਂ ਨੇ ਆਪਣੇ ਪਤੀ ਦਾ ਸੁਰਾਗ ਲਗਾਉਣ ਲਈ ਆਪਣੀ ਪੂਰੀ ਤਾਕਤ ਝੋਕ ਦਿੱਤੀ। ਬੀਬੀ ਖਾਲੜਾ ਨੇ ਅੰਮ੍ਰਿਤਸਰ ਪੁਲੀਸ ਕੋਲ ਅਗਵਾ ਦੀ ਰਿਪੋਰਟ ਦਰਜ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਨੇ ਉਨ੍ਹਾਂ ਦੀ ਇੱਕ ਨਾ ਸੁਣੀ ਅਤੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਹ ਮਾਮਲਾ ਤਰਨ ਤਾਰਨ ਪੁਲੀਸ ਦੇ ਅਧਿਕਾਰ ਖੇਤਰ ਦਾ ਹੈ। ਭਾਈ ਖਾਲੜਾ ਵੱਲੋਂ ਅਣਪਛਾਤੀਆਂ ਲਾਸ਼ਾਂ ਦਾ ਮੁੱਦਾ ਪਹਿਲਾਂ ਹੀ ਸੁਪਰੀਮ ਕੋਰਟ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਸੀ, ਇਸ ਲਈ ਬੀਬੀ ਖਾਲੜਾ ਨੇ ਬਿਨਾਂ ਦੇਰੀ ਕੀਤੇ ਇਸ ਅਗਵਾ ਕਾਂਡ ਬਾਰੇ ਮਾਨਯੋਗ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ, ਜਿਸ ’ਤੇ ਅਦਾਲਤ ਨੇ ਬਣਦੀ ਕਾਰਵਾਈ ਦੇ ਹੁਕਮ ਦਿੱਤੇ।

ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਜਦੋਂ ਬੀਬੀ ਪਰਮਜੀਤ ਕੌਰ ਖਾਲੜਾ ਚੋਣ ਮੈਦਾਨ ਵਿੱਚ ਸਨ ਤਾਂ ਮੁਲਾਕਾਤ ਦੌਰਾਨ ਉਨ੍ਹਾਂ ਦੇ ਬੇਟੇ ਜਨਮੀਤ ਸਿੰਘ ਨੇ ਦੱਸਿਆ ਕਿ ਉਹ ਅਤੇ ਉਸ ਦੀ ਭੈਣ ਅਜੇ ਖੇਡਣ-ਮੱਲਣ ਦੀ ਉਮਰ ਵਿੱਚ ਸਨ, ਜਦੋਂ ਉਨ੍ਹਾਂ ਦੇ ਸਿਰ ’ਤੇ ਇਹ ਡਾਢੀ ਮੁਸੀਬਤ ਆ ਪਈ। ਉਹ ਸਕੂਲ ਵਿੱਚ ਪੜ੍ਹਦਿਆਂ ਵੀ ਹਮੇਸ਼ਾ ਆਪਣੇ ਪਿਤਾ ਨੂੰ ਹੀ ਯਾਦ ਕਰਦੇ ਰਹਿੰਦੇ ਸਨ। ਜਨਮੀਤ ਨੇ ਭਾਵੁਕ ਹੁੰਦਿਆਂ ਕਿਹਾ ਕਿ ਜਿਸ ਹਿਸਾਬ ਨਾਲ ਅੱਜ ਸਮਾਜ ਉਨ੍ਹਾਂ ਦੇ ਪਿਤਾ ਨੂੰ ਸਤਿਕਾਰ ਦਿੰਦਾ ਹੈ ਉਸ ਤੋਂ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੇ ਪਿਤਾ ਸਹੀ ਅਰਥਾਂ ਵਿੱਚ ਲੋਕਾਂ ਦੇ ਸੱਚੇ ਹਿਤੈਸ਼ੀ ਸਨ, ਜਿਨ੍ਹਾਂ ਦੀ ਕੁਰਬਾਨੀ ਨੂੰ ਲੋਕ ਅੱਜ ਵੀ ਸਿਜਦਾ ਕਰਦੇ ਹਨ।

ਜਦੋਂ ਇਸ ਪੱਤਰਕਾਰ ਨੇ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਬਣੀ ਫਿਲਮ (ਜਿਸ ’ਤੇ ਸੈਂਸਰ ਬੋਰਡ ਵੱਲੋਂ ਰੋਕ ਲਗਾਈ ਗਈ ਸੀ) ਬਾਰੇ ਬੀਬੀ ਪਰਮਜੀਤ ਕੌਰ ਖਾਲੜਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਬੜੀ ਸੰਜੀਦਗੀ ਨਾਲ ਕਿਹਾ ਕਿ ਉਹ ਫਿਲਹਾਲ ਇਸ ਮਾਮਲੇ ’ਤੇ ਲੋਕਾਂ ਦੇ ਵਿਚਾਰਾਂ ਨੂੰ ਦੇਖ-ਸੁਣ ਰਹੇ ਹਨ ਅਤੇ ਜਨਤਾ ਦੀ ਰਾਇ ਜਾਣਨ ਤੋਂ ਬਾਅਦ ਹੀ ਆਪਣਾ ਪੱਖ ਪੇਸ਼ ਕਰਨਗੇ। ਉਨ੍ਹਾਂ ਨੇ ਇਹ ਜ਼ਰੂਰ ਸਵੀਕਾਰ ਕੀਤਾ ਕਿ ਉਹ ਜਸਵੰਤ ਸਿੰਘ ਖਾਲੜਾ ਦੇ ਅਧੂਰੇ ਕਾਰਜਾਂ ਅਤੇ ਵਿਚਾਰਾਂ ਨੂੰ ਆਪਣੀ ਸਮਰੱਥਾ ਅਨੁਸਾਰ ਅੱਗੇ ਤੋਰਨ ਲਈ ਨਿਰੰਤਰ ਯਤਨਸ਼ੀਲ ਹਨ।

ਭਾਈ ਜਸਵੰਤ ਸਿੰਘ ਖਾਲੜਾ ਸਹੀ ਅਰਥਾਂ ਵਿੱਚ ਇੱਕ ਸੰਪੂਰਨ ਅਤੇ ਨਿਡਰ ਮਨੁੱਖ ਸਨ। ਪੰਜਾਬ ਵਿੱਚ ਹੋਏ ਕਥਿਤ ਝੂਠੇ ਪੁਲੀਸ ਮੁਕਾਬਲਿਆਂ ਦੀ ਰਿਪੋਰਟ ਜਦੋਂ ਉਨ੍ਹਾਂ ਨੇ ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਪੇਸ਼ ਕੀਤੀ ਤਾਂ ਉਹ ਭਲੀਭਾਂਤ ਜਾਣਦੇ ਸਨ ਕਿ ਉਨ੍ਹਾਂ ਨਾਲ ਕੋਈ ਜੱਗੋਂ-ਤੇਰ੍ਹਵੀਂ ਹੋ ਸਕਦੀ ਹੈ ਅਤੇ ਪੁਲੀਸ ਉਨ੍ਹਾਂ ਨੂੰ ਮਾਰ ਵੀ ਸਕਦੀ ਹੈ। ਪਰ ਮੌਤ ਦਾ ਭੈਅ ਉਨ੍ਹਾਂ ਦੇ ਕਦਮ ਨਾ ਰੋਕ ਸਕਿਆ। ਭਾਈ ਖਾਲੜਾ ਦੇ ਅਗਵਾ ਹੋਣ ਤੋਂ ਬਾਅਦ ਪਰਿਵਾਰ ਨੂੰ ਅਸਹਿ ਤੇ ਅਕਹਿ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਇਹ ਬੀਬੀ ਪਰਮਜੀਤ ਕੌਰ ਖਾਲੜਾ ਦੀ ਦ੍ਰਿੜ੍ਹਤਾ ਸੀ ਜਿਨ੍ਹਾਂ ਨੇ ਆਪਣੇ ਛੋਟੇ ਬੱਚਿਆਂ ਦੀ ਪਰਵਰਿਸ਼ ਦੇ ਨਾਲ-ਨਾਲ ਆਪਣੇ ਸਹੁਰਾ ਪਰਿਵਾਰ, ਰਿਸ਼ਤੇਦਾਰਾਂ ਅਤੇ ਸਮਾਜਿਕ ਸਹਿਯੋਗ ਦੇ ਸਿਰ ’ਤੇ ਇਨਸਾਫ਼ ਦੀ ਲੜਾਈ ਜਾਰੀ ਰੱਖੀ। ਇਸੇ ਅਣਥੱਕ ਸੰਘਰਸ਼ ਸਦਕਾ ਹੀ ਲਾਵਾਰਿਸ ਅਤੇ ਅਣਪਛਾਤੀਆਂ ਕਹਿ ਕੇ ਸਾੜੀਆਂ ਗਈਆਂ ਲਾਸ਼ਾਂ ਵਿੱਚੋਂ 1,503 ਵਿਅਕਤੀਆਂ ਦੀ ਸ਼ਨਾਖ਼ਤ ਸੰਭਵ ਹੋ ਸਕੀ, ਜਿਨ੍ਹਾਂ ਦੇ ਪੀੜਤ ਪਰਿਵਾਰਾਂ ਨੂੰ ਬਾਅਦ ਵਿੱਚ ਸਰਕਾਰ ਵੱਲੋਂ ਮੁਆਵਜ਼ਾ ਵੀ ਮਿਲਿਆ।

ਭਾਈ ਜਸਵੰਤ ਸਿੰਘ ਖਾਲੜਾ ਦੇ ਅਗਵਾ ਦੇ ਮਾਮਲੇ ਨੂੰ ਲੋਕਾਂ ਦੀ ਕਚਹਿਰੀ ਵਿੱਚ ਲਿਜਾਣ ਲਈ ਉਸ ਵੇਲੇ ਦੇ ਨਾਮਵਰ ਪੱਤਰਕਾਰ ਦਲਬੀਰ ਸਿੰਘ, ਜਸਟਿਸ ਅਜੀਤ ਸਿੰਘ ਬੈਂਸ, ਸਾਬਕਾ ਆਈ.ਏ.ਐੱਸ. ਗੁਰਤੇਜ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਬੀਬੀ ਬਲਜੀਤ ਕੌਰ ਅਤੇ ਦੱਖਣੀ ਭਾਰਤ ਦੇ ਪ੍ਰਮੁੱਖ ਮਨੁੱਖੀ ਅਧਿਕਾਰ ਕਾਰਕੁਨ ਰਾਮ ਨਰਾਇਣ ਕੁਮਾਰ ਨੇ ਅਹਿਮ ਭੂਮਿਕਾ ਨਿਭਾਈ। ਇਸ ਇਨਸਾਫ਼ ਦੀ ਲੜਾਈ ਨੂੰ ਦਬਾਉਣ ਲਈ ਪੁਲੀਸ ਨੇ ਗਵਾਹਾਂ ’ਤੇ ਅੰਨ੍ਹਾ ਜਬਰ ਢਾਹਿਆ। ਜੋ ਕੋਈ ਵੀ ਅੱਗੇ ਆਉਂਦਾ, ਉਸ ਖ਼ਿਲਾਫ਼ ਝੂਠੇ ਪਰਚੇ ਦਰਜ ਕਰ ਦਿੱਤੇ ਜਾਂਦੇ। ਮੁੱਖ ਗਵਾਹ ਕੁਲਦੀਪ ਸਿੰਘ ਬਚੜੇ ਦੇ ਸਹੁਰਾ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ। ਇੱਥੋਂ ਤੱਕ ਕਿ ਮਨੁੱਖੀ ਅਧਿਕਾਰਾਂ ਦੇ ਮੁਦਈ ਐਡਵੋਕੇਟ ਕਿਰਪਾਲ ਸਿੰਘ ਰੰਧਾਵਾ ਖ਼ਿਲਾਫ਼ ਜਬਰ-ਜਨਾਹ ਦਾ ਝੂਠਾ ਕੇਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਕੁਲਵੰਤ ਸਿੰਘ ਜਾਮਾਰਾਏ, ਸਰਪੰਚ ਗੁਰਭੇਜ ਸਿੰਘ ਪਲਾਸੌਰ, ਰਾਜੀਵ ਸਿੰਘ ਰੰਧਾਵਾ ਅਤੇ ਸੁਰਿੰਦਰਪਾਲ ਸਿੰਘ ਘਰਿਆਲਾ ਨੂੰ ਵੀ ਅਜਿਹੀਆਂ ਹੀ ਪ੍ਰਸ਼ਾਸਨਿਕ ਕੁਚਾਲਾਂ ਦਾ ਸਾਹਮਣਾ ਕਰਨਾ ਪਿਆ, ਪਰ ਬਾਅਦ ਵਿੱਚ ਅਦਾਲਤ ਨੇ ਇਹ ਸਾਰੇ ਝੂਠੇ ਕੇਸ ਖ਼ਾਰਜ ਕਰ ਦਿੱਤੇ।

ਭਾਈ ਖਾਲੜਾ ਦੀ ਸੋਚ ਫ਼ਿਰਕੂ ਨਹੀਂ, ਸਗੋਂ ਸਰਵ-ਵਿਆਪਕ ਮਨੁੱਖੀ ਦਰਦ ਨਾਲ ਲਬਰੇਜ਼ ਸੀ। ਉਹ ਸ਼ਰੇਆਮ ਆਖਦੇ ਸਨ ਕਿ ਇਨ੍ਹਾਂ ਝੂਠੇ ਪੁਲੀਸ ਮੁਕਾਬਲਿਆਂ ਦਾ ਸ਼ਿਕਾਰ ਸਿਰਫ਼ ਸਿੱਖ ਨਹੀਂ, ਬਲਕਿ ਹਿੰਦੂ ਪਰਿਵਾਰ ਵੀ ਹੋਏ ਸਨ। ਇਸ ਦੀ ਸਭ ਤੋਂ ਵੱਡੀ ਮਿਸਾਲ ਤਰਨ ਤਾਰਨ ਦੇ ਚਮਨ ਲਾਲ ਦਾ ਪੁੱਤਰ ਗੁਲਸ਼ਨ ਸੀ, ਜਿਸ ਨੂੰ ਪੁਲੀਸ ਨੇ ਪਲਾਸੌਰ ਵਿਖੇ ਝੂਠੇ ਮੁਕਾਬਲੇ ਵਿੱਚ ਮਾਰ ਮੁਕਾਇਆ ਸੀ। ਬਾਅਦ ਵਿੱਚ ਸੀ.ਬੀ.ਆਈ. ਦੀ ਜਾਂਚ ਦੌਰਾਨ ਪੁਲੀਸ ਦਾ ਇਹ ਗੁਨਾਹ ਸਾਬਤ ਹੋਇਆ ਅਤੇ ਪਰਿਵਾਰ ਨੂੰ ਇਨਸਾਫ਼ ਮਿਲਿਆ। ਇਸ ਖ਼ੂਨੀ ਦਾਸਤਾਨ ਨੂੰ ਵਾਪਰਿਆਂ ਭਾਵੇਂ ਤਿੰਨ ਦਹਾਕਿਆਂ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ, ਪਰ ਸਿਸਟਮ ਦੇ ਜਬਰ ਦਾ ਕਰੂਰ ਵਤੀਰਾ ਅੱਜ ਵੀ ਨਹੀਂ ਬਦਲਿਆ। ਇਹੀ ਕਾਰਨ ਹੈ ਕਿ ਹੱਕ, ਸੱਚ ਅਤੇ ਮਨੁੱਖੀ ਅਧਿਕਾਰਾਂ ਦੀ ਬੁਲੰਦ ਆਵਾਜ਼ ਬਣਨ ਵਾਲੇ ਜਸਵੰਤ ਸਿੰਘ ਖਾਲੜਾ ਦੀ ਇਹ ਕਹਾਣੀ ਅੱਜ ਵੀ ਹਰ ਵਰਗ ਦੇ ਲੋਕਾਂ ਦੇ ਦਿਲਾਂ ਨੂੰ ਟੁੰਬਦੀ ਹੈ।



# ਬਰਤਾਨੀਆ ਵਿੱਚ ਸਿੱਖਾਂ ਦੀ ਸੁਰੱਖਿਆ ਬਣੀ ਵੱਡਾ ਮੁੱਦਾ, ਨਫ਼ਰਤੀ ਹਮਲਿਆਂ ਦੇ ਦੋਸ਼ਾਂ ਵਿਚਕਾਰ ਸੰਸਦ ਵਿੱਚ ਉਠੇਗੀ ਆਵਾਜ਼



ਬਰਤਾਨੀਆ ਵਿੱਚ ਸਿੱਖ ਭਾਈਚਾਰੇ ਵਿਰੁੱਧ ਕਥਿਤ ਨਫ਼ਰਤੀ ਘਟਨਾਵਾਂ ਵਿੱਚ ਵਾਧੇ ਦੇ ਦਾਅਵਿਆਂ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਪੱਛਮੀ ਲੰਡਨ ਵਿੱਚ ਪੰਜਾਬ ਦੇ ਤਰਨਤਾਰਨ ਨਾਲ ਸਬੰਧਤ 24 ਸਾਲਾ ਕਿਰਨਦੀਪ ਕੌਰ ਦੀ ਚਾਕੂ ਮਾਰ ਕੇ ਹੱਤਿਆ ਤੋਂ ਬਾਅਦ ਕਈ ਬ੍ਰਿਟਿਸ਼ ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਉਠਾਉਣ ਦਾ ਫ਼ੈਸਲਾ ਕੀਤਾ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਸਿੱਖਾਂ ਵਿਰੁੱਧ ਨਫ਼ਰਤ ਅਤੇ ਹਮਲਿਆਂ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਹੁਣ ਉਹ ਇਸ ਮਾਮਲੇ ਨੂੰ ਬ੍ਰਿਟਿਸ਼ ਸੰਸਦ ਵਿੱਚ ਸੰਸਦ ਮੈਂਬਰਾਂ ਦੇ ਸਾਹਮਣੇ ਰੱਖਣਗੀਆਂ।

ਇਹ ਮੁਹਿੰਮ ਪੱਛਮੀ ਲੰਡਨ ਦੇ ਹੇਜ਼ ਇਲਾਕੇ ਵਿੱਚ ਹੋਏ ਦੋਹਰੇ ਚਾਕੂ ਹਮਲੇ ਤੋਂ ਬਾਅਦ ਸ਼ੁਰੂ ਹੋਈ ਹੈ। ਇਸ ਹਮਲੇ ਵਿੱਚ ਤਰਨਤਾਰਨ ਦੀ ਰਹਿਣ ਵਾਲੀ ਕਿਰਨਦੀਪ ਕੌਰ ਦੀ ਮੌਤ ਹੋ ਗਈ ਸੀ, ਜਦਕਿ ਇੱਕ 20 ਸਾਲਾ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਅਤੇ ਹਸਪਤਾਲ ਵਿੱਚ ਇਲਾਜ ਅਧੀਨ ਹੈ। ਇਸ ਮਾਮਲੇ ਵਿੱਚ 44 ਸਾਲਾ ਡੈਨੀਅਲ ਸੀਨ ਜੇਮਸ ਉੱਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਤੇਜ਼ਧਾਰ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਹਨ। ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

ਭਾਵੇਂ ਮੈਟਰੋਪੋਲੀਟਨ ਪੁਲੀਸ ਨੇ ਅਜੇ ਤੱਕ ਹਮਲੇ ਦੇ ਅਸਲ ਮਕਸਦ ਬਾਰੇ ਕੋਈ ਅਧਿਕਾਰਕ ਜਾਣਕਾਰੀ ਨਹੀਂ ਦਿੱਤੀ, ਪਰ ਕਿਰਨਦੀਪ ਕੌਰ ਦੇ ਪਰਿਵਾਰ ਨੇ ਜਾਂਚ ਏਜੰਸੀਆਂ ਨੂੰ ਅਪੀਲ ਕੀਤੀ ਹੈ ਕਿ ਇਹ ਵੀ ਜਾਂਚਿਆ ਜਾਵੇ ਕਿ ਕੀ ਇਸ ਹਮਲੇ ਦੇ ਪਿੱਛੇ ਨਸਲੀ ਜਾਂ ਧਾਰਮਿਕ ਨਫ਼ਰਤ ਦਾ ਕੋਈ ਕਾਰਨ ਸੀ। ਇਸ ਮੰਗ ਤੋਂ ਬਾਅਦ ਮਾਮਲਾ ਹੋਰ ਸੰਵੇਦਨਸ਼ੀਲ ਬਣ ਗਿਆ ਹੈ।

ਸਿੱਖ ਫੈਡਰੇਸ਼ਨ (ਯੂਕੇ) ਅਤੇ ਇਸ ਨਾਲ ਜੁੜੀ ਸਿੱਖ ਨੈੱਟਵਰਕ ਸੰਸਥਾ ਹੁਣ ਬ੍ਰਿਟਿਸ਼ ਸੰਸਦ ਵਿੱਚ ਸੰਸਦ ਮੈਂਬਰਾਂ ਨਾਲ ਮੁਲਾਕਾਤ ਕਰਕੇ ਸਿੱਖਾਂ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਬਾਰੇ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨਗੀਆਂ। ਜਥੇਬੰਦੀਆਂ ਦਾ ਉਦੇਸ਼ ਸਰਕਾਰ 'ਤੇ ਦਬਾਅ ਬਣਾਉਣਾ ਹੈ ਤਾਂ ਜੋ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਨੂੰ ਵੱਖਰੇ ਤੌਰ 'ਤੇ ਮਾਨਤਾ ਦਿੱਤੀ ਜਾਵੇ ਅਤੇ ਉਨ੍ਹਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਢੁੱਕਵੇਂ ਕਦਮ ਚੁੱਕੇ ਜਾਣ।

ਸੰਗਠਨਾਂ ਦਾ ਕਹਿਣਾ ਹੈ ਕਿ ਸਾਊਥੈਂਪਟਨ ਵਿੱਚ ਹੈਨਰੀ ਨੋਵਾਕ ਦੇ ਕਤਲ ਅਤੇ ਉਸ ਤੋਂ ਬਾਅਦ ਹੋਈ ਕਾਨੂੰਨੀ ਕਾਰਵਾਈ ਦੌਰਾਨ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ ਬਾਰੇ ਹੋਈ ਜਨਤਕ ਬਹਿਸ ਨੇ ਵੀ ਭਾਈਚਾਰੇ ਪ੍ਰਤੀ ਨਕਾਰਾਤਮਕ ਧਾਰਣਾ ਨੂੰ ਵਧਾਇਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਤੋਂ ਬਾਅਦ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ।

ਸਿੱਖ ਨੈੱਟਵਰਕ ਵੱਲੋਂ ਇੱਕ ਹਜ਼ਾਰ ਤੋਂ ਵੱਧ ਬ੍ਰਿਟਿਸ਼ ਸਿੱਖਾਂ ਵਿੱਚ ਕਰਵਾਏ ਗਏ ਸਰਵੇਖਣ ਵਿੱਚ ਵੀ ਕਈ ਚਿੰਤਾਜਨਕ ਦਾਅਵੇ ਸਾਹਮਣੇ ਆਏ ਹਨ। ਸਰਵੇਖਣ ਅਨੁਸਾਰ ਲਗਭਗ 40 ਫ਼ੀਸਦੀ ਭਾਗੀਦਾਰਾਂ ਨੇ ਕਿਹਾ ਕਿ ਉਹ ਖੁਦ ਸਿੱਖ ਵਿਰੋਧੀ ਘਟਨਾਵਾਂ ਦਾ ਸ਼ਿਕਾਰ ਹੋਏ ਹਨ ਜਾਂ ਅਜਿਹੀਆਂ ਘਟਨਾਵਾਂ ਦੇ ਗਵਾਹ ਰਹੇ ਹਨ। 90 ਫ਼ੀਸਦੀ ਤੋਂ ਵੱਧ ਲੋਕਾਂ ਦਾ ਮੰਨਣਾ ਹੈ ਕਿ ਮਈ ਦੇ ਅੱਧ ਤੋਂ ਬਾਅਦ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਜਦਕਿ ਅੱਧ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਹ ਹੁਣ ਆਪਣੇ ਆਪ ਨੂੰ ਪਹਿਲਾਂ ਜਿੰਨਾ ਸੁਰੱਖਿਅਤ ਮਹਿਸੂਸ ਨਹੀਂ ਕਰਦੇ।

ਇਸੇ ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਸਾਹਮਣੇ ਆਈਆਂ ਘਟਨਾਵਾਂ ਵਿੱਚੋਂ ਕੇਵਲ 6 ਫ਼ੀਸਦੀ ਮਾਮਲਿਆਂ ਦੀ ਹੀ ਪੁਲੀਸ ਕੋਲ ਰਿਪੋਰਟ ਕੀਤੀ ਗਈ। ਹਾਲਾਂਕਿ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਸਰਵੇਖਣ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਅਤੇ ਇਹ ਖੁਦ ਸ਼ਾਮਲ ਹੋਏ ਲੋਕਾਂ ਦੇ ਜਵਾਬਾਂ 'ਤੇ ਆਧਾਰਿਤ ਸੀ, ਇਸ ਲਈ ਇਸ ਨੂੰ ਪੂਰੇ ਸਿੱਖ ਭਾਈਚਾਰੇ ਦੀ ਪ੍ਰਤੀਨਿਧਤਾ ਨਹੀਂ ਮੰਨਿਆ ਜਾ ਸਕਦਾ।

ਸਿੱਖ ਫੈਡਰੇਸ਼ਨ (ਯੂਕੇ) ਦੇ ਸਿਆਸੀ ਮਾਮਲਿਆਂ ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਨੇ ਦੋਸ਼ ਲਗਾਇਆ ਕਿ ਮਈ ਮਹੀਨੇ ਤੋਂ ਲਗਾਤਾਰ ਗ੍ਰਹਿ ਸਕੱਤਰ ਅਤੇ ਪੁਲੀਸਿੰਗ ਮੰਤਰੀ ਕੋਲ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਕਿਰਪਾਨ ਬਾਰੇ ਗਲਤ ਧਾਰਣਾਵਾਂ ਸਬੰਧੀ ਚਿੰਤਾਵਾਂ ਰੱਖੀਆਂ ਜਾ ਰਹੀਆਂ ਹਨ, ਪਰ ਸਰਕਾਰ ਵੱਲੋਂ ਕੋਈ ਢੁੱਕਵਾਂ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਹੁਣ ਸੰਸਦ ਮੈਂਬਰਾਂ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣ ਦੀ ਅਪੀਲ ਕੀਤੀ ਜਾਵੇਗੀ।

ਦੂਜੇ ਪਾਸੇ, ਬ੍ਰਿਟੇਨ ਦੀ ਪੁਰਾਣੀ ਨਸਲਵਾਦ ਵਿਰੋਧੀ ਸੰਸਥਾ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਵੀ ਕਿਰਨਦੀਪ ਕੌਰ ਦੇ ਕਤਲ ਦੀ ਸਖ਼ਤ ਨਿੰਦਾ ਕੀਤੀ ਹੈ। ਸੰਸਥਾ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਕਿਹਾ ਕਿ ਜੇ ਜਾਂਚ ਵਿੱਚ ਇਹ ਸਾਬਤ ਹੁੰਦਾ ਹੈ ਕਿ ਹਮਲਾ ਨਸਲੀ ਜਾਂ ਧਾਰਮਿਕ ਨਫ਼ਰਤ ਕਾਰਨ ਕੀਤਾ ਗਿਆ ਸੀ, ਤਾਂ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਭਾਈਚਾਰੇ ਨੂੰ ਸ਼ਾਂਤੀ ਅਤੇ ਏਕਤਾ ਬਣਾਈ ਰੱਖਣ ਦੀ ਅਪੀਲ ਵੀ ਕੀਤੀ।

ਲੇਬਰ ਪਾਰਟੀ ਦੇ ਸੰਸਦ ਮੈਂਬਰ ਜਸ ਅਥਵਾਲ ਨੇ ਵੀ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਕਿਰਨਦੀਪ ਕੌਰ ਦੀ ਮੌਤ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ, ਖ਼ਾਸ ਕਰਕੇ ਇਸ ਲਈ ਕਿ ਉਹ ਇੱਕ ਮਾਂ ਸੀ ਅਤੇ ਹੁਣ ਉਸ ਦਾ ਬੱਚਾ ਆਪਣੀ ਮਾਂ ਦੇ ਸਾਏ ਤੋਂ ਬਿਨਾਂ ਵੱਡਾ ਹੋਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੁਲੀਸ ਜਾਂਚ ਪੂਰੀ ਹੋਣ ਤੱਕ ਅਫ਼ਵਾਹਾਂ ਤੋਂ ਬਚਿਆ ਜਾਵੇ ਅਤੇ ਜਾਂਚ ਏਜੰਸੀਆਂ ਨੂੰ ਆਪਣਾ ਕੰਮ ਕਰਨ ਦਿੱਤਾ ਜਾਵੇ।

ਫਿਲਹਾਲ ਮੈਟਰੋਪੋਲੀਟਨ ਪੁਲੀਸ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਹਮਲੇ ਦੇ ਅਸਲ ਕਾਰਨਾਂ ਬਾਰੇ ਸਪੱਸ਼ਟ ਜਾਣਕਾਰੀ ਸਾਹਮਣੇ ਆ ਸਕੇਗੀ।



# ਗਾਜ਼ਾ-ਹਰ ਸਾਹ 'ਚ ਮੌਤ ਦਾ ਸਾਇਆ



ਫ਼ਲਸਤੀਨ ਬਾਰੇ ਸੰਯੁਕਤ ਰਾਸ਼ਟਰ ਦੇ ਸੁਤੰਤਰ ਕੌਮਾਂਤਰੀ ਜਾਂਚ ਕਮਿਸ਼ਨ ਵੱਲੋਂ ਲੰਘੀ 23 ਜੂਨ ਨੂੰ ਜਾਰੀ ਕੀਤੀ ਗਈ ਰਿਪੋਰਟ ਦੇ ਸਿੱਟੇ 21ਵੀਂ ਸਦੀ ਦੀ ਇਸ ਦੁਨੀਆ ਨੂੰ ਝੰਜੋੜਨ ਵਾਲੇ ਹਨ। ਮਨੁੱਖਤਾ ਦੀ ਸੁਖ-ਸਹੂਲਤ ਲਈ ਜਿੱਥੇ ਵਿਗਿਆਨ ਦੀ ਵਰਤੋਂ ਤੇ ਤਰੱਕੀ ਦੇ ਦਮਗਜ਼ੇ ਮਾਰੇ ਜਾਂਦੇ ਨੇ, ਉੱਥੇ ਇਹ ਰਿਪੋਰਟ ਉਸੇ ਮਨੁੱਖਤਾ ਨੂੰ ਕਤਲ ਕਰਨ ਵਾਲਾ ਘਿਣਾਉਣਾ ਚਿਹਰਾ ਸਾਡੇ ਸਾਹਮਣੇ ਲਿਆਉਂਦੀ ਹੈ। ਰਿਪੋਰਟ ਵਿੱਚ ਇਸ ਤੱਥ ਦਾ ਖੁਲਾਸਾ ਕੀਤਾ ਗਿਆ ਹੈ ਕਿ ਇਜ਼ਰਾਇਲੀ ਸੁਰੱਖਿਆ ਬਲਾਂ ਵੱਲੋਂ ਸੋਚ ਸਮਝ ਕੇ ਬਹੁਤ ਯੋਜਨਾਬੱਧ ਢੰਗ ਨਾਲ ਫ਼ਲਸਤੀਨੀ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਰਿਪੋਰਟ ਤੋਂ ਸਾਹਮਣੇ ਆਏ ਅੰਕੜਿਆਂ ਅਨੁਸਾਰ ਅਕਤੂਬਰ 2023 ਤੋਂ ਲੈ ਕੇ ਅਕਤੂਬਰ 2025 ਦਰਮਿਆਨ 20,000 ਤੋਂ ਵੱਧ ਬੱਚੇ ਮਾਰੇ ਗਏ ਅਤੇ 44,000 ਤੋਂ ਵੱਧ ਜ਼ਖ਼ਮੀ ਹੋਏ ਹਨ।

ਯਹੂਦੀ ਕੌਮ ਨੇ ਅਤੀਤ ਵਿੱਚ ਹਿਟਲਰ ਦੇ ਨਾਜ਼ੀ ਸ਼ਾਸਨ ਦੌਰਾਨ ਖ਼ੁਦ ਨਸਲਕੁਸ਼ੀ ਦਾ ਸੰਤਾਪ ਝੱਲਿਆ ਸੀ। ਕੀ ਉਹ ਫ਼ਲਸਤੀਨੀਆਂ ਦੇ ਸੰਤਾਪ ਤੇ ਦੁੱਖ ਦਰਦ ਨੂੰ ਨਹੀਂ ਸਮਝਦੀ? ਜਾਂ ਫਿਰ ਕੀ ਆਪਣੇ 'ਤੇ ਹੋਏ ਜ਼ੁਲਮਾਂ ਦਾ ਬਦਲਾ ਲੈਣ ਦੀ ਮਾਨਸਿਕਤਾ ਕਾਰਨ ਉਹ ਇਨ੍ਹਾਂ ਬੇਦੋਸ਼ੇ ਫ਼ਲਸਤੀਨੀ ਬੱਚਿਆਂ ਤੇ ਲੋਕਾਂ 'ਤੇ ਜ਼ੁਲਮ ਢਾਹ ਰਹੀ ਹੈ, ਜਿਨ੍ਹਾਂ ਦਾ ਉਸ ਨਸਲਕੁਸ਼ੀ ਨਾਲ ਕੋਈ ਦੂਰ ਦਾ ਵੀ ਵਾਹ-ਵਾਸਤਾ ਨਹੀਂ? ਹੁਣ 21ਵੀਂ ਸਦੀ ਵਿੱਚ ਇਜ਼ਰਾਇਲੀ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ 'ਚ ਜਾਨਾਂ ਗੁਆਉਣ ਤੇ ਜ਼ਖ਼ਮੀ ਹੋਣ ਵਾਲੇ ਫ਼ਲਸਤੀਨੀਆਂ ਵਿੱਚ 27 ਫ਼ੀਸਦੀ ਬੱਚੇ ਹਨ, ਜਿਨ੍ਹਾਂ 'ਚੋਂ ਬਹੁਤ ਸਾਰੇ ਲੜਕਿਆਂ ਦੇ ਸਿਰ ਅਤੇ ਗਰਦਨ ਵਿੱਚ ਗੋਲੀਆਂ ਵੱਜੀਆਂ ਸਨ। ਰਿਪੋਰਟ ਅਨੁਸਾਰ ਗਾਜ਼ਾ ਦੇ 97 ਫ਼ੀਸਦੀ ਸਕੂਲਾਂ ਅਤੇ ਬੱਚਿਆਂ ਦੇ ਹਸਪਤਾਲ ਸਣੇ ਸਮੁੱਚੇ
ਸਿਹਤ ਸੰਭਾਲ ਢਾਂਚੇ ਨੂੰ ਤਬਾਹ ਕਰ ਦਿੱਤਾ ਗਿਆ ਹੈ, ਜਿਸ ਦੇ ਸਿੱਟੇ ਵਜੋਂ ਹਮਲ ਡਿੱਗਣ (ਗਰਭਪਾਤ ਹੋਣ) ਅਤੇ ਬੱਚਿਆਂ ਦੇ ਜਨਮ ਵੇਲੇ ਦਿੱਕਤਾਂ 'ਚ 300 ਫ਼ੀਸਦੀ ਵਾਧਾ ਹੋਇਆ ਹੈ।

ਮਨੁੱਖਤਾ ਦੇ ਇਸ ਘਾਣ ਲਈ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਉਨ੍ਹਾਂ ਦੇ ਕੈਬਨਿਟ ਸਹਿਯੋਗੀਆਂ ਦੀ ਅੱਖ 'ਚ ਭੋਰਾ ਸ਼ਰਮ ਜਾਂ ਗੁਨਾਹ ਦਾ ਅਹਿਸਾਸ ਨਹੀਂ ਹੈ ਸਗੋਂ ਉਨ੍ਹਾਂ ਵੱਲੋਂ ਫ਼ਲਸਤੀਨੀਆਂ ਨੂੰ ਹਿਕਾਰਤ ਨਾਲ 'ਪਸ਼ੂ' ਸੱਦਿਆ ਜਾ ਰਿਹਾ ਹੈ ਅਤੇ ਗਾਜ਼ਾ 'ਚੋਂ ਉਨ੍ਹਾਂ ਦਾ ਤੁਖ਼ਮ ਮਿਟਾਉਣ ਦਾ ਸੱਦਾ ਦਿੰਦੇ ਹੋਏ ਸ਼ੇਖੀ ਮਾਰਦਿਆਂ ਇਜ਼ਰਾਇਲੀ ਸੁਰੱਖਿਆ ਬਲਾਂ ਦੀ ਸਫ਼ਲਤਾ ਨੂੰ ਇਸ ਗੱਲ ਨਾਲ ਮਾਪਿਆ ਜਾ ਰਿਹਾ ਹੈ ਕਿ ''ਹਜ਼ਾਰਾਂ ਲੋਕ (ਫ਼ਲਸਤੀਨੀ) ਗਾਜ਼ਾ ਛੱਡ ਕੇ ਜਾ ਰਹੇ ਹਨ।''

ਹੈਰਾਨੀ ਦੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਦੀ ਕਮੇਟੀ ਨੇ ਇਜ਼ਰਾਈਲ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਦੇ ਇਰਾਦੇ ਬਾਰੇ ਅੰਕੜਿਆਂ ਤੇ ਤੱਥਾਂ 'ਤੇ ਆਧਾਰਿਤ ਰਿਪੋਰਟ ਤਾਂ ਜਾਰੀ ਕੀਤੀ ਹੈ, ਪਰ ਅਮਰੀਕਾ ਵੱਲੋਂ ਇਜ਼ਰਾਈਲ ਦੀ ਪਿੱਠ ਪੂਰਨ ਕਾਰਨ ਇਹ ਉਸ ਖ਼ਿਲਾਫ਼ ਕੋਈ ਵੀ ਕਾਰਵਾਈ ਕਰਨ ਤੋਂ ਅਸਮਰੱਥ ਹੈ। ਦੁਨੀਆ ਦੇ ਵੱਡੀ ਗਿਣਤੀ ਦੇਸ਼ਾਂ ਵੱਲੋਂ ਇਜ਼ਰਾਇਲੀ ਕਾਰਵਾਈਆਂ ਨੂੰ ਫ਼ਲਸਤੀਨੀ ਨਸਲਕੁਸ਼ੀ ਮੰਨਿਆ ਜਾ ਰਿਹਾ ਹੈ ਅਤੇ 'ਇੰਟਰਨੈਸ਼ਨਲ ਕ੍ਰਿਮੀਨਲ ਕੋਰਟ' ਵੱਲੋਂ ਸਮੁੱਚੀ ਇਜ਼ਰਾਇਲੀ ਲੀਡਰਸ਼ਿਪ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਵੀ ਜਾਰੀ ਕੀਤੇ ਗਏ ਹਨ, ਪਰ ਇਸ ਸਭ ਕਾਸੇ ਨਾਲ ਇਜ਼ਰਾਈਲ ਨੂੰ ਕੋਈ ਫ਼ਰਕ ਨਹੀਂ ਪਿਆ ਅਤੇ ਫ਼ਲਸਤੀਨੀਆਂ ਵਿਰੁੱਧ ਉਸ ਦੀਆਂ ਕਾਰਵਾਈਆਂ ਓਵੇਂ ਹੀ ਬੇਰੋਕ ਜਾਰੀ ਹਨ ਅਤੇ ਸਮੁੱਚਾ ਵਿਸ਼ਵ ਇਹ ਸਭ ਕੁਝ ਬੇਵੱਸੀ ਨਾਲ ਦੇਖ ਰਿਹਾ ਹੈ। ਇਜ਼ਰਾਈਲ ਨੇ ਫ਼ਲਸਤੀਨੀਆਂ ਤੋਂ ਰੋਟੀ, ਸਿਹਤ ਸਹੂਲਤਾਂ ਅਤੇ ਸਭ ਤੋਂ ਵੱਧ ਸਕੂਨ ਨਾਲ ਜ਼ਿੰਦਗੀ ਜਿਊਣ ਦਾ ਹੱਕ ਖੋਹ ਲਿਆ ਹੈ। ਗਾਜ਼ਾ ਦੇ ਫ਼ਲਸਤੀਨੀਆਂ ਨੂੰ ਨਹੀਂ ਪਤਾ ਕਿ ਰੋਟੀ ਲੈਣ ਲਈ ਲਾਈਨਾਂ ਵਿੱਚ ਲੱਗਿਆਂ ਕਿਹੜੇ ਵੇਲੇ ਕੋਈ ਗੋਲੀ ਆ ਕੇ ਉਨ੍ਹਾਂ ਨੂੰ ਆਪਣਾ ਨਿਸ਼ਾਨਾ ਬਣਾ ਲਵੇ।

ਗਾਜ਼ਾ 'ਚ ਵਸਦੇ ਫ਼ਲਸਤੀਨੀਆਂ ਦੀ ਹੋਣੀ ਅਤੇ ਮਨੋਸਥਿਤੀ ਬਾਰੇ ਸੀਨੀਅਰ ਪੱਤਰਕਾਰ ਕਮਲ ਦੁਸਾਂਝ ਵੱਲੋਂ 'ਜਲਾਵਤਨ - ਗਾਜ਼ਾ ਮੋਨੋਲੋਗਜ਼' ਦੇ ਸਿਰਲੇਖ ਹੇਠ ਪੰਜਾਬੀ 'ਚ ਅਨੁਵਾਦ ਕੀਤੀ ਗਈ ਕਿਤਾਬ (ਸੰਪਾਦਕ: ਸੁਸ਼ੀਲ ਦੁਸਾਂਝ) ਦੇ ਵੇਰਵੇ ਲੂ-ਕੰਡੇ ਖੜ੍ਹੇ ਕਰਨ ਵਾਲੇ ਹਨ। ਇਸ ਵਿੱਚ ਗਾਜ਼ਾ ਦੇ ਬਾਸ਼ਿੰਦਿਆਂ ਵੱਲੋਂ ਸਾਂਝੇ ਕੀਤੇ ਗਏ ਆਪਣੇ ਅਹਿਸਾਸ, ਜ਼ਿੰਦਗੀ ਜਿਊਣ ਦੀ ਤਾਂਘ ਅਤੇ ਕਿਸੇ ਵੀ ਪਲ ਜ਼ਿੰਦਗੀ ਦਾ ਲੜ ਹੱਥੋਂ ਛੁੱਟ ਜਾਣ ਦਾ ਖ਼ੌਫ਼ ਬਿਆਨ ਕੀਤਾ ਗਿਆ ਹੈ। ਅਸਲ ਵਿੱਚ 2010 ਵਿੱਚ ਫ਼ਲਸਤੀਨ ਦੀ ਇੱਕ ਮੋਹਰੀ ਤੇ ਪ੍ਰਸਿੱਧ ਥੀਏਟਰ ਸੰਸਥਾ 'ਅਸ਼ਤਰ ਥੀਏਟਰ' (ਜਿਸ ਦੀ ਸਥਾਪਨਾ 1991 'ਚ ਕੀਤੀ ਗਈ ਸੀ) ਨੇ ਦੁਨੀਆ ਭਰ ਦੇ ਥੀਏਟਰਾਂ ਨਾਲ ਮਿਲ ਕੇ ਗਾਜ਼ਾ ਦੇ ਧੀਆਂ-ਪੁੱਤਰਾਂ ਦੀਆਂ ਆਵਾਜ਼ਾਂ 'ਗਾਜ਼ਾ ਮੋਨੋਲੋਗਜ਼' ਰਾਹੀਂ ਵਿਸ਼ਵ-ਵਿਆਪੀ ਮੰਚ ਤੱਕ ਪਹੁੰਚਾਈਆਂ। ਫਿਰ 2024 ਵਿੱਚ 19 ਨਵੀਆਂ ਕਹਾਣੀਆਂ 'ਤੇ ਆਧਾਰਿਤ 'ਦਿ ਨਿਊ ਗਾਜ਼ਾ ਮੋਨੋਲੋਗਜ਼ 2024' ਜਾਰੀ ਕੀਤੇ ਗਏ, ਜੋ ਗਾਜ਼ਾ 'ਚ ਜੰਗ ਦੇ ਝੰਬੇ ਲੋਕਾਂ ਦੇ ਲੰਮੇ ਸੰਘਰਸ਼ ਨੂੰ ਉਜਾਗਰ ਕਰਦੇ ਹਨ। ਇਹ ਮੋਨੋਲੋਗਜ਼ ਅੱਜ ਵੀ ਜਾਰੀ ਹਨ।

ਜਦੋਂ ਤੁਸੀਂ ਪੁਸਤਕ 'ਜਲਾਵਤਨ: ਗਾਜ਼ਾ ਮੋਨੋਲੋਗਜ਼' ਰਾਹੀਂ ਗਾਜ਼ਾ ਦੇ ਇਨ੍ਹਾਂ ਬੱਚਿਆਂ ਦੇ ਸੰਸਾਰ ਵਿੱਚ ਦਾਖ਼ਲ ਹੁੰਦੇ ਹੋ ਤਾਂ ਜ਼ਿੰਦਗੀ ਦੇ ਅਤਿ ਭਿਆਨਕ ਤੇ ਖ਼ੌਫ਼ਨਾਕ ਰੂਪ ਦੇ ਰੂ-ਬ-ਰੂ ਹੁੰਦੇ ਹੋ। ਇਜ਼ਰਾਈਲ ਵੱਲੋਂ ਗਾਜ਼ਾ ਦੇ ਲੋਕਾਂ ਵਿਰੁੱਧ ਛੇੜੀ ਜੰਗ ਦੇ ਭੁਗਤ-ਭੋਗੀਆਂ ਦੇ ਤਜਰਬੇ ਪੜ੍ਹ ਕੇ ਜ਼ਿੰਦਗੀ ਪ੍ਰਤੀ ਤੁਹਾਡੇ ਨਜ਼ਰੀਏ 'ਚ ਕਈ ਤਬਦੀਲੀਆਂ ਆਉਂਦੀਆਂ ਹਨ। ਤੁਹਾਨੂੰ ਸਮਝ ਆਉਂਦੀ ਹੈ ਕਿ ਅਜਿਹੇ ਹਾਲਾਤ ਦਾ ਸਾਹਮਣਾ ਕਰਦਿਆਂ ਮਨੁੱਖ ਕਿਵੇਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕਿਫ਼ਾਇਤ ਕਰਨਾ ਸਿੱਖ ਲੈਂਦਾ ਹੈ। ਪੁਸਤਕ 'ਚ ਗਾਜ਼ਾ ਦਾ ਬਾਸ਼ਿੰਦਾ ਅਹਿਮਦ ਅਲ-ਰੂਜ਼ੀ ਦੱਸਦਾ ਹੈ: ''ਜੰਗ ਤੋਂ ਪਹਿਲਾਂ ਮੈਨੂੰ ਚੀਜ਼ਾਂ ਦੀ ਅਹਿਮੀਅਤ ਦਾ ਪਤਾ ਨਹੀਂ ਸੀ ਕਿਉਂਕਿ ਮੈਂ ਸੋਚਿਆ ਨਹੀਂ ਸੀ ਕਿ ਕਦੇ ਅਜਿਹੇ ਦਿਨ ਵੀ ਆਉਣਗੇ, ਜਦੋਂ ਮੈਨੂੰ ਭੁੱਖਾ ਪਿਆਸਾ ਰਹਿਣਾ ਪਵੇਗਾ। ਜੰਗ ਤੋਂ ਬਾਅਦ ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਬਹੁਤ ਧਿਆਨ ਰੱਖਣ ਲੱਗਿਆ। ਮੈਂ ਚਾਹ ਲਗਭਗ ਫਿੱਕੀ ਹੀ ਪੀਣ ਲੱਗਿਆ। ਮੈਂ ਜਦੋਂ ਵੀ ਰੋਟੀ ਖਾਣ
ਲਈ ਬੁਰਕੀ ਤੋੜ ਕੇ ਮੂੰਹ 'ਚ ਪਾਉਂਦਾ ਤਾਂ ਉਸ ਰੋਟੀ ਵਿੱਚੋਂ ਵੀ ਕੁਝ ਹਿੱਸਾ ਅਗਲੇ ਡੰਗ ਖਾਣ ਲਈ ਬਚਾ ਲੈਂਦਾ। ਮੇਰੀ ਭੁੱਖ ਹੀ ਬਹੁਤ ਘਟ ਗਈ ਸੀ ਅਤੇ ਮੈਂ ਸੱਚਮੁੱਚ ਹੀ ਕਿਫ਼ਾਇਤ ਕਰਨਾ ਸਿੱਖ ਲਿਆ ਸੀ। ... ਹੁਣ ਵੀ ਮੈਂ ਜ਼ਿੰਦਗੀ ਤੋਂ, ਹਰ ਵਰਤਾਰੇ ਤੋਂ, ਹਰ ਛੋਟੀ ਵੱਡੀ ਚੀਜ਼ ਤੋਂ ਡਰਿਆ ਸਹਿਮਿਆ ਰਹਿੰਦਾ ਹਾਂ, ਹਮੇਸ਼ਾ ਫ਼ਿਕਰਾਂ ਵਿੱਚ ਘਿਰਿਆ ਹੋਇਆ।''

ਅਲ-ਦਰਾਜ਼ ਨਾਂ ਦੇ ਇੱਕ ਅੱਲ੍ਹੜ ਨੇ ਆਪਣੀ ਹੱਡਬੀਤੀ ਕੁਝ ਇਉਂ ਦੱਸੀ: ''ਅਲ-ਸ਼ਿਫਾ ਹਸਪਤਾਲ ਵਿੱਚ ਜੋ ਮੰਜ਼ਰ ਮੈਂ ਦੇਖਿਆ, ਉਹ ਕਦੇ ਨਹੀਂ ਭੁੱਲ ਸਕਦਾ। ਇੱਕ ਉੱਪਰ ਇੱਕ ਸੁੱਟੀਆਂ ਸੈਂਕੜੇ ਲਾਸ਼ਾਂ ਦਾ ਅੰਬਾਰ ਲੱਗਿਆ ਹੋਇਆ ਸੀ। ਚੀਥੜੇ ਚੀਥੜੇ ਹੋਏ ਅੰਗ, ਉਨ੍ਹਾਂ ਵਿੱਚੋਂ ਵਗਦਾ ਲਹੂ ਤੇ ਲਾਸ਼ਾਂ ਦੀਆਂ ਹੱਡੀਆਂ ਇੱਕ-ਦੂਜੇ ਵਿੱਚ ਰਲੀਆਂ ਹੋਈਆਂ। ਪਤਾ ਨਹੀਂ ਸੀ ਲੱਗਦਾ ਕਿ ਲਾਸ਼ ਔਰਤ ਦੀ ਹੈ, ਮਰਦ ਦੀ ਜਾਂ ਬੱਚੇ ਦੀ। ਬੁਰੀ ਤਰ੍ਹਾਂ ਜ਼ਖ਼ਮੀ ਹੋਏ ਲੋਕਾਂ ਦੀ ਚੀਖ਼ ਪੁਕਾਰ ਘਬਰਾਹਟ ਪੈਦਾ ਕਰ ਰਹੀ ਸੀ। ਦਰਦ ਨਾਲ ਤੜਪ ਰਹੇ ਲੋਕ ਨਹੀਂ ਜਾਣਦੇ ਸਨ ਕਿ ਉਨ੍ਹਾਂ ਦੇ ਬੱਚੇ ਕਿੱਥੇ ਨੇ, ਉਨ੍ਹਾਂ ਦੇ ਮਰਦ, ਉਨ੍ਹਾਂ ਦੀਆਂ ਬੀਵੀਆਂ ਜਾਂ ਮਾਪੇ ਕਿੱਥੇ ਹਨ? ਉਸ ਰਾਤ ਜਦੋਂ ਹਸਪਤਾਲ ਤੋਂ ਪਰਤਿਆ ਤਾਂ ਨੀਂਦ ਉੱਡ-ਪੁੱਡ ਚੁੱਕੀ ਸੀ, ਮੈਂ ਸਾਰੀ ਰਾਤ ਡਰ ਨਾਲ ਕੰਬਦਾ ਰਿਹਾ।
ਸੋਚਿਆ, ਸ਼ਾਇਦ ਇਹ 'ਕੱਲੀ ਕਾਰੀ ਰਾਤ ਹੈ ਜਦੋਂ ਨੀਂਦ ਨਹੀਂ ਆਵੇਗੀ, ਪਰ ਅੱਜ ਵੀ ਉਹ ਭਿਆਨਕ ਮੰਜ਼ਰ ਤੇ ਉਹ ਸਾਰੇ ਲੋਕ ਮੇਰੀਆਂ ਅੱਖਾਂ ਮੂਹਰੇ ਆਉਂਦੇ ਨੇ ਤੇ ਫਿਰ ਮੈਂ ਸੌਂ ਨਹੀਂ ਸਕਦਾ।''

ਗਾਜ਼ਾ ਵਿੱਚ ਰੁਦਨ ਕਰਦੀਆਂ ਮਾਵਾਂ ਦਾ ਜ਼ਿਕਰ ਮਹਿਮੂਦ ਬਲਾਵੀ ਕੁਝ ਇਉਂ ਕਰਦਾ ਹੈ: ''ਗਾਜ਼ਾ ਵਿੱਚ ਵਕਤ ਬਾਕੀ ਦੁਨੀਆ ਵਾਂਗ ਨਹੀਂ ਚੱਲ ਰਿਹਾ; ਗਾਜ਼ਾ ਵਿੱਚ ਘੰਟੇ ਦਾ ਮਤਲਬ 60 ਸ਼ਹੀਦ ਤੇ 33,600 ਜ਼ਖ਼ਮੀ। ਜਦੋਂ 60 ਘਰ ਤਬਾਹ ਹੋ ਜਾਣ ਤਾਂ ਇੱਕ ਮਿੰਟ ਅਤੇ ਇੱਕ ਸਕਿੰਟ ਦਾ ਮਤਲਬ ਰੁਦਨ ਕਰਦੀਆਂ 60 ਮਾਵਾਂ। ਸਭ ਤੋਂ ਦਰਦਨਾਕ ਹੈ ਉਸ ਮਾਂ ਦਾ ਰੁਦਨ, ਜੋ ਆਪਣੀਆਂ ਅੱਖਾਂ ਸਾਹਮਣੇ ਆਪਣੇ ਜਿਗਰ ਦੇ ਟੁਕੜਿਆਂ ਨੂੰ ਮਰਦਾ ਦੇਖ ਰਹੀ ਹੈ। ਜੰਗ ਦੌਰਾਨ ਗਾਜ਼ਾ ਵਿੱਚ ਇੱਕ ਰਾਤ ਦੀ ਕਥਾ ਸੈਂਕੜੇ ਕਹਾਣੀਆਂ ਬਰਾਬਰ ਹੈ।''

ਹਿਬਾ ਦਾਊਦ ਨੇ ਆਪਣੀ ਕਹਾਣੀ ਕੁਝ ਇਉਂ ਦੱਸੀ: ''ਮੇਰੇ ਗੁਆਂਢੀ ਜਦੋਂ ਘਰੋਂ ਨਿਕਲ ਰਹੇ ਸਨ ਤਾਂ ਇੱਕ ਮਿਜ਼ਾਈਲ ਉਨ੍ਹਾਂ ਦੇ ਘਰ 'ਤੇ ਡਿੱਗੀ। ਹਾਲਾਂਕਿ, ਉਨ੍ਹਾਂ ਸਫ਼ੇਦ ਝੰਡੇ ਵੀ ਲਹਿਰਾਏ, ਉਹ ਘਰ ਛੱਡ ਕੇ ਆਪਣੇ ਰਿਸ਼ਤੇਦਾਰਾਂ ਕੋਲ ਜਾ ਰਹੇ ਸਨ, ਪਰ ਮਿਜ਼ਾਈਲ ਉਨ੍ਹਾਂ 'ਤੇ ਆ ਡਿੱਗੀ ਤੇ ਸਾਰਾ ਪਰਿਵਾਰ ਸ਼ਹੀਦ ਹੋ ਗਿਆ।

ਸਵੇਰੇ 9 ਵਜੇ ਇਜ਼ਰਾਇਲੀ ਫ਼ੌਜ ਦਾ ਸਾਨੂੰ ਫੋਨ ਆਇਆ ਕਿ ਤੁਰੰਤ ਘਰ ਖਾਲੀ ਕਰ ਦਿਓ। ਸਾਡੀ ਗਲੀ ਵਿੱਚ 25 ਪਰਿਵਾਰ ਸਨ ਜੋ ਸਾਡੇ ਵਾਂਗ ਫਸੇ ਹੋਏ ਅਤੇ ਜ਼ਖ਼ਮੀ ਸਨ, ਪਰ ਸਿਰਫ਼ ਸਾਡੇ ਘਰ 'ਤੇ ਹੀ ਬੰਬ ਸੁੱਟਣ ਦੀ ਧਮਕੀ ਦਿੱਤੀ ਗਈ। ਉਨ੍ਹਾਂ ਕਿਹਾ, ਘਰ ਤੁਰੰਤ ਖਾਲੀ ਕਰ ਦਿਓ, ਨਹੀਂ ਤਾਂ ਅਸੀਂ ਤੁਹਾਨੂੰ ਬੰਬ ਨਾਲ ਉਡਾ ਦਿਆਂਗੇ।''

ਅਹਿਮਦ ਤਾਹਾ ਦੇ ਇਹ ਅਲਫਾਜ਼ ਸਮੁੱਚੇ ਫ਼ਲਸਤੀਨੀਆਂ ਦੇ ਦਰਦ ਨੂੰ ਜ਼ੁਬਾਨ ਦਿੰਦੇ ਹਨ: ''ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਸ ਮੋੜ 'ਤੇ ਪੁੱਜ ਗਏ ਹਾਂ, ਜਿੱਥੇ ਤੁਸੀਂ ਮਰ ਸਕਦੇ ਹੋ ਅਤੇ ਸਾਰੇ ਤੁਹਾਨੂੰ ਮਰਦੇ ਹੋਏ ਦੇਖਦੇ ਹਨ ਅਤੇ ਕੋਈ ਵੀ ਤੁਹਾਡੀ ਮਦਦ ਕਰਨ ਦਾ ਇਛੁੱਕ ਨਹੀਂ।''

ਇਹ ਸਾਰੇ ਵੇਰਵੇ ਪੜ੍ਹਨ ਤੋਂ ਬਾਅਦ ਮਨ ਵਿੱਚ ਇਹ ਸਵਾਲ ਆਉਂਦਾ ਹੈ ਕਿ ਜ਼ਿੰਦਗੀ ਦਾ ਇਹ ਕਿਹੋ ਜਿਹਾ ਕਰੂਪ ਚਿਹਰਾ ਹੈ? ਗਾਜ਼ਾ 'ਚ ਜਿਊਂਦੇ ਹੋਣ ਦਾ ਮਤਲਬ ਹੈ ਹਰ ਘੜੀ ਮੌਤ ਦਾ ਖ਼ੌਫ਼ ਢੋਣਾ। ਸਮੁੱਚੀ ਦੁਨੀਆ ਇਹ ਨਸਲਕੁਸ਼ੀ ਦੇਖ ਰਹੀ ਹੈ। ਆਪਣੀ ਹੀ ਧਰਤੀ ਦੇ ਜਾਏ ਗਾਜ਼ਾ 'ਚ ਵਸਦੇ ਇਨ੍ਹਾਂ ਧੀਆਂ-ਪੁੱਤਰਾਂ ਤੋਂ ਜ਼ਿੰਦਗੀ ਜਿਊਣ ਦਾ ਹੱਕ 'ਦੁਨੀਆ ਦੇ ਚੌਧਰੀ' ਕਹਾਉਂਦੇ ਮੁਲਕ ਸ਼ਰੇਆਮ ਖੋਹ ਰਹੇ ਨੇ, ਪਰ ਸਭ ਚੁੱਪ-ਚਾਪ ਬੇਵੱਸੀ ਨਾਲ ਦੇਖ ਰਹੇ ਹਨ ਅਤੇ ਕਿਸੇ ਵੱਲੋਂ ਇਨ੍ਹਾਂ ਦੇ ਹੱਕ 'ਚ ਜ਼ੋਰਦਾਰ ਆਵਾਜ਼ ਬੁਲੰਦ ਨਹੀਂ ਕੀਤੀ ਜਾ ਰਹੀ।

# ਚੰਡੀਗੜ੍ਹ ਦਾ ਦੂਜਾ ਪਾਸਾ



ਸਾਲ 2015 ਵਿੱਚ ਸੰਗਰੂਰ ਜ਼ਿਲ੍ਹੇ ਦੇ ਸੰਤ ਲੌਂਗੋਵਾਲ ਇੰਸਟੀਚਿਊਟ ਔਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਤੋਂ ਗ੍ਰੈਜੂਏਸ਼ਨ ਕਰਨ ਮਗਰੋਂ ਮੈਂ ਅਤੇ ਮੇਰੇ ਕੁਝ ਦੋਸਤਾਂ ਨੇ ਸਰਕਾਰੀ ਨੌਕਰੀਆਂ ਦੀ ਤਿਆਰੀ ਲਈ ਚੰਡੀਗੜ੍ਹ ਜਾਣ ਦਾ ਫ਼ੈਸਲਾ ਕੀਤਾ। ਸਾਡੇ ਮਨ ਵਿੱਚ ਚੰਡੀਗੜ੍ਹ ਨੂੰ ਲੈ ਕੇ ਉਤਸ਼ਾਹ ਸੀ। ਅਸੀਂ ਸੁਣਿਆ ਸੀ ਕਿ ਚੰਡੀਗੜ੍ਹ ਦੀ ਜ਼ਿੰਦਗੀ ਪੰਜਾਬ ਦੇ ਹੋਰ ਸ਼ਹਿਰਾਂ ਨਾਲੋਂ ਕਾਫ਼ੀ ਰੰਗੀਨ ਅਤੇ ਵੱਖਰੀ ਹੈ। ਉਸ ਵੇਲੇ ਤੱਕ ਚੰਡੀਗੜ੍ਹ ਦੇ ਗੇੜੀ ਰੂਟ, ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ, ਸੁਖਨਾ ਝੀਲ ਅਤੇ ਪਿਕਾਡਲੀ ਸਿਨੇਮਾ ਬਾਰੇ ਹੀ ਵੱਧ ਸੁਣਿਆ ਸੀ। ਇਸ ਕਾਰਨ ਮਨ ਵਿੱਚ ਇੱਕ ਧਾਰਨਾ ਬਣ ਗਈ ਸੀ ਕਿ ਚੰਡੀਗੜ੍ਹ ਦੇ ਨੌਜਵਾਨਾਂ ਦੀ ਜ਼ਿੰਦਗੀ ਬਹੁਤ ਰੌਣਕਾਂ ਭਰੀ ਹੁੰਦੀ ਹੋਵੇਗੀ।

ਜਿਉਂ ਹੀ ਅਸੀਂ ਚੰਡੀਗੜ੍ਹ ਪਹੁੰਚੇ, ਸਭ ਤੋਂ ਪਹਿਲਾਂ ਸਖ਼ਤ ਟਰੈਫਿਕ ਨਿਯਮਾਂ ਨਾਲ ਸਾਡਾ ਸਾਹਮਣਾ ਹੋਇਆ। ਇਸ ਤੋਂ ਬਾਅਦ ਰਹਿਣ ਲਈ ਕਮਰਾ ਲੱਭਣਾ ਅਤੇ ਖਾਣ-ਪੀਣ ਦਾ ਪ੍ਰਬੰਧ ਕਰਨਾ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਸੀ। ਇਸ ਤਰ੍ਹਾਂ ਕਈ ਦਿਨ ਤਾਂ ਸਿਰਫ਼ ਨਵੇਂ ਸ਼ਹਿਰ ਵਿੱਚ ਆਪਣੇ ਆਪ ਨੂੰ ਢਾਲਣ ਵਿੱਚ ਹੀ ਲੰਘ ਗਏ। ਬਾਅਦ ਵਿੱਚ ਅਸੀਂ ਇੱਕ ਪ੍ਰਾਈਵੇਟ ਇੰਸਟੀਚਿਊਟ ਵਿੱਚ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਦਾਖ਼ਲਾ ਲੈ ਲਿਆ। ਉਸ ਸਮੇਂ ਸਾਨੂੰ ਲੱਗਦਾ ਸੀ ਕਿ ਹੁਣ ਛੇ ਮਹੀਨੇ ਜਾਂ ਇੱਕ ਸਾਲ ਵਿੱਚ ਸਾਡਾ ਕੋਈ ਨਾ ਕੋਈ ਪੇਪਰ ਜ਼ਰੂਰ ਕਲੀਅਰ ਹੋ ਜਾਵੇਗਾ। ਸਾਡੀ ਪਹਿਲਾਂ ਤੋਂ ਆਦਤ ਸੀ ਕਿ ਸਿਰਫ਼ ਕਲਾਸਾਂ ਲਾ ਲੈਣ ਨੂੰ ਹੀ ਪੜ੍ਹਾਈ ਸਮਝ ਲੈਂਦੇ ਸੀ ਅਤੇ ਕਲਾਸ ਤੋਂ ਬਾਅਦ ਅਕਸਰ ਘੁੰਮਣ-ਫਿਰਨ ਨਿਕਲ ਜਾਂਦੇ ਸੀ।

ਇਸ ਦੌਰਾਨ ਮੇਰੇ ਮਿੱਤਰ ਵੀਰਦਵਿੰਦਰ ਸਿੰਘ, ਜੋ ਸਾਡੇ ਨਾਲ ਹੀ ਕਲਾਸ ਵਿੱਚ ਪੜ੍ਹਦਾ ਸੀ, ਦੇ ਕਹਿਣ 'ਤੇ ਮੈਂ ਸੈਕਟਰ-42 ਦੀ ਲਾਇਬਰੇਰੀ ਜਾਣਾ ਸ਼ੁਰੂ ਕੀਤਾ। ਪਹਿਲੇ ਹੀ ਦਿਨ ਉੱਥੇ ਦਾ ਮਾਹੌਲ ਦੇਖ ਕੇ ਮੈਂ ਹੈਰਾਨ ਰਹਿ ਗਿਆ। ਵਿਦਿਆਰਥੀ ਸਵੇਰੇ ਅੱਠ ਵਜੇ ਤੋਂ ਪਹਿਲਾਂ ਹੀ ਪਹੁੰਚ ਜਾਂਦੇ ਅਤੇ ਰਾਤ ਦੇ ਅੱਠ-ਦਸ ਵਜੇ ਤੱਕ ਲਗਾਤਾਰ ਪੜ੍ਹਦੇ ਰਹਿੰਦੇ ਸਨ। ਉਸ ਦਿਨ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੰਜ਼ਿਲ ਹਾਸਲ ਕਰਨ ਲਈ ਕਿੰਨੀ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ। ਚੰਡੀਗੜ੍ਹ ਸਿਰਫ਼ ਗੇੜੀਆਂ ਅਤੇ ਮਨੋਰੰਜਨ ਦਾ ਸ਼ਹਿਰ ਨਹੀਂ, ਸਗੋਂ ਹਜ਼ਾਰਾਂ ਨੌਜਵਾਨਾਂ ਦੇ ਸੰਘਰਸ਼ ਅਤੇ ਸੁਪਨਿਆਂ ਦਾ ਸ਼ਹਿਰ ਵੀ ਹੈ। ਲਾਇਬਰੇਰੀ ਸਵੇਰੇ ਅੱਠ ਵਜੇ ਖੁੱਲ੍ਹਦੀ ਸੀ, ਪਰ ਵਿਦਿਆਰਥੀ ਸਵੇਰੇ ਸੱਤ ਵਜੇ ਹੀ ਆਪਣੇ ਬੈਗ ਲਾਈਨ ਵਿੱਚ ਰੱਖ ਜਾਂਦੇ ਸਨ ਤਾਂ ਜੋ ਉਨ੍ਹਾਂ ਨੂੰ ਬੈਠਣ ਲਈ ਸੀਟ ਮਿਲ ਸਕੇ। ਜੇ ਕੋਈ ਵਿਦਿਆਰਥੀ ਅੱਠ-ਸਾਢੇ ਅੱਠ ਵਜੇ ਤੱਕ ਆਉਂਦਾ ਤਾਂ ਅਕਸਰ ਉਸ ਨੂੰ ਸੀਟ ਨਹੀਂ ਮਿਲਦੀ ਸੀ। ਹੌਲੀ-ਹੌਲੀ ਮੈਨੂੰ ਚੰਡੀਗੜ੍ਹ ਦੀਆਂ ਹੋਰ ਲਾਇਬ੍ਰੇਰੀਆਂ ਬਾਰੇ ਵੀ ਪਤਾ ਲੱਗਿਆ, ਜਿੱਥੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਏ ਨੌਜਵਾਨ ਆਪਣੇ ਤੇ ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨ ਲਈ ਦਿਨ-ਰਾਤ ਮਿਹਨਤ ਕਰਦੇ ਸਨ। ਇਨ੍ਹਾਂ ਲਾਇਬਰੇਰੀਆਂ ਵਿੱਚ ਜਾ ਕੇ ਵੇਖਿਆ ਕਿ ਕਿਵੇਂ ਪੰਜਾਬ ਦੇ ਛੋਟੇ ਪਿੰਡਾਂ ਅਤੇ ਸ਼ਹਿਰਾਂ ਤੋਂ ਆਏ ਵਿਦਿਆਰਥੀ ਆਪਣੀ ਕਿਸਮਤ ਆਪ ਲਿਖਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਲਾਇਬਰੇਰੀਆਂ ਨੇ ਮੈਨੂੰ ਇਹ ਸਮਝਾਇਆ ਕਿ ਚੰਡੀਗੜ੍ਹ ਦਾ ਇੱਕ ਹੋਰ ਚਿਹਰਾ ਵੀ ਹੈ, ਜੋ ਬਾਹਰੀ ਚਮਕ-ਦਮਕ ਤੋਂ ਕਿਤੇ ਵੱਧ ਗੰਭੀਰ ਅਤੇ ਪ੍ਰੇਰਣਾਦਾਇਕ ਹੈ। ਮੇਰੀ ਜਾਣ-ਪਛਾਣ ਵਿੱਚ ਜਿੰਨੇ ਵੀ ਮਿੱਤਰ ਸਨ, ਉਹ ਇਨ੍ਹਾਂ ਲਾਇਬਰੇਰੀਆਂ ਵਿੱਚ ਜਾਂਦੇ ਸਨ, ਉਨ੍ਹਾਂ ਸਭ ਨੇ ਆਪਣੀ ਆਪਣੀ ਮੰਜ਼ਿਲ ਵੀ ਪ੍ਰਾਪਤ ਕੀਤੀ।

ਚੰਡੀਗੜ੍ਹ ਸਿਰਫ਼ ਘੁੰਮਣ-ਫਿਰਨ ਜਾਂ ਗੇੜੀਆਂ ਲਗਾਉਣ ਲਈ ਨਹੀਂ ਬਣਿਆ; ਇਹ ਉਹ ਥਾਂ ਵੀ ਹੈ ਜਿੱਥੇ ਲੱਖਾਂ ਨੌਜਵਾਨ ਆਪਣੀਆਂ ਮੰਜ਼ਿਲਾਂ ਦੀ ਭਾਲ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਵਿੱਚੋਂ ਕਈ ਆਪਣੀ ਮੰਜ਼ਿਲ ਹਾਸਲ ਵੀ ਕਰ ਲੈਂਦੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਚੰਡੀਗੜ੍ਹ ਦੀ ਤਰਜ਼ 'ਤੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੀ ਆਧੁਨਿਕ ਲਾਇਬਰੇਰੀਆਂ ਸਥਾਪਿਤ ਕੀਤੀਆਂ ਜਾਣ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਅਤੇ ਪ੍ਰੇਰਨਾ ਮਿਲ ਸਕੇ।

# ਪਰਵਾਸੀ ਜੀਵਨ ਦੀ ਚਮਕ ਪਿੱਛੇ ਲੁਕਿਆ ਅਪਰਾਧ




ਪਿਛਲੇ ਚਾਰ ਸਾਲਾਂ ਦੌਰਾਨ ਕੈਨੇਡਾ ਅਤੇ ਅਮਰੀਕਾ ਦੋਵਾਂ ਵਿੱਚ ਪੰਜਾਬੀ ਭਾਈਚਾਰੇ ਨੂੰ ਕਈ ਉੱਚ-ਪ੍ਰੋਫਾਈਲ ਅਪਰਾਧਕ ਜਾਂਚਾਂ, ਗੈਂਗ-ਸਬੰਧਿਤ ਗਤੀਵਿਧੀਆਂ, ਧੋਖਾਧੜੀ ਦੇ ਮਾਮਲਿਆਂ, ਜਬਰੀ ਵਸੂਲੀ ਦੇ ਰੈਕੇਟ ਅਤੇ ਇਮੀਗ੍ਰੇਸ਼ਨ ਉਲੰਘਣਾਵਾਂ ਦੇ ਕਾਰਨ ਵਧਦੀ ਜਨਤਕ ਜਾਂਚ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵਿੱਚ ਪੰਜਾਬੀ ਮੂਲ ਦੇ ਵਿਅਕਤੀਆਂ ਦਾ ਇੱਕ ਛੋਟਾ ਜਿਹਾ ਹਿੱਸਾ ਸ਼ਾਮਲ ਹੈ, ਜਿਸ ਵਿੱਚ ਕੁਝ ਸਿੱਖ ਵੀ ਸ਼ਾਮਲ ਹਨ। ਮੀਡੀਆ ਨੇ ਅਕਸਰ ਇਨ੍ਹਾਂ ਘਟਨਾਵਾਂ ਨੂੰ ਉਜਾਗਰ ਕੀਤਾ ਹੈ, ਪਰ ਇਹ ਯਾਦ ਰੱਖਣਾ ਵੀ ਬਰਾਬਰ ਮਹੱਤਵਪੂਰਨ ਹੈ ਕਿ ਉੱਤਰੀ ਅਮਰੀਕਾ ਵਿੱਚ ਰਹਿਣ ਵਾਲੇ ਪੰਜਾਬੀ ਅਤੇ ਸਿੱਖ ਜ਼ਿਆਦਾਤਰ ਸ਼ਾਂਤੀਪੂਰਨ, ਮਿਹਨਤੀ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ ਹਨ ਜੋ ਕਾਰੋਬਾਰ, ਆਵਾਜਾਈ, ਸਿਹਤ ਸੰਭਾਲ, ਖੇਤੀਬਾੜੀ, ਸਿੱਖਿਆ ਅਤੇ ਰਾਜਨੀਤੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

ਨਾ ਤਾਂ ਕੈਨੇਡਾ ਅਤੇ ਨਾ ਹੀ ਸੰਯੁਕਤ ਰਾਜ ਅਮਰੀਕਾ ਅਧਿਕਾਰਤ ਤੌਰ ’ਤੇ ਪੰਜਾਬੀ ਨਸਲੀ ਜਾਂ ਸਿੱਖ ਧਰਮ ਦੇ ਆਧਾਰ ’ਤੇ ਅਪਰਾਧ ਦੇ ਅੰਕੜੇ ਰੱਖਦਾ ਹੈ। ਇਸ ਕਾਰਨ, ਪਿਛਲੇ ਚਾਰ ਸਾਲਾਂ ਦੌਰਾਨ ਕਿੰਨੇ ਪੰਜਾਬੀਆਂ ਜਾਂ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਾਂ ਸਜ਼ਾ ਦਿੱਤੀ ਗਈ, ਇਹ ਦਰਸਾਉਣ ਵਾਲਾ ਕੋਈ ਸਹੀ ਅੰਕੜਾ ਮੌਜੂਦ ਨਹੀਂ ਹੈ। ਹਾਲਾਂਕਿ, ਦੋਵਾਂ ਦੇਸ਼ਾਂ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਵਾਰ-ਵਾਰ ਸੰਗਠਿਤ ਅਪਰਾਧ, ਜਬਰਨ ਵਸੂਲੀ ਨੈੱਟਵਰਕ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਵਿੱਤੀ ਧੋਖਾਧੜੀ ਅਤੇ ਅੰਤਰ-ਰਾਸ਼ਟਰੀ ਪੰਜਾਬੀ ਅਪਰਾਧਿਕ ਸਮੂਹਾਂ ਨਾਲ ਜੁੜੇ ਕੁਝ ਵਿਅਕਤੀਆਂ ਨਾਲ ਜੁੜੀ ਗੈਂਗ ਹਿੰਸਾ ਬਾਰੇ ਵਧਦੀਆਂ ਚਿੰਤਾਵਾਂ ਨੂੰ ਸਵੀਕਾਰ ਜ਼ਰੂਰ ਕੀਤਾ ਹੈ।


ਗ੍ਰਿਫ਼ਤਾਰੀਆਂ ਅਤੇ ਜਾਚਾਂ ਵਿੱਚ ਵਾਧੇ ਦਾ ਇੱਕ ਵੱਡਾ ਕਾਰਨ ਕੋਵਿਡ-19 ਮਹਾਮਾਰੀ ਤੋਂ ਬਾਅਦ ਇਮੀਗ੍ਰੇਸ਼ਨ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਰਵਾਸ ਵਿੱਚ ਤੇਜ਼ੀ ਨਾਲ ਵਾਧਾ ਹੈ। ਹਜ਼ਾਰਾਂ ਪੰਜਾਬੀ ਨੌਜਵਾਨ ਬਿਹਤਰ ਮੌਕਿਆਂ ਦੀ ਭਾਲ ਵਿੱਚ ਕੈਨੇਡਾ ਅਤੇ ਅਮਰੀਕਾ ਪਹੁੰਚੇ, ਪਰ ਬਹੁਤਿਆਂ ਨੂੰ ਵਿੱਤੀ ਸੰਘਰਸ਼, ਬੇਰੁਜ਼ਗਾਰੀ, ਉੱਚ ਰਹਿਣ-ਸਹਿਣ ਦੀਆਂ ਲਾਗਤਾਂ ਅਤੇ ਸ਼ੋਸ਼ਣ ਦਾ ਵੀ ਸਾਹਮਣਾ ਕਰਨਾ ਪਿਆ। ਪੁਲੀਸ ਅਧਿਕਾਰੀਆਂ ਅਤੇ ਭਾਈਚਾਰਕ ਨਿਰੀਖਕਾਂ ਨੇ ਕਿਹਾ ਕਿ ਅਪਰਾਧਿਕ ਗਿਰੋਹ ਅਕਸਰ ਸੋਸ਼ਲ ਮੀਡੀਆ ਰਾਹੀਂ ਕਮਜ਼ੋਰ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਉਹ ਨਸ਼ੀਲੇ ਪਦਾਰਥਾਂ ਦੀ ਵੰਡ, ਜਬਰਨ ਵਸੂਲੀ, ਕਾਰ ਚੋਰੀ ਅਤੇ ਵਿੱਤੀ ਧੋਖਾਧੜੀ ਵਰਗੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਰਾਹੀਂ ਜਲਦੀ ਪੈਸੇ ਦਾ ਵਾਅਦਾ ਕਰਦੇ ਸਨ। ਸਾਲ 2022 ਵਿੱਚ ਸਰੀ, ਬਰੈਂਪਟਨ, ਵੈਨਕੂਵਰ ਅਤੇ ਟੋਰਾਂਟੋ ਵਰਗੇ ਕੈਨੇਡੀਅਨ ਸ਼ਹਿਰਾਂ ਵਿੱਚ ਪੁਲੀਸ ਵਿਭਾਗਾਂ ਨੇ ਦੱਖਣੀ ਏਸ਼ਿਆਈ ਕਾਰੋਬਾਰੀ ਮਾਲਕਾਂ ਤੋਂ ਜਬਰਨ ਵਸੂਲੀ ਦੀਆਂ ਸ਼ਿਕਾਇਤਾਂ ਵਿੱਚ ਵਾਧੇ ਦੀ ਰਿਪੋਰਟ ਕਰਨੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਪੰਜਾਬੀ ਕਾਰੋਬਾਰੀਆਂ ਨੂੰ ਕਥਿਤ ਤੌਰ ’ਤੇ ਪੈਸੇ ਦੀ ਮੰਗ ਕਰਨ ਵਾਲੇ ਧਮਕੀ ਭਰੇ ਫੋਨ ਆਏ। ਰੈਸਟੋਰੈਂਟ, ਟਰੱਕਿੰਗ ਕੰਪਨੀਆਂ, ਨਿਰਮਾਣ ਫਰਮਾਂ ਅਤੇ ਪ੍ਰਚੂਨ ਸਟੋਰ ਆਮ ਨਿਸ਼ਾਨਾ ਬਣ ਗਏ। ਅਧਿਕਾਰੀਆਂ ਨੇ ਸੂਬਾਈ ਸਰਹੱਦਾਂ ਦੇ ਪਾਰ ਕੰਮ ਕਰਨ ਵਾਲੇ ਸੰਗਠਿਤ ਗਿਰੋਹਾਂ ਤੋਂ ਵਧਦੀ ਗਤੀਵਿਧੀ ਨੂੰ ਵੀ ਦੇਖਿਆ। ਉਸੇ ਸਾਲ ਦੌਰਾਨ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਕੈਲੀਫੋਰਨੀਆ, ਟੈਕਸਾਸ ਅਤੇ ਨਿਊਯਾਰਕ ਵਿੱਚ ਦੱਖਣੀ ਏਸ਼ਿਆਈ ਸ਼ੱਕੀਆਂ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗ਼ੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕਾਂ ਦੀ ਜਾਂਚ ਦਾ ਵਿਸਤਾਰ ਕੀਤਾ।

ਸਾਲ 2023 ਵਿੱਚ ਕੈਨੇਡਾ ਵਿੱਚ ਕਈ ਵੱਡੇ ਪੱਧਰ ’ਤੇ ਧੋਖਾਧੜੀ ਅਤੇ ਸੰਗਠਿਤ ਅਪਰਾਧ ਜਾਚਾਂ ਹੋਈਆਂ। ਟੋਰਾਂਟੋ ਪੁਲੀਸ ਨੇ ਵਿੱਤੀ ਧੋਖਾਧੜੀ ਸਕੀਮਾਂ ਦਾ ਪਰਦਾਫਾਸ਼ ਕੀਤਾ ਜਿਸ ਵਿੱਚ ਜਾਅਲੀ ਪਛਾਣ, ਧੋਖਾਧੜੀ ਵਾਲੇ ਕਰਜ਼ੇ ਅਤੇ ਲੱਖਾਂ ਡਾਲਰਾਂ ਦੀ ਬੈਂਕਿੰਗ ਜਾਣਕਾਰੀ ਚੋਰੀ ਕੀਤੀ ਗਈ ਸੀ। ਸਿੰਥੈਟਿਕ ਪਛਾਣ ਧੋਖਾਧੜੀ ਅਤੇ ਸਾਈਬਰ ਅਪਰਾਧ ਨਾਲ ਜੁੜੇ ਵੱਖ-ਵੱਖ ਕਾਰਜਾਂ ਵਿੱਚ ਪੰਜਾਬੀ ਮੂਲ ਦੇ ਕਈ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਗੈਂਗ ਭਰਤੀ ਦੀਆਂ ਰਿਪੋਰਟਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਕਮਿਊਨਿਟੀ ਨੇਤਾਵਾਂ ਨੇ ਚਿੰਤਾ ਪ੍ਰਗਟ ਕੀਤੀ ਕਿ ਕੁਝ ਵਿਦਿਆਰਥੀ ਜੋ ਵੱਡੇ ਵਿਦਿਅਕ ਕਰਜ਼ੇ ਲੈ ਕੇ ਆਏ ਸਨ, ਤੇਜ਼ੀ ਨਾਲ ਆਮਦਨ ਹਾਸਲ ਕਰਨ ਦਾ ਵਾਅਦਾ ਕਰਨ ਵਾਲੇ ਸੰਗਠਿਤ ਅਪਰਾਧਿਕ ਨੈੱਟਵਰਕਾਂ ਲਈ ਆਸਾਨ ਨਿਸ਼ਾਨਾ ਬਣ ਗਏ।

ਸਾਲ 2023 ਦੌਰਾਨ ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਦੇ ਅਧਿਕਾਰੀਆਂ ਨੇ ਪੰਜਾਬ ਅਤੇ ਕੈਨੇਡਾ ਤੋਂ ਇੱਕੋ ਸਮੇਂ ਕੰਮ ਕਰਨ ਵਾਲੇ ਅੰਤਰਰਾਸ਼ਟਰੀ ਅਪਰਾਧਿਕ ਸਿੰਡੀਕੇਟਾਂ ਨਾਲ ਕਥਿਤ ਤੌਰ ’ਤੇ ਜੁੜੇ ਜਬਰੀ ਵਸੂਲੀ ਗਿਰੋਹਾਂ ਦੀ ਜਾਂਚ ਵੀ ਤੇਜ਼ ਕਰ ਦਿੱਤੀ। ਬਹੁਤ ਸਾਰੇ ਪੀੜਤਾਂ ਨੇ ਕਥਿਤ ਤੌਰ ’ਤੇ ਪੁਲੀਸ ਕੋਲ ਜਾਣ ਤੋਂ ਪਰਹੇਜ਼ ਕੀਤਾ ਕਿਉਂਕਿ ਉਨ੍ਹਾਂ ਨੂੰ ਭਾਰਤ ਵਿੱਚ ਰਹਿਣ ਵਾਲੇ ਰਿਸ਼ਤੇਦਾਰਾਂ ਵਿਰੁੱਧ ਬਦਲਾ ਲੈਣ ਦਾ ਡਰ ਸੀ। ਪੁਲੀਸ ਏਜੰਸੀਆਂ ਨੇ ਸਥਾਨਕ ਅਪਰਾਧਕ ਸਮੂਹਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਕਾਰਗੋ ਚੋਰੀ ਵਿੱਚ ਸ਼ਾਮਲ ਵਿਸ਼ਾਲ ਅੰਤਰਰਾਸ਼ਟਰੀ ਨੈੱਟਵਰਕਾਂ ਵਿਚਕਾਰ ਸਬੰਧਾਂ ਦੀ ਪਛਾਣ ਕੀਤੀ।

ਸਾਲ 2024 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਸਬੰਧ ਵਿੱਚ ਕੈਨੇਡੀਅਨ ਅਧਿਕਾਰੀਆਂ ਵੱਲੋਂ ਕਈ ਭਾਰਤੀ ਮੂਲ ਦੇ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਅੰਤਰਰਾਸ਼ਟਰੀ ਧਿਆਨ ਨਾਟਕੀ ਢੰਗ ਨਾਲ ਵਧਿਆ। ਇਸ ਮਾਮਲੇ ਨੇ ਕੈਨੇਡਾ ਅਤੇ ਭਾਰਤ ਵਿਚਕਾਰ ਇੱਕ ਵੱਡਾ ਕੂਟਨੀਤਕ ਸੰਕਟ ਪੈਦਾ ਕਰ ਦਿੱਤਾ ਅਤੇ ਵਿਸ਼ਵਵਿਆਪੀ ਮੀਡੀਆ ਦਾ ਧਿਆਨ ਅਪਰਾਧਿਕ ਨੈੱਟਵਰਕਾਂ, ਰਾਜਨੀਤਕ ਤਣਾਅ ਅਤੇ ਪੰਜਾਬੀ ਡਾਇਸਪੋਰਾ ਦੇ ਕੁਝ ਹਿੱਸਿਆਂ ਨਾਲ ਜੁੜੀਆਂ ਕੱਟੜਪੰਥੀ ਗਤੀਵਿਧੀਆਂ ਵੱਲ ਖਿੱਚਿਆ। ਉਸੇ ਸਾਲ ਦੌਰਾਨ ਕੈਨੇਡੀਅਨ ਪੁਲੀਸ ਨੇ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕੰਮ ਕਰ ਰਹੇ ਸੰਗਠਿਤ ਜਬਰੀ ਵਸੂਲੀ ਗਿਰੋਹਾਂ ਅਤੇ ਵਾਹਨ ਚੋਰੀ ਕਰਨ ਵਾਲੇ ਗਿਰੋਹਾਂ ਵਿਰੁੱਧ ਵੱਡੀਆਂ ਕਾਰਵਾਈਆਂ ਸ਼ੁਰੂ ਕੀਤੀਆਂ।

ਅਧਿਕਾਰੀਆਂ ਨੇ ਕੁਝ ਜਬਰੀ ਵਸੂਲੀ ਕਾਰਵਾਈਆਂ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਜੁੜੇ ਨੈੱਟਵਰਕਾਂ ਵਿਚਕਾਰ ਕਥਿਤ ਸਬੰਧਾਂ ਬਾਰੇ ਵੀ ਜਨਤਕ ਤੌਰ ’ਤੇ ਚਰਚਾ ਕੀਤੀ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਕਿ ਬਿਸ਼ਨੋਈ ਨਾਲ ਜੁੜੇ ਅਪਰਾਧਿਕ ਸਮੂਹਾਂ ਨੇ ਅੰਤਰਰਾਸ਼ਟਰੀ ਪੱਧਰ ’ਤੇ ਆਪਣਾ ਪ੍ਰਭਾਵ ਵਧਾਇਆ ਹੈ, ਖਾਸ ਕਰਕੇ ਕੈਨੇਡਾ ਵਿੱਚ ਕਮਜ਼ੋਰ ਨੌਜਵਾਨਾਂ ਵਿੱਚ। ਕਈ ਪੁਲੀਸ ਕਾਰਵਾਈਆਂ ਦੇ ਨਤੀਜੇ ਵਜੋਂ ਹਥਿਆਰਾਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਚੋਰੀ ਹੋਏ ਲਗਜ਼ਰੀ ਵਾਹਨਾਂ ਨਾਲ ਸਬੰਧਤ ਗ੍ਰਿਫ਼ਤਾਰੀਆਂ ਹੋਈਆਂ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਇਨ੍ਹਾਂ ਗਿਰੋਹਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਗਿਰੋਹ ਦੱਸਿਆ ਹੈ।






# ਵੋਟ ਦਾ ਅਧਿਕਾਰ



ਕਿਸੇ ਵੀ ਜਮਹੂਰੀਅਤ ਵਿੱਚ ਵੋਟ ਦਾ ਅਧਿਕਾਰ ਸਭ ਤੋਂ ਅਹਿਮ ਹੁੰਦਾ ਹੈ। ਸੱਤਾ ਨੂੰ ਜਵਾਬਦੇਹ ਬਣਾਉਣ ਅਤੇ ਬੇਲਗਾਮ ਹੋਣ ਤੋਂ ਰੋਕਣ ਲਈ ਜ਼ਰੂਰੀ ਹੈ ਕਿ ਦੇਸ਼ ਦਾ ਹਰ ਨਾਗਰਿਕ ਬਹੁਤ ਸੋਚ ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੇ। ਹਥਲਾ ਲੇਖ ਇਤਿਹਾਸਕ ਹਵਾਲਿਆਂ ਨਾਲ ਵੋਟ ਦੇ ਅਧਿਕਾਰ ਤੇ ਐੱਸ.ਆਈ.ਆਰ. ਦੀ ਪ੍ਰਕਿਰਿਆ ’ਤੇ ਰੌਸ਼ਨੀ ਪਾਉਂਦਾ ਹੈ।

ਜਮਹੂਰੀ ਨਿਜ਼ਾਮਾਂ ਵਿੱਚ ਵੋਟ ਦੇਣ ਦੇ ਅਧਿਕਾਰ ਨੂੰ ਜਮਹੂਰੀਅਤ ਦੀ ਬੁਨਿਆਦ ਮੰਨਿਆ ਜਾਂਦਾ ਹੈ। ਕੁਝ ਪੁਰਾਤਨ ਸਮਾਜਾਂ ਵਿੱਚ ਅਜਿਹੇ ਜਮਹੂਰੀ ਨਿਜ਼ਾਮ ਮੌਜੂਦ ਸਨ ਜਿਨ੍ਹਾਂ ਵਿੱਚ ਉੱਥੋਂ ਦੇ ਵਸਨੀਕ ਰਾਜ ਦੇ ਕੰਮਾਂ-ਕਾਰਾਂ ਵਿੱਚ ਸਿੱਧੇ ਤੌਰ ’ਤੇ ਹਿੱਸਾ ਲੈਂਦੇ ਸਨ। ਭਾਰਤ ਵਿੱਚ ਵੀ ਪੁਰਾਤਨ ਸਮਿਆਂ ਵਿੱਚ ਸਭਾ, ਸਮਿਤੀ ਤੇ ਗਣ ਜਿਹੀਆਂ ਰਾਜਸੀ ਇਕਾਈਆਂ ਹੋਂਦ ਵਿੱਚ ਸਨ; ਉਨ੍ਹਾਂ ਵਿੱਚ ਉੱਥੋਂ ਦੇ ਵਸਨੀਕਾਂ ਦੀ ਸ਼ਮੂਲੀਅਤ ਉਨ੍ਹਾਂ ਨੂੰ ਜਮਹੂਰੀ ਨਿਜ਼ਾਮ ਬਣਾਉਂਦੀ ਸੀ। ਯੂਨਾਨ ਦੇ ਵੱਖ-ਵੱਖ ਰਾਜਾਂ ਵਿੱਚ ਨਾਗਰਿਕ ਸਿੱਧੇ ਰੂਪ ਵਿੱਚ ਆਪਣੇ ਨੁਮਾਇੰਦੇ ਚੁਣਦੇ ਸਨ ਜਿਹੜੇ ਇੱਕ ਸਾਲ ਲਈ ਰਾਜ ਦਾ ਪ੍ਰਸ਼ਾਸਨ ਚਲਾਉਣ ਲਈ ਜ਼ਿੰਮੇਵਾਰ ਹੁੰਦੇ ਸਨ ਤੇ ਹਰ ਸਾਲ ਅਜਿਹੇ ਨੁਮਾਇੰਦੇ ਬਦਲ ਜਾਂਦੇ ਸਨ। ਇਹ ਵੱਖਰੀ ਗੱਲ ਹੈ ਕਿ ਯੂਨਾਨ ਵਿੱਚ ਨਾਗਰਿਕ ਦਾ ਮਤਲਬ ਆਜ਼ਾਦ ਸ਼ਹਿਰੀਆਂ ਤੋਂ ਸੀ ਕਿਉਂਕਿ ਗ਼ੁਲਾਮਾਂ ਨੂੰ ਜਮਹੂਰੀ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਸੀ ਲੈਣ ਦਿੱਤਾ ਜਾਂਦਾ। ਜਿਉਂ-ਜਿਉਂ ਦੁਨੀਆ ਵਿੱਚ ਬਾਦਸ਼ਾਹਤਾਂ ਬਣੀਆਂ ਅਤੇ ਜਾਗੀਰਦਾਰੀ ਸਮਾਜ ਹੋਂਦ ਵਿੱਚ ਆਏ ਤਾਂ ਪੁਰਾਣੇ ਨਕਸ਼ਾਂ ਵਾਲੀ ਅਜਿਹੀ ਜਮਹੂਰੀਅਤ ਖ਼ਤਮ ਹੋ ਗਈ। ਉਨ੍ਹਾਂ ਸਮਿਆਂ ਵਿੱਚ ਕਈ ਸਦੀਆਂ ਤੱਕ ਆਮ ਲੋਕ-ਸਮਝ ਇਹੀ ਰਹੀ ਕਿ ਦੇਸ਼ ’ਤੇ ਰਾਜਿਆਂ-ਰਜਵਾੜਿਆਂ ਨੇ ਹੀ ਰਾਜ ਕਰਨਾ ਹੈ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਰਾਜਿਆਂ-ਮਹਾਰਾਜਿਆਂ ਤੇ ਸਮਰਾਟਾਂ ਦਾ ਰਾਜ ਕਰਨ ਦਾ ਅਧਿਕਾਰ ਦੈਵੀ ਅਧਿਕਾਰ ਮੰਨ ਲਿਆ ਗਿਆ। ਇੰਗਲੈਂਡ ਵਿੱਚ 1215 ਵਿੱਚ ਮੈਗਨਾ ਕਾਰਟਾ ਸਮਝੌਤੇ/ਐਲਾਨ ਨੇ ਇਹ ਤੈਅ ਕੀਤਾ ਕਿ ਰਾਜਾ ਕਾਨੂੰਨ ਤੋਂ ਬਾਹਰ ਨਹੀਂ ਹੋ ਸਕਦਾ। ਇੰਗਲੈਂਡ ਵਿੱਚ 13ਵੀਂ ਸਦੀ ਤੋਂ ਸੀਮਤ ਰੂਪ ਵਿੱਚ ਵੋਟ ਦੇਣ ਦੇ ਅਧਿਕਾਰ ਪ੍ਰਾਪਤ ਹੋਏ ਪਰ ਇਹ ਅਧਿਕਾਰ ਸਾਹਿਬੇ-ਜਾਇਦਾਦ ਲੋਕਾਂ ਨੂੰ ਹੀ ਪ੍ਰਾਪਤ ਸਨ। ਉਨ੍ਹਾਂ ਨੂੰ ਵੀ ਇਹ ਅਧਿਕਾਰ ਬਖ਼ਸ਼ੇ ਨਹੀਂ ਸਨ ਗਏ ਤੇ ਉਨ੍ਹਾਂ ਨੂੰ ਇਸ ਲਈ ਸੰਘਰਸ਼ ਤੇ ਬਗ਼ਾਵਤਾਂ ਕਰਨੀਆਂ ਪਈਆਂ ਸਨ। ਆਮ ਲੋਕਾਂ ਦੇ ਵੋਟਾਂ ਦਾ ਅਧਿਕਾਰ ਪ੍ਰਾਪਤ ਕਰਨ ਦਾ ਇਤਿਹਾਸ ਬਹੁਤ ਲੰਮਾ ਤੇ ਕੁਰਬਾਨੀਆਂ ਨਾਲ ਭਰਿਆ ਹੈ। ਭਾਰਤ ਦੇ ਇੰਗਲੈਂਡ ਦਾ ਗ਼ੁਲਾਮ ਹੋਣ ਕਾਰਨ ਸਾਡੇ ਜਮਹੂਰੀ ਨਿਜ਼ਾਮ ਦੇ ਨਕਸ਼ ਮੁੱਖ ਤੌਰ ’ਤੇ ਬਰਤਾਨਵੀ ਜਮਹੂਰੀ ਨਿਜ਼ਾਮ ਅਨੁਸਾਰ ਉਸਰੇ। ਮੱਧਕਾਲ ਵਿੱਚ ਭਾਰਤ ਦੇ ਵੱਖ-ਵੱਖ ਸਮਾਜਾਂ ਵਿੱਚ ਸਮਾਜਿਕ ਬਰਾਬਰੀ ਤੇ ਨਿਆਂ ਦੇ ਹੱਕ ਵਿੱਚ ਤਾਂ ਕਈ ਲਹਿਰਾਂ ਉੱਠੀਆਂ ਪਰ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਦੇ ਕਿਸੇ ਸੰਘਰਸ਼ ਦੀ ਗਵਾਹੀ ਨਹੀਂ ਮਿਲਦੀ। ਇੰਗਲੈਂਡ ਵਿੱਚ ਵੋਟ-ਅਧਿਕਾਰ ਪ੍ਰਾਪਤ ਕਰਨ ਲਈ ਕਈ ਸੰਘਰਸ਼ ਤੇ ਅੰਦੋਲਨ ਹੋਏ ਜਿਨ੍ਹਾਂ ਵਿੱਚੋਂ ਲੈਵਲਰਜ਼ (ਭਾਵ ਸਮਾਨਤਾ ਲਿਆਉਣ ਵਾਲੇ), ਚਾਰਟਿਸਟ ਲਹਿਰ (19ਵੀਂ ਸਦੀ) ਤੇ ਔਰਤਾਂ ਲਈ ਵੋਟਾਂ ਦੇ ਅਧਿਕਾਰ ਪ੍ਰਾਪਤ ਕਰਨ ਦੀਆਂ ਲਹਿਰਾਂ ਅਤਿਅੰਤ ਮਹੱਤਵਪੂਰਨ ਹਨ।

ਇਸ ਸਮੇਂ ਸਾਡੇ ਦੇਸ਼ ਵਿੱਚ ਐੱਸ.ਆਈ.ਆਰ ਸਬੰਧੀ ਵਾਦ-ਵਿਵਾਦ ਹੋ ਰਿਹਾ ਹੈ। ਇਸ ਦਾ ਮਤਲਬ ਹੈ ਵੋਟਰਾਂ ਦਾ ਖ਼ਾਸ ਤੇ ਪੂਰਨ (ਤਫ਼ਸੀਲੀ) ਦੁਹਰਾਉ; ਭਾਵ ਕਿ ਹਰ ਵੋਟਰ ਸਹੀ ਵੋਟਰ ਹੈ ਜਾਂ ਨਹੀਂ, ਇਸ ਤੱਥ ਦੀ ਪੜਤਾਲ ਕਰਨਾ। ਜਿਨ੍ਹਾਂ ਸੂਬਿਆਂ ਵਿੱਚ ਐੱਸ.ਆਈ.ਆਰ. ਹੋਈ ਹੈ, ਉਨ੍ਹਾਂ ਵਿੱਚ ਲੱਖਾਂ ਲੋਕਾਂ ਦੇ ਵੋਟ ਕੱਟੇ ਗਏ ਹਨ। ਇਹ ਸੰਭਵ ਹੈ ਕਿ ਉਨ੍ਹਾਂ ਵਿੱਚੋਂ ਹਜ਼ਾਰਾਂ ਲੋਕਾਂ ਦਾ ਦੇਹਾਂਤ ਹੋ ਗਿਆ ਹੋਵੇ, ਹਜ਼ਾਰਾਂ ਪਰਵਾਸ ਕਰ ਗਏ ਹੋਣ ਅਤੇ ਹਜ਼ਾਰਾਂ ਨੇ ਆਪਣਾ ਨਿਵਾਸ ਸਥਾਨ ਬਦਲ ਲਿਆ ਹੋਵੇ ਪਰ ਕੀ ਇਹ ਮੁਮਕਿਨ ਹੈ ਕਿ ਇਸ ਸਭ ਕੁਝ ਦੀ ਗਿਣਤੀ ਏਨੀ ਵੱਡੀ ਹੋਵੇ। ਵਿਰੋਧੀ ਪਾਰਟੀਆਂ ਅਨੁਸਾਰ ਇਹ ਸਭ ਕੁਝ ਉਨ੍ਹਾਂ ਦੇ ਹਮਾਇਤੀਆਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਿਆਂ ਰੱਖਣ ਲਈ ਕੀਤਾ ਗਿਆ ਹੈ; ਦੇਸ਼ ਦੇ ਸਭ ਤੋਂ ਵੱਡੇ ਘੱਟਗਿਣਤੀ ਫ਼ਿਰਕੇ ਅਤੇ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਖ਼ਾਸ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ। ਕੇਂਦਰ ਸਰਕਾਰ, ਭਾਰਤੀ ਚੋਣ ਕਮਿਸ਼ਨ ਤੇ ਭਾਰਤੀ ਜਨਤਾ ਪਾਰਟੀ ਦੇ ਬਿਆਨੀਏ ਅਨੁਸਾਰ ਇਹ ਵੋਟਾਂ ਜਾਅਲੀ ਜਾਂ ਗ਼ਲਤ ਬਣੀਆਂ ਸਨ ਤੇ ਇਨ੍ਹਾਂ ਨੂੰ ਕੱਟਣਾ ਸਹੀ ਹੈ। ਭਾਜਪਾ ਨੇ ਪੂਰਬੀ ਭਾਰਤ ਦੇ ਸਰਹੱਦੀ ਸੂਬਿਆਂ ਵਿੱਚ ਇਹ ਬਿਰਤਾਂਤ ਵੀ ਬਣਾਇਆ-ਸਿਰਜਿਆ ਹੈ ਕਿ ਲੱਖਾਂ ਘੁਸਪੈਠੀਆਂ ਨੇ ਇੱਥੇ ਵੋਟਾਂ ਬਣਾ ਲਈਆਂ ਸਨ। ਇਹ ਦਲੀਲ ਇਸ ਲਈ ਸਹੀ ਨਹੀਂ ਲੱਗਦੀ ਕਿਉਂਕਿ ਤਾਮਿਲਨਾਡੂ ਜਿਹੇ ਸੂਬਿਆਂ ਵਿੱਚ ਵੀ 10 ਫ਼ੀਸਦੀ ਤੋਂ ਵੱਧ ਵੋਟਾਂ ਕੱਟੀਆਂ ਗਈਆਂ। ਉੱਤਰ ਪ੍ਰਦੇਸ਼ ਵਿੱਚ 13 ਫ਼ੀਸਦੀ, ਗੁਜਰਾਤ ਵਿੱਚ 13.1 ਫ਼ੀਸਦੀ, ਛੱਤੀਸਗੜ੍ਹ ਵਿੱਚ 11.3 ਫ਼ੀਸਦੀ, ਗੋਆ ਵਿੱਚ 10 ਫ਼ੀਸਦੀ ਤੇ ਪੱਛਮੀ ਬੰਗਾਲ ਵਿੱਚ 10.9 ਫ਼ੀਸਦੀ ਵੋਟਾਂ ਕੱਟੀਆਂ ਗਈਆਂ ਹਨ। ਖ਼ਬਰਾਂ ਅਨੁਸਾਰ 5.27 ਕਰੋੜ ਵੋਟਾਂ ਕੱਟੀਆਂ ਗਈਆਂ ਹਨ ਤੇ 1.87 ਕਰੋੜ ਨਵੀਆਂ ਬਣੀਆਂ ਹਨ।

ਹੁਣ ਪੰਜਾਬ ਵਿੱਚ ਐੱਸ.ਆਈ.ਆਰ. ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਮੁੱਖ ਪ੍ਰਸ਼ਨ ਇਹ ਹੈ ਕਿ ਵੋਟਾਂ ਕੱਟਣ ਦੇ ਇਸ ਰੁਝਾਨ ਦਾ ਸਾਹਮਣਾ ਕਿਵੇਂ ਕੀਤਾ ਜਾਵੇ? ਲੋਕਾਂ ਨੂੰ ਉਨਾਂ ਦੇ ਸੰਵਿਧਾਨਕ ਹੱਕ ਤੋਂ ਮਹਿਰੂਮ ਕਰਨ ਦੇ ਇਸ ਰੁਝਾਨ ਦਾ ਸਾਹਮਣਾ ਕਰਨ ਲਈ ਲੋਕ-ਮੁਹਾਜ਼ ਉਸਾਰਨਾ ਜ਼ਰੂਰੀ ਹੈ। ਅਜਿਹਾ ਲੋਕ ਮੁਹਾਜ਼ ਤਾਂ ਹੀ ਉਸਰ ਸਕਦਾ ਹੈ ਜੇ ਸਾਰੀਆਂ ਸਿਆਸੀ ਪਾਰਟੀਆਂ, ਜਮਹੂਰੀ ਤੇ ਸਮਾਜਿਕ ਜਥੇਬੰਦੀਆਂ, ਟਰੇਡ ਯੂਨੀਅਨਾਂ, ਵਿਦਵਾਨਾਂ, ਸਮਾਜਿਕ ਕਾਰਕੁਨਾਂ, ਨੌਜਵਾਨਾਂ ਤੇ ਔਰਤਾਂ ਦਾ ਸਾਂਝਾ ਮੋਰਚਾ ਬਣਾਇਆ ਜਾਵੇ। ਪਾਰਟੀਆਂ ਤੇ ਜਥੇਬੰਦੀਆਂ ਵਿੱਚ ਸਿਆਸੀ ਤੇ ਵਿਚਾਰਧਾਰਕ ਵਿਰੋਧ ਹਨ। ਲੋਕਾਂ ਦੇ ਇਸ ਸੰਵਿਧਾਨਕ ਅਧਿਕਾਰ ਦੀ ਰਾਖੀ ਕਰਨ ਲਈ ਇਹ ਵਿਚਾਰ ਕਰਨਾ ਵੀ ਜ਼ਰੂਰੀ ਹੈ ਕਿ ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਚਿੰਤਕ ਵੋਟ ਦੇ ਅਧਿਕਾਰ ਬਾਰੇ ਕੀ ਸੋਚਦੇ ਸਨ।

## ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼

ਮਾਰਕਸਵਾਦ ਦੇ ਬਾਨੀਆਂ ਦੇ ਇੰਗਲੈਂਡ ਵਿੱਚ ਉਨ੍ਹਾਂ ਦੇ ਸਮਿਆਂ ਵਿੱਚ ਚੱਲ ਰਹੀ ਚਾਰਟਿਸਟ ਮੂਵਮੈਂਟ ਨਾਲ ਡੂੰਘੇ ਸਬੰਧ ਸਨ। ਉਨ੍ਹਾਂ ਨੇ ਇਸ ਲਹਿਰ ਦੀ ਡਟਵੀਂ ਹਮਾਇਤ ਕੀਤੀ, ਇਸ ਲਹਿਰ ਨਾਲ ਸਬੰਧਿਤ ਅਖ਼ਬਾਰਾਂ ਤੇ ਹੋਰ ਅਖ਼ਬਾਰਾਂ ਵਿੱਚ ਲੇਖ ਲਿਖੇ ਅਤੇ ਲਹਿਰ ਦੇ ਜਲਸਿਆਂ ਤੇ ਮੀਟਿੰਗਾਂ ਵਿੱਚ ਹਿੱਸਾ ਲਿਆ। ਇਸ ਲਹਿਰ ਦਾ ਮਕਸਦ ਇੰਗਲੈਂਡ ਦੇ ਇੱਕੀ ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਮਰਦਾਂ ਲਈ ਵੋਟ ਦਾ ਅਧਿਕਾਰ ਪ੍ਰਾਪਤ ਕਰਨਾ ਸੀ। ਭਾਵੇਂ ਇਸ ਲਹਿਰ ਦੇ ਟੀਚੇ ਉਸ ਸਮੇਂ ਦੀ ਮਰਦ-ਪ੍ਰਧਾਨ ਸੋਚ ਅਨੁਸਾਰ ਮਰਦਾਂ ਲਈ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਤੱਕ ਸੀਮਤ ਸਨ, ਪਰ ਉਸ ਸਮੇਂ ਦੇ ਸਿਆਸੀ ਤੇ ਸਮਾਜਿਕ ਹਾਲਾਤ ਵਿੱਚ ਇਹ ਇੱਕ ਅਗਾਂਹਵਧੂ ਲਹਿਰ ਸੀ।

25 ਅਗਸਤ 1852 ਦੇ ਅਮਰੀਕੀ ਅਖ਼ਬਾਰ ‘ਨਿਊਯਾਰਕ ਡੇਲੀ ਟ੍ਰਿਬਿਊਨ’ ਵਿੱਚ ਪ੍ਰਕਾਸ਼ਿਤ ਹੋਏ ਆਪਣੇ ਲੇਖ ‘ਦਿ ਚਾਰਟਿਸਟ’ ਵਿੱਚ ਕਾਰਲ ਮਾਰਕਸ ਨੇ ਵੋਟ ਦੇਣ ਦੇ ਅਧਿਕਾਰ ਦੀ ਭਰਪੂਰ ਹਮਾਇਤ ਕਰਦੇ ਹੋਏ ਲਿਖਿਆ, ‘ਬਾਲਗ ਵੋਟ ਅਧਿਕਾਰ (ਭਾਵ ਸਾਰੇ ਬਾਲਗਾਂ ਲਈ ਵੋਟ ਦਾ ਅਧਿਕਾਰ, ਇੰਗਲੈਂਡ ਦੀ ਮਜ਼ਦੂਰ ਜਮਾਤ ਲਈ ਸਿਆਸੀ ਤਾਕਤ ਦੇ ਬਰਾਬਰ ਹੈ ਕਿਉਂਕਿ ਪ੍ਰੋਲੇਤਾਰੀ ਵੱਸੋਂ ਦਾ ਵੱਡਾ ਹਿੱਸਾ ਹਨ।’ ਮਾਰਕਸ ਅਨੁਸਾਰ ‘ਬਾਲਗ ਵੋਟ ਅਧਿਕਾਰ ਦੇ ਬਿਨਾਂ ਮਜ਼ਦੂਰ ਜਮਾਤ ਦੇ ਹਾਲਾਤ ਭਰਮ ਵਿੱਚ ਪਾ ਦੇਣ ਵਾਲੇ (ਧੋਖਾ ਦੇਣ ਵਾਲੇ)’ ਹੋਣਗੇ। ਇਸੇ ਲੇਖ ਵਿੱਚ ਉਸ ਨੇ ਚਾਰਟਿਸਟ ਲਹਿਰ ਨੂੰ ‘ਬਰਤਾਨਵੀ ਮਜ਼ਦੂਰ ਜਮਾਤ ਦਾ ਸਿਆਸੀ ਸਰਗਰਮੀ ਕਰਨ ਵਾਲਾ’ ਹਿੱਸਾ ਦੱਸਿਆ।

ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼ ਦੇ ਵੋਟਾਂ ਦਾ ਅਧਿਕਾਰ ਪ੍ਰਾਪਤ ਕਰਨ ਲਈ ਚੱਲੀ ਇਸ ਮੁਹਿੰਮ ਨਾਲ ਸਬੰਧ ਬਹੁ-ਪਰਤੀ ਸਨ। ਕਾਰਲ ਮਾਰਕਸ ਨੇ ਇਸ ਲਹਿਰ ਦੀਆਂ ਅਖ਼ਬਾਰਾਂ ਤੇ ਰਸਾਲਿਆਂ ‘ਦਿ ਪੀਪਲਜ਼ ਪੇਪਰ’, ‘ਨਾਰਦਨ ਸਟਾਰ’, ‘ਨੋਟਸ ਟੂ ਦਿ ਪੀਪਲ, ‘ਦਿ ਰੈੱਡ ਰਿਪਬਲਿਕਨ’, ‘ਦਿ ਫਰੈਂਡ ਆਫ ਦਿ ਪੀਪਲ’ ਆਦਿ ਲਈ ਲੇਖ ਲਿਖੇ। ਮਾਰਕਸ ਤੇ ਏਂਗਲਜ਼ ਦੀ ਇਸ ਲਹਿਰ ਦੇ ਆਗੂਆਂ ਅਰਨੈਸਟ ਜੋਨਜ਼, ਜਾਰਜ ਜੂਲੀਅਨ ਹਾਰਨੇ ਤੇ ਹੋਰਨਾਂ ਨਾਲ ਡੂੰਘੀ ਮਿੱਤਰਤਾ ਵੀ ਸੀ। ਇਹ ਵੀ ਮਹੱਤਵਪੂਰਨ ਹੈ ਕਿ ਕਮਿਊਨਿਸਟ ਮੈਨੀਫੈਸਟੋ ਦਾ ਅੰਗਰੇਜ਼ੀ ਅਨੁਵਾਦ ਸਭ ਤੋਂ ਪਹਿਲਾਂ ਚਾਰਟਿਸਟ ਮੂਵਮੈਂਟ ਦੇ ਰਸਾਲੇ ‘ਦਿ ਰੈੱਡ ਰਿਪਬਲਿਕਨ’ ਦੇ ਨਵੰਬਰ 1850 ਵਾਲੇ ਅੰਕ ਵਿੱਚ ਛਪਿਆ। ਇਹ ਵੀ ਮਹੱਤਵਪੂਰਨ ਹੈ ਕਿ ਇਸ ਲਹਿਰ ਦੇ ਕੁਝ ਆਗੂ ਔਰਤਾਂ ਲਈ ਵੋਟ ਦੇ ਅਧਿਕਾਰ ਦੇ ਵੱਡੇ ਹਾਮੀ ਸਨ ਅਤੇ ਔਰਤਾਂ ਨੇ ਵੱਡੀ ਗਿਣਤੀ ਵਿੱਚ ਇਸ ਲਹਿਰ ਵਿੱਚ ਹਿੱਸਾ ਲਿਆ। ਇਸ ਲਹਿਰ ਦੇ ਵੱਖ-ਵੱਖ ਅੰਦੋਲਨਾਂ ਵਿੱਚ ਚਾਲੀ ਤੋਂ ਵੱਧ ਮਜ਼ਦੂਰ ਸ਼ਹੀਦ ਹੋਏ; ਇੱਕ ਸਥਾਨ ’ਤੇ ਹੋਈ ਪੁਲੀਸ ਗੋਲੀਬਾਰੀ ਵਿੱਚ 22 ਮਜ਼ਦੂਰ ਸ਼ਹੀਦ ਹੋਏ। ਵਿਦਵਾਨ ਇਹ ਵੀ ਮੰਨਦੇ ਹਨ ਕਿ ਇਸ ਲਹਿਰ ਨੇ ਮਾਰਕਸ ਦੀ ਬਸਤੀਵਾਦੀ-ਵਿਰੋਧੀ ਸੋਚ ਵਿੱਚ ਪਕਿਆਈ ਲਿਆਉਣ ਵਿੱਚ ਵੱਡਾ ਹਿੱਸਾ ਪਾਇਆ ਕਿਉਂਕਿ ਚਾਰਟਿਸਟ ਅੰਗਰੇਜ਼ੀ ਬਸਤੀਵਾਦ ਦੇ ਵੱਡੇ ਵਿਰੋਧੀ ਸਨ। ਅਰਨੈਸਟ ਜੋਨਜ਼ ਅੰਗਰੇਜ਼ਾਂ ਦੇ ਬਸਤੀਵਾਦ, ਜਿਨ੍ਹਾਂ ਵਿੱਚ ਭਾਰਤ ’ਤੇ ਕਬਜ਼ਾ ਵੀ ਸ਼ਾਮਿਲ ਸੀ, ਦਾ ਵਿਰੋਧ ਕਰਦਾ ਸੀ। ਇਸ ਬਾਰੇ ਹੋਰ ਵੇਰਵੇ ਦੇਣਾ ਇਸ ਲੇਖ ਦੀ ਸੀਮਾ ਤੋਂ ਬਾਹਰ ਹੈ।

## ਔਰਤਾਂ ਨੂੰ ਵੋਟ-ਅਧਿਕਾਰ ਦਿਵਾਉਣ ਲਈ ਚੱਲੀਆਂ ਲਹਿਰਾਂ

ਇੰਗਲੈਂਡ ਵਿੱਚ ਔਰਤਾਂ ਨੇ ਵੋਟ-ਅਧਿਕਾਰ ਹਾਸਿਲ ਕਰਨ ਲਈ ਕਈ ਲਹਿਰਾਂ ਚਲਾਈਆਂ। ਇਨ੍ਹਾਂ ਲਹਿਰਾਂ ਸਦਕਾ ਪਹਿਲਾਂ ਔਰਤਾਂ ਨੂੰ ਸੀਮਤ ਰੂਪ ਵਿੱਚ ਸਥਾਨਕ ਸੰਸਥਾਵਾਂ ਵਿੱਚ ਵੋਟ ਪਾਉਣ ਦੇ ਅਧਿਕਾਰ ਮਿਲੇ ਤੇ ਬਾਅਦ ਵਿੱਚ ਕੌਮੀ ਪੱਧਰ ਦੀਆਂ ਸੰਸਥਾਵਾਂ ਵਿੱਚ। ਐਮਈਲਾਈਨ ਪੈਂਕਹਰਸਟ ਤੇ ਉਸ ਦੀਆਂ ਧੀਆਂ ਪ੍ਰਮੁੱਖ ਤੇ ਜੁਝਾਰੂ ਆਗੂਆਂ ਵਜੋਂ ਉੱਭਰੀਆਂ। ਔਰਤਾਂ ਨੇ ਭੁੱਖ ਹੜਤਾਲਾਂ ਕੀਤੀਆਂ, ਮੁਜ਼ਾਹਰੇ ਤੇ ਟੈਕਸ ਦੇਣ ਦਾ ਵਿਰੋਧ ਕੀਤਾ ਤੇ ਜੇਲ੍ਹ ਵਿੱਚ ਗਈਆਂ। ਏਮਿਲੀ ਡੇਵਸਨ ਸਮਰਾਟ ਜਾਰਜ (ਪੰਚਮ) ਦੇ ਘੋੜੇ ਦੇ ਸੁੰਮਾਂ ਹੇਠ ਲਿਤਾੜੀ ਗਈ ਤੇ ਸ਼ਹੀਦ ਹੋਈ। ਅਖ਼ੀਰ 1928 ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਵੋਟ ਦੇਣ ਦੇ ਅਧਿਕਾਰ ਮਿਲੇ। ਵੋਮੈੱਨਜ਼ ਸੋਸ਼ਲ ਐਂਡ ਪੋਲਿਟੀਕਲ ਯੂਨੀਅਨ ਦੀ ਅਗਵਾਈ ਵਾਲੀ ਲਹਿਰ ਦੇ ਮੈਂਬਰ ਨੂੰ ਸਫਰਜੈਟ ਕਿਹਾ ਜਾਂਦਾ ਸੀ, ਇਸ ਵਿੱਚ ਪੰਜਾਬੀਆਂ ਦੀ ਦਿਲਚਸਪੀ ਦਾ ਕਾਰਨ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਪੋਤੀਆਂ ਸੋਫੀਆ ਦਲੀਪ ਸਿੰਘ ਤੇ ਬਾਂਬਾ ਸਦਰਲੈਂਡ ਨੇ ਇਸ ਲਹਿਰ ਵਿੱਚ ਹਿੱਸਾ ਲਿਆ। ਸੋਫੀਆ ਇੱਕ ਮਹੱਤਵਪੂਰਨ ਕਾਰਕੁਨ ਸੀ ਜਦੋਂਕਿ ਬਾਂਬਾ ਭਾਰਤ ਦੇ ਇਨਕਲਾਬੀਆਂ ਦੇ ਕਰੀਬ ਸੀ ਤੇ ਉਹ ਲਾਹੌਰ ਆ ਕੇ ਵੱਸ ਗਈ।

## ਮਹਾਤਮਾ ਗਾਂਧੀ ਤੇ ਵੋਟ ਦਾ ਅਧਿਕਾਰ ਖੋਹਣ ’ਤੇ ਉਹਨਾਂ ਦਾ ਪ੍ਰਤੀਕਰਮ

ਇਹ ਵਾਕਿਆ 1926 ਦਾ ਹੈ ਜਦੋਂ ਅੰਗਰੇਜ਼ਾਂ ਦੇ ਰਾਜ ਦੌਰਾਨ ਅਣਵੰਡੇ ਬੰਗਾਲ ਦੀ ਵਿਧਾਨ ਕੌਂਸਿਲ (ਬੰਗਾਲ ਲੈਜਿਸਲੇਟਿਵ ਕੌਂਸਿਲ) ਦੀਆਂ ਚੋਣਾਂ ਹੋਈਆਂ। ਧਰਮ ਆਧਾਰਿਤ ਸੀਟਾਂ ਦੀ ਵੰਡ ਕਾਰਨ ਹਿੰਦੂ ਹਲਕੇ ਵੱਖਰੇ ਸਨ ਤੇ ਮੁਸਲਮਾਨ ਵੱਖਰੇ। ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ ਦੇ ਇੱਕ ਵੋਟਰ ਖਵਾਜਾ ਜਮਾਲੁਦੀਨ ਦੀ ਵੋਟ ਕੱਟ ਦਿੱਤੀ ਗਈ। ਉਸ ਨੇ ਸਬੰਧਿਤ ਅਧਿਕਾਰੀਆਂ ਕੋਲ ਅਪੀਲ ਕੀਤੀ ਪਰ ਫ਼ੈਸਲਾ ਕੋਈ ਨਾ ਆਇਆ। ਚੋਣਾਂ ਹੋ ਗਈਆਂ। ਚੋਣਾਂ ਤੋਂ ਬਾਅਦ ਸਬੰਧਿਤ ਅਧਿਕਾਰੀਆਂ ਨੇ ਮੰਨਿਆ ਕਿ ਜਮਾਲੁਦੀਨ ਦੀ ਵੋਟ ਦਾ ਕੱਟਣਾ ਗ਼ਲਤ ਸੀ ਤੇ ਉਸ ਦੇ ਵੋਟ ਪਾਉਣ ਦੇ ਹੱਕ ਨੂੰ ਬਹਾਲ ਕਰ ਦਿੱਤਾ ਗਿਆ। ਜਮਾਲੁਦੀਨ ਨੇ ਇਹ ਸਾਰੇ ਵੇਰਵੇ ਮਹਾਤਮਾ ਗਾਂਧੀ ਨੂੰ ਲਿਖ ਭੇਜੇ। ਮਹਾਤਮਾ ਗਾਂਧੀ ਨੇ 23 ਦਸੰਬਰ 1926 ਦੇ ‘ਯੰਗ ਇੰਡੀਆ’ ਅਖ਼ਬਾਰ ਵਿੱਚ ਇਸ ’ਤੇ ਵਿਸ਼ੇਸ਼ ਲੇਖ ‘ਪਾਖੰਡ/ਢਕੌਂਸਲੇ ਤੋਂ ਵੀ ਮਾੜਾ ਦੇ ਸਿਰਲੇਖ ਹੇਠ ਲਿਖਿਆ। ਚੋਣਾਂ ਹੋਣ ਤੋਂ ਬਾਅਦ ਵੋਟ ਦਾ ਹੱਕ ਬਹਾਲ ਕਰਨ ਬਾਰੇ ਗਾਂਧੀ ਨੇ ਲਿਖਿਆ, ‘ਇਹ ਇਵੇਂ ਹੈ, ਜਿਵੇਂ ਕਿਸੇ ਨੂੰ ਫਾਂਸੀ ਦੇਣ ਤੋਂ ਬਾਅਦ ਸਜ਼ਾ ਮੁਅੱਤਲ ਕਰ ਦਿੱਤੀ ਗਈ ਹੋਵੇ।’ ਗਾਂਧੀ ਦੇ ਸ਼ਬਦ ਸਨ,

ਉੱਪਰ ਦਿੱਤੀਆਂ ਗਈਆਂ ਉਦਾਹਰਣਾਂ ਤੋਂ ਬਿਨਾਂ ਯੂਰੋਪ ਦੇ ਵੱਖ ਵੱਖ ਦੇਸ਼ਾਂ ਵਿੱਚ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਲਈ ਲੜੇ ਗਏ ਸੰਘਰਸ਼ਾਂ ਦਾ ਇਤਿਹਾਸ ਇਹ ਦੱਸਦਾ ਹੈ ਕਿ ਮਨੁੱਖਤਾ ਨੇ ਇਹ ਹੱਕ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤਾ ਹੈ। ਸਭ ਲਈ ਵੋਟ ਦਾ ਅਧਿਕਾਰ ਫਰਾਂਸੀਸੀ ਇਨਕਲਾਬ ਦੀ ਮਹੱਤਵਪੂਰਨ ਪ੍ਰਾਪਤੀ ਸੀ। ਇਹ ਵੀ ਸਪੱਸ਼ਟ ਹੈ ਕਾਰਲ ਮਾਰਕਸ ਤੋਂ ਲੈ ਕੇ ਮਹਾਤਮਾ ਗਾਂਧੀ ਤੱਕ ਹਰ ਚਿੰਤਕ ਤੇ ਆਗੂ ਵੋਟ ਦੇ ਅਧਿਕਾਰ ਦੇ ਮਹੱਤਵ ਨੂੰ ਪਛਾਣਦਾ ਸੀ ਤੇ ਉਹ ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹੇ।

ਹੁਣ ਸਾਡੇ ਦੇਸ਼ ਵਿੱਚ ਐੱਸ.ਆਈ.ਆਰ. ਦੀ ਕਾਰਵਾਈ ਰਾਹੀਂ ਲੱਖਾਂ ਲੋਕਾਂ ਨੂੰ ਵੋਟ ਦੇ ਅਧਿਕਾਰ ਤੋਂ ਮਹਿਰੂਮ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਸਰਕਾਰ ਤੇ ਚੋਣ ਕਮਿਸ਼ਨ ਦੀ ਅਜਿਹੀ ਕਾਰਵਾਈ ’ਤੇ ਆਪਣੀ ਸਹਿਮਤੀ ਦੀ ਮੋਹਰ ਲਗਾ ਦਿੱਤੀ ਹੈ। ਇਹ ਸਾਡੇ ਦੇਸ਼ ਦੀ ਲੋਕਾਈ ਤੇ ਜਮਹੂਰੀਅਤ ਲਈ ਸੰਕਟ ਦਾ ਸਮਾਂ ਹੈ। ਜਿਨ੍ਹਾਂ ਘੱਟ ਸਾਧਨਾਂ ਵਾਲੇ ਲੋਕਾਂ ਦੀਆਂ ਵੋਟਾਂ ਕੱਟੀਆਂ ਗਈਆਂ ਹਨ, ਉਨ੍ਹਾਂ ਨੂੰ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਕਈਆਂ ਨੂੰ ਭਾਰਤ ਦੇ ਨਾਗਰਿਕ ਨਹੀਂ ਮੰਨਿਆ ਜਾ ਰਿਹਾ ਅਤੇ ਕਈਆਂ ਨੂੰ ਮੁਫ਼ਤ ਮਿਲਦੇ ਰਾਸ਼ਨ, ਮਗਨਰੇਗਾ ਤੇ ਹੋਰ ਸਹੂਲਤਾਂ ਤੋਂ ਵਾਂਝਿਆਂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਦੀਆਂ ਤੋਂ ਇਸ ਧਰਤੀ ’ਤੇ ਵਸਦੇ ਪਰਿਵਾਰਾਂ ਦੀ ਨਾਗਰਿਕਤਾ ’ਤੇ ਸਵਾਲ ਉਠਾਉਣਾ, ਉਨ੍ਹਾਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣਾ ਤੇ ਜੇ ਉਹ ਘੱਟਗਿਣਤੀ ਫ਼ਿਰਕੇ ਨਾਲ ਸਬੰਧਿਤ ਹੋਣ ਤਾਂ ਉਨ੍ਹਾਂ ਨੂੰ ਕਾਨੂੰਨੀ ਰੂਪ ਵਿੱਚ ਨਾਗਰਿਕਤਾ ਤੋਂ ਮਹਿਰੂਮ ਕਰਨ ਦੇ ਯਤਨ ਕਰਨਾ ਅਤੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈਆਂ ਦੇ ਅਜਿਹੇ ਮੱਕੜਜਾਲ ਵਿੱਚ ਉਲਝਾਉਣਾ ਜਿਸ ਨਾਲ ਉਨ੍ਹਾਂ ਦਾ ਜੀਵਨ ਦੁੱਖਾਂ-ਦੁਸ਼ਵਾਰੀਆਂ ਦਾ ਸ਼ਿਕਾਰ ਹੋ ਜਾਵੇ।

ਘੱਟ ਸਾਧਨਾਂ ਵਾਲੇ ਲੋਕਾਂ ਦੀ ਗੱਲ ਛੱਡੋ, ਪੱਛਮੀ ਬੰਗਾਲ ਦੀ ਪ੍ਰਮੁੱਖ ਅਖ਼ਬਾਰ ‘ਦਿ ਟੈਲੀਗ੍ਰਾਫ਼’, ਜਿਹੜੀ ਸਾਢੇ ਚਾਰ ਲੱਖ ਤੋਂ ਵੱਧ ਗਿਣਤੀ ਵਿੱਚ ਛਪਦੀ ਹੈ, ਦੇ ਸਾਬਕਾ ਸੰਪਾਦਕ ਆਰ. ਰਾਜਗੋਪਾਲ ਦਾ ਪਾਸਪੋਰਟ ਇਸ ਲਈ ਨਹੀਂ ਨਵਿਆਇਆ ਗਿਆ ਕਿ ਉਸ ਦਾ ਨਾਂ ਵੋਟਰ ਲਿਸਟ ’ਚੋਂ ਕੱਟ ਦਿੱਤਾ ਗਿਆ ਸੀ; ਉਹ ਅਮਰੀਕਾ ਵਿੱਚ ਆਪਣੀ ਧੀ ਦੇ ਵਿਆਹ ਵਿੱਚ ਸ਼ਾਮਿਲ ਨਾ ਹੋ ਸਕਿਆ। ਬਾਅਦ ਵਿੱਚ ਕੇਰਲਮ ਦੇ ਮੁੱਖ ਮੰਤਰੀ, ਐਡੀਟਰਜ਼ ਗਿਲਡ ਔਫ ਇੰਡੀਆ, ਸੀਪੀਐੱਮ ਤੇ ਹੋਰਨਾਂ ਦੇ ਦਖ਼ਲ ਨਾਲ ਉਸ ਨੂੰ ਪਾਸਪੋਰਟ ਮਿਲਿਆ।

ਸਾਡੀ ਤ੍ਰਾਸਦੀ ਇਹ ਹੈ ਕਿ ਸਰਕਾਰ ਦੀ ਇਸ ਕਾਰਵਾਈ ਦਾ ਸ਼ਾਬਦਿਕ ਵਿਰੋਧ ਤਾਂ ਕੀਤਾ ਜਾ ਰਿਹਾ ਹੈ ਪਰ ਇਸ ਵਿਰੁੱਧ ਕੋਈ ਅੰਦੋਲਨ ਲਾਮਬੰਦ ਨਹੀਂ ਕੀਤਾ ਗਿਆ। ਕਈ ਧਿਰਾਂ ਦਾ ਕਹਿਣਾ ਹੈ ਕਿ ਵੋਟਾਂ ਦੇ ਅਧਿਕਾਰ ਦਾ ਕੋਈ ਖ਼ਾਸ ਮਹੱਤਵ ਨਹੀਂ ਹੁੰਦਾ ਅਤੇ ਕਈਆਂ ਦਾ ਕਹਿਣਾ ਹੈ ਜਮਹੂਰੀਅਤ ਦਾ ਜਿਹੜਾ ਰੂਪ ਸਾਡੇ ਦੇਸ਼ ਵਿੱਚ ਪ੍ਰਾਪਤ ਹੈ, ਉਸ ਵਿੱਚ ਵੋਟ ਦੇਣ ਦਾ ਕੋਈ ਫ਼ਾਇਦਾ ਨਹੀਂ। ਇਹ ਨਿਰਣਾ ਸਹੀ ਨਹੀਂ। ਫਾਸ਼ੀਵਾਦੀ ਤਾਕਤਾਂ ਲੋਕਾਂ ਦਾ ਹਰ ਜਮਹੂਰੀ ਹੱਕ ਖੋਹਣ ਦਾ ਯਤਨ ਕਰਦੀਆਂ ਹਨ; ਉਹ ਇੱਕ ਤੋਂ ਬਾਅਦ ਦੂਸਰਾ ਹੱਕ ਖੋਹਣ ਜਾਂ ਉਸ ਨੂੰ ਸੀਮਤ ਕਰ ਕੇ ਜਮਹੂਰੀਅਤ ਨੂੰ ਕਮਜ਼ੋਰ ਕਰਦੀਆਂ ਹਨ; ਸਾਡੇ ਦੇਸ਼ ਵਿੱਚ ਜਮਹੂਰੀਅਤ ਕਮਜ਼ੋਰ ਹੋ ਰਹੀ ਹੈ। ਇਸ ਦੇ ਗੰਭੀਰ ਤੇ ਦੁਖਦਾਈ ਸਿੱਟੇ ਨਿਕਲ ਰਹੇ ਹਨ ਤੇ ਹੋਰ ਨਿਕਲਣਗੇ।

ਖੱਬੀਆਂ ਧਿਰਾਂ ਵਿੱਚ ਇਸ ਰੁਝਾਨ ਦਾ ਸੰਗਠਿਤ ਰੂਪ ਵਿੱਚ ਵਿਰੋਧ ਕਰਨ ਬਾਰੇ ਗੱਲ ਚੱਲੀ ਸੀ, ਪਰ ਚੋਣਾਂ ਵਿੱਚ ਹਿੱਸਾ ਲੈਣ ਵਾਲੀਆਂ ਖੱਬੀਆਂ ਪਾਰਟੀਆਂ ਇਤਿਹਾਸਕ ਥਕਾਨ ਦਾ ਸ਼ਿਕਾਰ ਹਨ। ਪੰਜਾਬ ਵਿੱਚ ਦੂਸਰੀਆਂ ਵਿਰੋਧੀ ਪਾਰਟੀਆਂ ਦੇ ਮੁੱਖ ਆਗੂਆਂ ਨੂੰ ਇਉਂ ਲੱਗਦਾ ਹੈ ਕਿ ਉਹ ਆਪੋ-ਆਪਣੇ ਹਲਕੇ ਤੋਂ ਤਾਂ ਜਿੱਤ ਹੀ ਜਾਣਗੇ ਅਤੇ ਉਨ੍ਹਾਂ ਦੀ ਪਾਰਟੀ ਜਿੱਤ ਦੀ ਰਾਹ ’ਤੇ ਹੈ। ਇਹ ਆਗੂ ਇਹ ਭੁੱਲ ਰਹੇ ਹਨ ਕਿ ਇਹੋ ਜਿਹੇ ਵਿਸ਼ਵਾਸ ਕਾਰਨ ਹੀ ਮਮਤਾ ਬੈਨਰਜੀ ਤੇ ਐੱਮ.ਕੇ. ਸਟਾਲਿਨ ਜਿਹੇ ਆਗੂ ਆਪਣੇ ਹਲਕਿਆਂ ਤੋਂ ਚੋਣ ਹਾਰ ਗਏ। ਐੱਮ.ਕੇ. ਸਟਾਲਿਨ ਦੇ ਹਲਕੇ ’ਚੋਂ ਇੱਕ ਲੱਖ ਤੋਂ ਵੱਧ ਵੋਟਾਂ ਕੱਟੀਆਂ ਗਈਆਂ ਤੇ ਮਮਤਾ ਬੈਨਰਜੀ ਦੇ ਹਲਕੇ ’ਚੋਂ 50,000 ਤੋਂ ਵੱਧ, ਭਾਵ ਸਟਾਲਿਨ ਦੇ ਹਲਕੇ ’ਚੋਂ 35 ਫ਼ੀਸਦੀ ਤੇ ਮਮਤਾ ਦੇ ਹਲਕੇ ’ਚੋਂ 25 ਫ਼ੀਸਦੀ ਵੋਟਾਂ ਕੱਟੀਆਂ ਗਈਆਂ। ਸਟਾਲਿਨ 8795 ਤੇ ਮਮਤਾ ਲਗਭਗ 15 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਹਾਰੀ।

ਵੋਟਾਂ ਕੱਟੇ ਜਾਣ ਦੇ ਹਊਏ ਦੇ ਰੂਪ ਵਿੱਚ ਇੱਕ ਵੱਡਾ ਖ਼ਤਰਾ ਪੰਜਾਬ ’ਤੇ ਮੰਡਰਾ ਰਿਹਾ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਜਮਹੂਰੀ ਤੇ ਸਮਾਜਿਕ ਜਥੇਬੰਦੀਆਂ ਦਾ ਫਰਜ਼ ਹੈ ਕਿ ਉਹ ਇਕੱਠੇ ਹੋ ਕੇ ਇਸ ਖ਼ਤਰੇ ਦਾ ਸਾਹਮਣਾ ਕਰਨ। ਇਹ ਖ਼ਤਰਾ ਵੋਟ ਦੇ ਹੱਕ ਤੋਂ ਮਹਿਰੂਮ ਕਰਨ ਤੱਕ ਸੀਮਤ ਨਹੀਂ ਰਹਿਣਾ; ਇਸ ਨੇ ਹੋਰ ਵਧਣਾ ਹੈ।

# ਵੈਸਟ ਕੋਸਟ ਕਿੰਗਸ ਫੀਲਡ ਹਾਕੀ ਕਲੱਬ ਵੱਲੋਂ ਕਰਵਾਇਆ ਕੈਨੇਡਾ ਕੱਪ 2026 ਅਮਿਟ ਯਾਦਾਂ ਛੱਡਦਾ ਸਮਾਪਤ ਹੋਇਆ

## ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਸਰੀ ਵਲੋਂ ਕਰਵਾਏ ਕੈਨੇਡਾ ਕੱਪ ਹਾਕੀ 2026 ਵਿਚ ਯੂਬਾ ਬ੍ਰਦਰਜ਼ ਦੀ ਟੀਮ ਜੇਤੂ ਰਹੀ

## ਰਿਕਾਰਡ ਤੋੜ ਦਰਸ਼ਕਾਂ ਦੀ ਹਾਜ਼ਰੀ, ਉੱਚ ਪੱਧਰੀ ਮੁਕਾਬਲੇ, 35 ਹਜ਼ਾਰ ਡਾਲਰ ਤੋਂ ਵੱਧ ਦੀ ਇਨਾਮੀ ਰਾਸ਼ੀ ਅਤੇ ਸਰੀ ਫੀਲਡ ਹਾਕੀ ਦੇ ਵਿਕਾਸ ਲਈ ਮੇਅਰ ਬ੍ਰੈਂਡਾ ਲਾਕ ਦੇ ਵੱਡੇ ਐਲਾਨ ਸੁਰਖੀਆਂ ਬਣੇ

**ਸਰੀ ( ਮਹੇਸ਼ਇੰਦਰ ਸਿੰਘ ਮਾਂਗਟ) –** ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੁਸਾਇਟੀ ਵੱਲੋਂ ਕਰਵਾਇਆ ਕੈਨੇਡਾ ਕੱਪ ਅਮਿਟ ਯਾਦਾਂ ਛੱਡਦਾ ਸਮਾਪਤ ਹੋ ਗਿਆਙ ਉੱਤਰੀ ਅਮਰੀਕਾ ਦੇ ਵੱਖ-ਵੱਖ ਖੇਤਰਾਂ ਤੋਂ ਪੁੱਜੀਆਂ ਟੀਮਾਂ ਨੇ ਉੱਚ ਪੱਧਰੀ ਫੀਲਡ ਹਾਕੀ ਦਾ ਪ੍ਰਦਰਸ਼ਨ ਕਰਦਿਆਂ ਦਰਸ਼ਕਾਂ ਨੂੰ ਰੋਮਾਂਚਿਕ ਮੈਚ ਦੇਖਣ ਨੂੰ ਮਿਲੇ ਙ ਅਮਰੀਕਾ ਤੇ ਯੂਰਪ ਤੋਂ ਲਗਭਗ 40 ਦੇ ਕਰੀਬ ਟੀਮਾਂ ਨੇ ਭਾਗ ਲਿਆਙ ਤਿੰਨੋਂ ਦਿਨ ਹਜ਼ਾਰਾਂ ਦਰਸ਼ਕਾਂ ਦੀ ਭਾਰੀ ਹਾਜ਼ਰੀ ਨੇ ਸਟੇਡੀਅਮ ਨੂੰ ਜੋਸ਼ ਅਤੇ ਉਤਸ਼ਾਹ ਨਾਲ ਭਰ ਦਿੱਤਾ। ਹਰ ਵਰਗ ਵਿੱਚ ਖਿਡਾਰੀਆਂ ਨੇ ਸ਼ਾਨਦਾਰ ਹੁਨਰ, ਦ੍ਰਿੜ ਇਰਾਦੇ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਇਹ ਟੂਰਨਾਮੈਂਟ ਕੈਨੇਡਾ ਦੇ ਸਭ ਤੋਂ ਵਧੀਆ ਫੀਲਡ ਹਾਕੀ ਮੁਕਾਬਲਿਆਂ ਵਿੱਚੋਂ ਹੋਰ ਮਜ਼ਬੂਤ ਹੋ ਕੇ ਉਭਰਿਆ। ਜੇਤੂ ਅਤੇ ਉਪ ਜੇਤੂ ਟੀਮਾਂ ਵਿੱਚ ਅੰਡਰ-12 ਚੈਂਪੀਅਨ ਇੰਡੀਆ ਕਲੱਬ, ਉਪ ਜੇਤੂ: ਵੁਲਵਰਿਨਜ਼ ਐਬਟਸਫੋਰਡ, ਅੰਡਰ-16 ਵਿਚ ਚੈਂਪੀਅਨ: ਗੋਬਿੰਦ ਸਰਵਰ, ਉਪ ਜੇਤੂ: ਵੁਲਵਰਿਨਜ਼ ਐਬਟਸਫੋਰਡ, ਅੰਡਰ-18 ਵਿੱਚ ਚੈਂਪੀਅਨ: ਬਰੈਂਪਟਨ ਵਾਰੀਅਰਜ਼, ਉਪ ਜੇਤੂ: ਫ੍ਰੇਜ਼ਨੋ ਹਾਕਸ, ਮੈਨਜ਼ ਸੋਸ਼ਲ ਚੈਂਪੀਅਨ: ਅਕਾਲ ਵਾਰੀਅਰਜ਼, ਉਪ ਜੇਤੂ: ਯੂਬਾ ਬ੍ਰਦਰਜ਼, ਵਿਮੈਨਜ਼ ਪ੍ਰੀਮੀਅਰ, ਚੈਂਪੀਅਨ: ਇੰਡੀਆ ਕਲੱਬ, ਉਪ ਜੇਤੂ: ਪੈਂਥਰਜ਼ ਐਫ.ਐਚ.ਸੀ.ਮੈਨਜ਼ ਪ੍ਰੀਮੀਅਰ, ਚੈਂਪੀਅਨ: ਯੂਬਾ ਬ੍ਰਦਰਜ਼, ਉਪ ਜੇਤੂ: ਅਕਾਲ ਵਾਰੀਅਰਜ਼ ਜੇਤੂ ਰਹੇ।

ਟੂਰਨਾਮੈਂਟ ਦੌਰਾਨ ਕੁੱਲ 35 ਹਜ਼ਾਰ ਡਾਲਰ ਤੋਂ ਵੱਧ ਦੀ ਇਨਾਮੀ ਰਾਸ਼ੀ ਵੰਡੀ ਗਈ। ਇਦਇਓਲ ਸ਼ਿਗਨਸ ਅਤੇ ਇਦਇਓਲ ਪਡਿਟਟਇਰਸ ਵੱਲੋਂ ਵਿਅਕਤੀਗਤ ਸਨਮਾਨਾਂ ਦੀ ਸਪਾਂਸਰਸ਼ਿਪ ਕੀਤੀ ਗਈ। ਇਸ ਮੌਕੇ ਲੂਈਸ ਬੈਕਰਟ (ੁਬਓ ਭਰੋਟਹਇਰਸ) ਨੂੰ ਐਮ.ਵੀ.ਪੀ., ਪ੍ਰਿਮਿਨ ਬਲਾਕ (ਅਕਓਓਲ ਂਓਰਰਿਰਸ) ਨੂੰ ਸਰਵੋਤਮ ਗੋਲਕੀਪਰ, ਦੇਵਿੰਦਰ ਵਾਲਮੀਕੀ (ੁਬਓ ਭਰੋਟਹਇਰਸ) ਨੂੰ ਸਰਵੋਤਮ ਡਿਫੈਂਡਰ, ਸੀਜ਼ਰ (ੁਬਓ













ਭਰੋਟਹਇਰਸ) ਨੂੰ ਸਰਵੋਤਮ ਮਿਡਫੀਲਡਰ, ਐਲੈਕ ਸ਼ਵੇਰਿਨ (ਅਕਓਓਲ ਂਓਰਰਿਰਸ) ਨੂੰ ਸਰਵੋਤਮ ਸਕੋਰਰ ਅਤੇ ਨੋਰਾ (ਇਨਦਿਓ ਛਲੁਬ) ਨੂੰ ਵਿਮੈਨਜ਼ ਪ੍ਰੀਮੀਅਰ ਡਿਵੀਜ਼ਨ ਦੀ ਐਮ.ਵੀ.ਪੀ. ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।

ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੁਸਾਇਟੀ ਨੇ ਟੂਰਨਾਮੈਂਟ ਦੇ ਟਾਈਟਲ ਸਪਾਂਸਰ ਭੰ ਘਰੋਪ ਸਮੇਤ ਸਾਰੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਇਹ ਵਿਸ਼ਾਲ ਆਯੋਜਨ ਸੰਭਵ ਹੋਇਆ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਫੀਲਡ ਹਾਕੀ ਦੇ ਵਿਕਾਸ ਨੂੰ ਨਵਾਂ ਉਤਸ਼ਾਹ ਮਿਲਿਆ।

ਟੂਰਨਾਮੈਂਟ ਦੌਰਾਨ ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ ਵੱਲੋਂ ਤਿੰਨੋਂ ਦਿਨ ਨਿਸ਼ਕਾਮ ਲੰਗਰ ਸੇਵਾ ਕੀਤੀ ਗਈ, ਜਿਸ ਦਾ ਖਿਡਾਰੀਆਂ, ਅਧਿਕਾਰੀਆਂ, ਵਲੰਟੀਅਰਾਂ ਅਤੇ ਦਰਸ਼ਕਾਂ ਨੇ ਭਰਪੂਰ ਲਾਭ ਲਿਆ। ਐਤਵਾਰ ਨੂੰ ਸਮਾਪਤੀ ਸਮਾਰੋਹ ਮੌਕੇ ਸ਼ਾਨ-ਏ-ਪੰਜਾਬ ਆਰਟਸ ਕਲੱਬ ਵੱਲੋਂ ਪੇਸ਼ ਕੀਤੀ ਗਈ ਰੰਗਾਰੰਗ ਭੰਗੜਾ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਖੂਬ ਮੋਹਿਆ ਅਤੇ ਟੂਰਨਾਮੈਂਟ ਵਿੱਚ ਪੰਜਾਬੀ ਸੱਭਿਆਚਾਰ ਦੀ ਵਿਲੱਖਣ ਛਾਪ ਛੱਡੀ।

ਸਮਾਗਮ ਦੌਰਾਨ ਅਮਰਜੀਤ ਸਿੰਘ ਢਿੱਲੋਂ (ਡੱਲਾਸ) ਨੇ ਮਾਸਟਰ ਆਫ਼ ਸੈਰੇਮਨੀਜ਼ ਵਜੋਂ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ, ਜਦਕਿ ਂਓਟਚਹੜ ਵੱਲੋਂ ਕੀਤੀ ਗਈ ਲਾਈਵ ਸਟ੍ਰੀਮਿੰਗ ਰਾਹੀਂ ਕੈਨੇਡਾ ਕੱਪ ਨੂੰ ਦੁਨੀਆ ਭਰ ਦੇ ਫੀਲਡ ਹਾਕੀ ਪ੍ਰੇਮੀਆਂ ਤੱਕ ਪਹੁੰਚਾਇਆ



ਗਿਆ।ਟੂਰਨਾਮੈਂਟ ਦੇ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਵਿੱਚ ਸਰੀ ਦੀ ਮੇਅਰ ਬ੍ਰੈਂਡਾ ਲਾਕ, ਕੈਨੇਡਾ ਸਰਕਾਰ ਦੇ ਸਟੇਟ ਮਿਨਿਸਟਰ ਰਣਦੀਪ ਸਿੰਘ ਸਰਾਏ, ਸੰਸਦ ਮੈਂਬਰ ਸੁਖ ਧਾਲੀਵਾਲ, ਬੀ.ਸੀ. ਦੇ ਵਿਧਾਇਕ ਬ੍ਰਾਇਨ ਟੈਪਰ, ਸਾਬਕਾ ਮੇਅਰ ਡੱਗ ਮੈਕਕਾਲਮ, ਸਿਟੀ ਕੌਂਸਲਰ ਮਨਦੀਪ ਧਾਲੀਵਾਲ, ਲਿੰਡਾ ਐਨਿਸ, ਡੱਗ ਐਲਫੋਰਡ ਅਤੇ ਪਰਦੀਪ ਕੂਨਰ ਸਮੇਤ ਕਈ ਪ੍ਰਮੁੱਖ ਸਿਆਸੀ, ਸਮਾਜਿਕ ਅਤੇ ਖੇਡ ਜਗਤ ਦੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਖਾਲਸਾ ਕਰੈਡਿਟ ਯੂਨੀਅਨ ਦੇ ਕੁਲਦੀਪ ਸਿੰਘ ਸਿੱਧੂ, ਟਾਈਟਲ ਸਪਾਂਸਰ ਬੀ.ਐਮ. ਗਰੁੱਪ ਦੇ ਮਿਲਨ ਮਾਨ, ਮਿੰਦੀ ਵਿਰਕ, ਹੈਰੀ ਕੂਨਰ, ਅਪਨਾ ਗਰੁੱਪ ਦੇ ਪਰਮਜੀਤ ਸੰਘੇੜਾ, ਡਾ. ਗੁਲਜ਼ਾਰ ਚੀਮਾ, ਡਾ. ਪਰਗਟ ਸਿੰਘ ਭੁਰਜੀ ਅਤੇ ਸਾਬਕਾ ਅੰਤਰਰਾਸ਼ਟਰੀ ਹਾਕੀ ਖਿਡਾਰੀ ਤੋਚੀ ਸੰਧੂ ਦੀ ਹਾਜ਼ਰੀ ਨੇ ਸਮਾਗਮ ਦੀ ਸ਼ਾਨ ਵਿੱਚ ਹੋਰ ਵਾਧਾ ਕੀਤਾ।ਆਪਣੇ ਸੰਬੋਧਨ ਦੌਰਾਨ ਮੇਅਰ ਬ੍ਰੈਂਡਾ ਲਾਕ ਨੇ ਸਰੀ ਫੀਲਡ ਹਾਕੀ ਸਟੇਡੀਅਮ ਦੇ ਵਿਕਾਸ ਲਈ ਸ਼ਹਿਰ ਦੀ ਵਚਨਬੱਧਤਾ ਦੁਹਰਾਉਂਦਿਆਂ ਐਲਾਨ ਕੀਤਾ ਕਿ ਸਟੇਡੀਅਮ ਵਿੱਚ ਪਾਰਕਿੰਗ ਦਾ ਵਿਸਥਾਰ, ਅੰਤਰਰਾਸ਼ਟਰੀ ਪੱਧਰ ਦੇ ਨਵੇਂ ਕਲੱਬ ਹਾਊਸ ਦਾ ਨਿਰਮਾਣ, ਨੰਬਰ-2 ਫੀਲਡ ਹਾਕੀ ਕੰਪਲੈਕਸ ਦਾ ਵਿਕਾਸ ਅਤੇ ਭਵਿੱਖ ਦੇ ਟੂਰਨਾਮੈਂਟਾਂ ਅਤੇ ਭਾਈਚਾਰਕ ਸਮਾਗਮਾਂ ਲਈ ਸਥਾਈ ਸਟੇਜ ਦੀ ਉਸਾਰੀ ਜਲਦ ਕਰਵਾਈ ਜਾਵੇਗੀ। ਇਸ ਟੂਰਨਾਮੈਂਟ ਦੀ ਸਫਲਤਾ ਦਾ ਸਿਹਰਾ ਕਲੱਬ ਦੇ ਪ੍ਰਧਾਨ ਜੱਸੀ ਮਾਂਗਟ, ਊਧਮ ਸਿੰਘ ਹੁੰਦਲ, ਤਰਨਜੀਤ ਸਿੰਘ ਹੇਅਰ ਨਵੀਂ ਦਿਉਲ, ਹਰਵਿੰਦਰ ਸਰਾ, ਚਮਕੌਰ ਗਿੱਲ, ਨਰਿੰਦਰ ਨਿੱਝਰ, ਗਗਨ ਥਿੰਦ, ਸੁੱਖ ਗਿੱਲ, ਮਲਕੀਤ ਪਾਹਲ, ਗੁਰਪ੍ਰੀਤ ਗੁਰੀ,ਸਤਵੰਤ ਅਟਵਾਲ ਤੇ ਸਮੁੱਚੀ ਟੀਮ ਨੂੰ ਜਾਂਦਾ ਹੈ ਜਿਨਾਂ ਨੇ ਇਸ ਕੈਨੇਡਾ ਕੱਪ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਇੱਕ ਕੀਤਾਙ

ਅੰਤ ਵਿੱਚ ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੁਸਾਇਟੀ ਨੇ ਸਾਰੀਆਂ ਭਾਗ ਲੈਣ ਵਾਲੀਆਂ ਟੀਮਾਂ, ਖਿਡਾਰੀਆਂ, ਕੋਚਾਂ, ਮੈਨੇਜਰਾਂ, ਅਧਿਕਾਰੀਆਂ, ਵਲੰਟੀਅਰਾਂ, ਸਪਾਂਸਰਾਂ ਅਤੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਅਤੇ ਖੇਡ ਭਾਵਨਾ ਨੇ ਕੈਨੇਡਾ ਕੱਪ 2026 ਨੂੰ ਇਸ ਦੇ ਇਤਿਹਾਸ ਦੇ ਸਭ ਤੋਂ ਸਫਲ ਟੂਰਨਾਮੈਂਟਾਂ ਵਿੱਚ ਸ਼ਾਮਲ ਕਰ ਦਿੱਤਾ ਹੈ। ਹੁਣ ਖੇਡ ਪ੍ਰੇਮੀਆਂ ਦੀਆਂ ਨਜ਼ਰਾਂ ਕੈਨੇਡਾ ਕੱਪ 2027 'ਤੇ ਟਿਕੀਆਂ ਹਨ, ਜਿੱਥੇ ਇਸ ਤੋਂ ਵੀ ਵੱਡੇ ਅਤੇ ਹੋਰ ਸ਼ਾਨਦਾਰ ਆਯੋਜਨ ਦੀ ਉਮੀਦ ਕੀਤੀ ਜਾ ਰਹੀ ਹੈ।







ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com